

ਬਾਮਸੇਫ਼ ਯੂਨਿਟੀ ਆਫ਼ ਮੂਲਨਿਵਾਸੀ
(ਰਿਪੋਰਟ ਦੇਖੋ ਸਫਾ 5 'ਤੇ)

12ਵਾਂ ਸਾਲ
ਹਫ਼ਤਾਵਾਰੀ
# ਦੇਸ਼ ਦੁਆਬਾ
VOL -12 ISSUE -7
May 24, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਸ਼ਹੀਦਾਂ ਦੇ ਸਿਰਤਾਜ, ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਅਦਾਰਾ ਦੇਸ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।



ਮਹਾਨ ਦੇਸ਼ ਭਗਤ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ। ਅਦਾਰਾ ਦੇਸ ਦੁਆਬਾ' ਵੱਲੋਂ ਕੋਟਿ-ਕੋਟਿ ਪ੍ਰਣਾਮ।
*(ਵਿਸ਼ੇਸ਼ ਲੇਖ ਦੇਖੋ ਸਫਾ 28 ਤੇ )*

# ਭਾਰਤ ਦੇ ਨਵਾਂ ਸੰਸਦ ਭਵਨ ਦਾ 28 ਨੂੰ ਹੋਵੇਗਾ ਉਦਘਾਟਨ

## ਦੇਸ਼ ਦੀਆਂ 19 ਵਿਰੋਧੀ ਪਾਰਟੀਆਂ ਨੇ ਉਦਘਾਟਨ ਸਮਾਗਮ ਦੇ ਬਾਈਕਾਟ ਦਾ ਐਲਾਨ ਕੀਤਾ

**ਨਵੀਂ ਦਿੱਲੀ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ 28 ਮਈ ਨੂੰ ਨਵੇਂ ਸੰਸਦ ਭਵਨ ਦਾ ਉਦਘਾਟਨ ਕਰਨਗੇ। ਲੋਕ ਸਭਾ ਸਕੱਤਰੇਤ ਦੇ ਅਨੁਸਾਰ, ਸਪੀਕਰ ਓਮ ਬਿਰਲਾ ਨੇ ਵੀਰਵਾਰ (18 ਮਈ) ਨੂੰ ਪੀਐੱਮ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਵੇਂ ਸੰਸਦ ਭਵਨ ਦੇ ਉਦਘਾਟਨ ਲਈ ਸੱਦਾ ਦਿੱਤਾ। ਓਮ ਬਿਰਲਾ ਨੇ ਟਵੀਟ ਕੀਤਾ ਅਤੇ ਲਿਖਿਆ ਕਿ 140 ਕਰੋੜ ਤੋਂ ਵੱਧ ਦੇਸ਼ਵਾਸੀਆਂ ਦੀਆਂ ਉਮੀਦਾਂ ਅਤੇ ਉਮੀਦਾਂ 'ਤੇ ਖਰਾ ਉਤਰਦੇ ਹੋਏ, ਸੰਸਦ ਦੀ ਨਵੀਂ ਬਣੀ ਇਮਾਰਤ ਵੀ ਸਾਲ 2047 ਤੱਕ ਵਿਕਸਤ ਭਾਰਤ ਦੇ ਸਾਡੇ ਸੰਕਲਪ ਨੂੰ ਸਾਕਾਰ ਕਰਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਬਣੇਗੀ। ਲੋਕ ਸਭਾ ਸਪੀਕਰ ਨੇ ਇਸ ਸਾਲ 28 ਮਈ ਨੂੰ ਪ੍ਰਧਾਨ ਮੰਤਰੀ ਮੋਦੀ ਦੁਆਰਾ ਸ਼ੁਰੂ ਕੀਤੇ ਜਾਣ ਵਾਲੇ ਨਵੇਂ ਸੰਸਦ ਭਵਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਭਾਰਤ ਦੀਆਂ ਸ਼ਾਨਦਾਰ ਲੋਕਤੰਤਰੀ ਪਰੰਪਰਾਵਾਂ ਨੂੰ ਹੋਰ ਅਮੀਰ ਕਰੇਗਾ। ਭਾਰਤ ਦੀਆਂ 19 ਵਿਰੋਧੀ ਪਾਰਟੀਆਂ ਨੇ ਸਾਂਝਾ ਬਿਆਨ ਜਾਰੀ ਕਰਕੇ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਰੋਹ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਜਦੋਂ ਲੋਕਤੰਤਰ ਦੀ ਆਤਮਾ ਨੂੰ ਸੰਸਦ ਵਿੱਚੋਂ ਵੱਖ ਕਰ ਦਿੱਤਾ ਗਿਆ ਹੈ ਤਾਂ ਇਸ ਨਵੀਂ ਇਮਾਰਤ ਦੀ ਕੋਈ ਮਹੱਤਤਾ ਨਹੀਂ ਰਹਿ ਜਾਂਦੀ।



ਨਵੇਂ ਸੰਸਦ ਭਵਨ ਦੀ ਇਮਾਰਤ ਦਾ ਉਦਘਾਟਨ ਪ੍ਰਧਾਨ ਮੰਤਰੀ ਦੀ ਥਾਂ ਦੇਸ਼ ਦੇ ਰਾਸ਼ਟਰਪਤੀ ਤੋਂ ਕਰਵਾਉਣ ਦੀ ਮੰਗ ਕਰਦਿਆਂ ਵਿਰੋਧੀ ਪਾਰਟੀਆਂ ਨੇ 28 ਮਾਰਚ ਦੇ ਉਦਘਾਟਨੀ ਸਮਾਗਮ ਦਾ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਹਮਖਿਆਲ ਪਾਰਟੀਆਂ ਵੱਲੋਂ ਇਸ ਸਬੰਧੀ ਸਾਂਝਾ ਬਿਆਨ ਜਲਦੀ ਜਾਰੀ ਕੀਤਾ ਜਾਵੇਗਾ। ਇਸੇ ਦੌਰਾਨ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਅਤੇ ਸੀਪੀਆਈ ਨੇ ਕਿਹਾ ਕਿ ਉਹ ਇਸ ਸਮਾਗਮ ਦਾ ਬਾਈਕਾਟ ਕਰਨਗੇ। ਸੂਤਰਾਂ ਨੇ ਦੱਸਿਆ ਕਿ ਸਾਰੀਆਂ ਪਾਰਟੀਆਂ ਨੂੰ ਰਸਮੀ ਸੱਦਾ ਦਿੱਤੇ ਜਾਣ ਤੋਂ ਬਾਅਦ ਇਸ ਸਬੰਧੀ ਆਖਰੀ ਫ਼ੈਸਲਾ ਭਲਕੇ 24 ਮਈ ਨੂੰ ਲਿਆ ਜਾਵੇਗਾ। ਟੀਐੱਮਸੀ ਆਗੂ ਡੈਰੇਕ ਓ'ਬ੍ਰਾਇਨ ਨੇ ਕਿਹਾ ਕਿ ਇਹ ਸਿਰਫ਼ ਇੱਕ ਨਵੀਂ ਇਮਾਰਤ ਨਹੀਂ ਹੈ। ਇਹ ਪੁਰਾਣੀਆਂ ਰਵਾਇਤਾਂ, ਕਦਰਾਂ-ਕੀਮਤਾਂ ਤੇ ਨਾਲ ਇੱਕ ਸਥਾਪਨਾ ਹੈ। ਸੀਪੀਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਮਾਗਮ 'ਚ ਸ਼ਾਮਲ ਨਹੀਂ ਹੋਵੇਗੀ। ਇਸੇ ਦੌਰਾਨ ਸ਼ਿਵ ਸੈਨਾ (ਯੂਬੀਟੀ) ਦੇ ਆਗੂ ਸੰਜੈ ਰਾਊਤ ਨੇ ਅੱਜ ਕਿਹਾ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਲਈ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਸੱਦਾ ਨਾ ਦੇਣਾ ਚਿੰਤਾ ਦਾ ਵਿਸ਼ਾ ਹੋਣ ਦੇ ਨਾਲ ਨਾਲ ਹਾਸੋਹੀਣਾ ਵੀ ਹੈ।

# ਅਗਲੇ 5 ਸਾਲ ਤੋੜਨਗੇ ਗਰਮੀ ਦਾ ਰਿਕਾਰਡ

**ਜਨੇਵਾ (ਬਿਊਰੋ)–** ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਨਵੀਂ ਰਿਪੋਰਟ 'ਚ ਇਹ ਪੇਸ਼ੀਨਗੋਈ ਕੀਤੀ ਗਈ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਇੱਕ ਲਾਜ਼ਮੀ ਤੌਰ 'ਤੇ ਸਭ ਤੋਂ ਵੱਧ ਗਰਮ ਹੋਵੇਗਾ ਅਤੇ ਪੂਰੀ ਸੰਭਾਵਨਾ ਹੈ ਕਿ ਇਸ ਇੱਕ ਸਾਲ ਦਾ ਤਾਪਮਾਨ ਸਨਅਤੀ ਯੁੱਗ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਵਧ ਕੇ ਗਲੋਬਲ ਵਾਰਮਿੰਗ ਦੀ ਹੱਦ ਨੂੰ ਪਾਰ ਕਰ ਜਾਵੇਗਾ। ਇਹ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇਕਰ ਮਨੁੱਖ



ਨੇ ਜ਼ਹਿਰੀਲੀਆਂ ਗੈਸਾਂ (ਗਰੀਨ ਹਾਊਸ ਗੈਸਾਂ) ਦੀ ਨਿਕਾਸੀ ਪੂਰੀ ਤਰ੍ਹਾਂ ਨਾ ਤਾਂ ਇਸ ਦਹਾਕੇ ਵਿੱਚ ਭਿਆਨਕ ਗਰਮੀ ਦੇ ਰਿਕਾਰਡ ਟੁੱਟਣਗੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਅਗਲੇ ਪੰਜ ਸਾਲਾਂ 'ਚ ਅੰਦਰ ਔਸਤ ਤਾਪਮਾਨ 1.5 ਡਿਗਰੀ ਤਕ ਵੱਧ ਜਾਵੇਗਾ। ਤਾਪਮਾਨ ਵਧੇ ਦੀ ਸੰਭਾਵਨਾ 2015 ਤੋਂ ਲਗਾਤਾਰ ਵਧੀ ਹੈ ਜਦੋਂ ਇਹ ਜ਼ੀਰੋ ਦੇ ਕਰੀਬ ਸੀ। 2017 ਅਤੇ 2021 ਵਿਚਾਲੇ ਇਹ ਸੰਭਾਵਨਾ 10 ਫੀਸਦੀ ਸੀ।

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D TM
MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ) ਵਿਖੇ ਮਈ-ਜੂਨ 2023 ਮਹੀਨੇ ਦੇ ਸਮਾਗਮ

* ਸ. ਚਰਨ ਸਿੰਘ ਜੀ ਵੱਲੋਂ ਆਪਣੇ ਪੋਤਰੇ ਸਵਰਗੀ ਸੁਨੀਲ ਸਿੰਘ ਦੀ ਮਿੱਠੀ ਯਾਦ ਦੇ ਸਬੰਧ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ) ਵਿਖੇ ਮਿਤੀ 4 ਜੂਨ 2023, ਦਿਨ ਐਤਵਾਰ, ਸਵੇਰੇ 10 ਵਜੇ ਆਰੰਭ ਹੋਣਗੇ। ਉਪਰੰਤ ਭਾਈ ਹਰਨੇਕ ਸਿੰਘ ਜੀ (ਟਰੇਸੀ ਵਾਲੇ) ਤੇ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪਰਿਵਾਰ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਦੇਵ ਰਾਮ ਜੀ ਨਾਰੇਬਟ ਸਮੂਹ ਪਰਿਵਾਰ ਵੱਲੋਂ, ਪਰਿਵਾਰ ਦੀ ਤੰਦਰੁਸਤੀ ਤੇ ਚੜ੍ਹਦੀ ਕਲਾ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 9 ਜੂਨ 2023 ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ ਆਰੰਭ ਹੋਣਗੇ ਅਤੇ 11 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਭੋਗ ਪਾਏ ਜਾਣਗੇ। ਉਪਰੰਤ ਗੁਰੂ ਘਰ ਦਾ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪਰਿਵਾਰ ਵੱਲੋਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

## June 23-24-25, 2023

## Pittsburg Gurughar's 38th Anniversary

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib’s blessings.

**www.sriguruhad ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਯੂਪੀਐੱਸਸੀ ਪ੍ਰੀਖਿਆ ’ਚ ਪਹਿਲੇ ਚਾਰ ਸਥਾਨ ਕੁੜੀਆਂ ਨੇ ਲਏ

**ਨਵੀਂ ਦਿੱਲੀ–** ਸਿਵਲ ਸੇਵਾਵਾਂ ਲਈ 2022 ਵਿਚ ਹੋਈ ਪ੍ਰੀਖਿਆ ’ਚ ਸਿਖ਼ਰਲੀਆਂ ਚਾਰ ਥਾਵਾਂ ਔਰਤਾਂ ਨੇ ਮੱਲੀਆਂ ਹਨ। ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਟ ਇਸ਼ਿਤਾ ਕਿਸ਼ੋਰ ਇਸ ਵਾਰ ਦੇ ਨਤੀਜਿਆਂ ਵਿਚ ਪਹਿਲੇ ਨੰਬਰ ਉਤੇ (ਟੌਪਰ) ਰਹੀ ਹੈ। ਕੇਂਦਰੀ ਲੋਕ ਸੇਵਾ ਕਮਿਸ਼ਨ (ਯੂਪੀਐੱਸਸੀ) ਵੱਲੋਂ ਅੱਜ ਐਲਾਨੇ ਗਏ ਨਤੀਜਿਆਂ ਵਿਚ ਗਰਿਮਾ ਲੋਹੀਆ, ਉਮਾ ਹਰਾਤੀ ਐੱਨ ਤੇ ਸਮ੍ਰਿਤੀ ਮਿਸ਼ਰਾ ਨੇ ਕ੍ਰਮਵਾਰ ਦੂਜਾ, ਤੀਜਾ ਤੇ ਚੌਥਾ ਸਥਾਨ ਹਾਸਲ ਕੀਤਾ ਹੈ। ਲੋਹੀਆ ਤੇ ਮਿਸ਼ਰਾ ਵੀ ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਟ ਹਨ ਜਦਕਿ ਉਮਾ ਆਈ ਆਈ ਟੀ–ਹੈਦਰਾਬਾਦ ਤੋਂ ਬੀ.ਟੈੱਕ ਡਿਗਰੀ ਹੋਲਡਰ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਪਾਰਟੀ ਆਗੂ ਰਾਹੁਲ ਗਾਂਧੀ ਨੇ ਪ੍ਰੀਖਿਆ ਵਿਚ ਸਫ਼ਲ ਉਮੀਦਵਾਰਾਂ ਨੂੰ ਵਧਾਈ ਦਿੱਤੀ ਹੈ। ਜ਼ਿਕਰਯੋਗ ਹੈ ਕਿ ਲਗਾਤਾਰ ਦੂਜੇ ਸਾਲ ਮਹਿਲਾ ਉਮੀਦਵਾਰਾਂ ਨੇ ਇਸ ਵੱਕਾਰੀ ਪ੍ਰੀਖਿਆ ਵਿਚ ਚੋਟੀ ਦੀਆਂ ਤਿੰਨ ਥਾਵਾਂ ’ਤੇ ਕਬਜ਼ਾ ਕੀਤਾ ਹੈ। ਸਿਵਲ ਸੇਵਾਵਾਂ ਪ੍ਰੀਖਿਆ–2021 ਵਿਚ ਸ਼ਰੁਤੀ ਸ਼ਰਮਾ, ਅੰਕਿਤਾ ਅਗਰਵਾਲ ਤੇ ਗਾਮਿਨੀ ਸਿੰਗਲਾ ਨੇ ਪਹਿਲੀ, ਦੂਜੀ ਤੇ ਤੀਜੀ ਥਾਂ ਮੱਲੀ ਸੀ। ਕਮਿਸ਼ਨ ਮੁਤਾਬਕ 933 ਉਮੀਦਵਾਰਾਂ ਨ ਪ੍ਰੀਖਿਆ ਵਿਚ ਸਫ਼ਲਤਾ ਹਾਸਲ ਕੀਤੀ ਹੈ ਜਿਨ੍ਹਾਂ ਵਿਚ 613 ਪੁਰਸ਼ ਤੇ 320 ਔਰਤਾਂ ਹਨ। ਸਿਖ਼ਰਲੇ 25 ਉਮੀਦਵਾਰਾਂ ਵਿਚ 14 ਮਹਿਲਾਵਾਂ ਤੇ 11 ਪੁਰਸ਼ ਹਨ। ਯੂਪੀਐੱਸਸੀ ਇਨ੍ਹਾਂ ਪ੍ਰੀਖਿਆਵਾਂ ਰਾਹੀਂ ਆਈਏਐੱਸ, ਆਈਐਫਐੱਸ ਤੇ ਆਈਪੀਐੱਸ ਦੀ ਚੋਣ ਕਰਦੀ ਹੈ। ਪਹਿਲਾ ਸਥਾਨ ਹਾਸਲ ਕਰਨ ਵਾਲੀ ਇਸ਼ਿਤਾ ਕਿਸ਼ੋਰ ਨੇ ਚੋਣਵੇਂ ਵਿਸ਼ਿਆਂ ਵਜੋਂ ਰਾਜਨੀਤੀ ਵਿਗਿਆਨ ਤੇ ਕੌਮਾਂਤਰੀ ਸਬੰਧ ਵਿਸ਼ੇ ਲਏ ਸਨ। ਉਹ ਦਿੱਲੀ ਯੂਨੀਵਰਸਿਟੀ ਦੇ ਉੱਘੇ ਸ੍ਰੀ ਰਾਮ ਕਾਲਜ ਆਫ ਕਾਮਰਸ ਤੋਂ ਅਰਥ ਸ਼ਾਸਤਰ (ਆਨਰਜ਼) ਵਿਚਗ੍ਰੈਜੂਏਟ ਹੈ। ਦੂਜਾ ਰੈਂਕ ਹਾਸਲ ਕਰਨ ਵਾਲੀ ਗਰਿਮਾ ਲੋਹੀਆ ਦਿੱਲੀ ਯੂਨੀਵਰਸਿਟੀ ਦੇ ਹੀ ਕਿਰੋੜੀਮਲ ਕਾਲਜ ਤੋਂ ਕਾਮਰਸ ਦੀ ਗ੍ਰੈਜੂਏਟ ਹੈ। ਉਸ ਨੇ ਚੋਣਵੇਂ ਵਿਸ਼ਿਆਂ ਵਜੋਂ ਕਾਮਰਸ ਤੇ ਅਕਾਊਂਟੈਂਸੀ ਲਏ ਸਨ। ਤੀਜੇ ਸਥਾਨ ਉਤੇ ਰਹਿਣ ਵਾਲੀ ਹਰਾਤੀ ਐੱਨ. ਨੇ ਆਈ ਆਈ ਟੀ –ਹੈਦਰਾਬਾਦ ਤੋਂ ਸਿਵਿਲ ਇੰਜਨੀਅਰਿੰਗ ਕੀਤੀ ਹੈ। ਉਸ ਨੇ ਐਂਥਰੋਪੌਲੋਜੀ ਚੋਣਵੇਂ ਵਿਸ਼ੇ ਵਜੋਂ ਲਿਆ ਸੀ।

ਸਮ੍ਰਿਤੀ ਮਿਸ਼ਰਾ ਨੇ ਦਿੱਲੀ ’ਵਰਸਿਟੀ ਦੇ ਹੀ ਮਿਰਾਂਡਾ ਹਾਊਸ ਕਾਲਜ ਤੋਂ ਬੀਐੱਸਸੀ ਕੀਤੀ ਹੈ, ਤੇ ਜ਼ੁਆਲੋਜੀ ਨੂੰ ਚੋਣਵੇਂ ਵਿਸ਼ੇ ਵਜੋਂ ਲੈ ਕੇ ਚੌਥਾ ਸਥਾਨ ਹਾਸਲ ਕੀਤਾ ਹੈ। ਸਿਖਰਲੀਆਂ 25 ਥਾਵਾਂ ਮੱਲਣ ਵਾਲੇ ਵਿਦਿਆਰਥੀ ਇੰਜਨੀਅਰਿੰਗ, ਹਿਊਮੈਨਿਟੀਜ਼, ਵਿਗਿਆਨ, ਕਾਮਰਸ ਤੇ ਮੈਡੀਕਲ ਸਾਇੰਸ ਦੇ ਗ੍ਰੈਜੂਏਟ ਹਨ। ਇਹ ਸਫ਼ਲ ਉਮੀਦਵਾਰ ਦੇਸ਼ ਦੀਆਂ ਵੱਕਾਰੀ ਸਿੱਖਿਆ ਸੰਸਥਾਵਾਂ ਆਈਆਈਟੀ, ਐੱਨਆਈਟੀ, ਦਿੱਲੀ ਯੂਨੀਵਰਸਿਟੀ, ਗੁਜਰਾਤ ਨੈਸ਼ਨਲ ਲਾਅ ਯੂਨੀਵਰਸਿਟੀ, ਜਾਦਵਪੁਰ ’ਵਰਸਿਟੀ ਤੇ ਹੋਰਾਂ ਸੰਸਥਾਵਾਂ ਤੋਂ ਪੜ੍ਹੇ ਹੋਏ ਹਨ। ਇਨ੍ਹਾਂ ਐਂਥਰੋਪੌਲੋਜੀ, ਕਾਮਰਸ–ਅਕਾਊਂਟੈਂਸੀ, ਅਰਥਸ਼ਾਸਤਰ, ਇਲੈਕਟ੍ਰਿਕ ਇੰਜਨੀਅਰਿੰਗ, ਲਾਅ, ਇਤਿਹਾਸ, ਗਣਿਤ, ਰਾਜਨੀਤੀ ਸ਼ਾਸਤਰ, ਦਰਸ਼ਨ ਸ਼ਾਸਤਰ, ਸਮਾਜ ਵਿਗਿਆਨ ਤੇ ਕੌਮਾਂਤਰੀ ਸਬੰਧਾਂ ਜਿਹੇ ਵਿਸ਼ਿਆਂ ਨਾਲ ਪ੍ਰੀਖਿਆ ਪਾਸ ਕੀਤੀ ਹੈ। ਸਫ਼ਲ ਹੋਣ ਵਾਲਿਆਂ ਵਿਚ 41 ਅੰਗਹੀਣ ਤੇ ਦੇਖਣ–ਸੁਣਨ ਤੋਂ ਅਸਮਰੱਥ ਉਮੀਦਵਾਰ ਵੀ ਸ਼ਾਮਲ ਹਨ। ਸਫ਼ਲ ਕੁੱਲ ਉਮੀਦਵਾਰਾਂ ਵਿਚੋਂ 345 ਜਨਰਲ ਵਰਗ ਨਾਲ ਸਬੰਧਤ ਹਨ, ਜਦਕਿ 99 ਆਰਥਿਕ ਤੌਰ ’ਤੇ ਪੱਛੜੇ ਵਰਗਾਂ, 263 ਹੋਰਨਾਂ ਪੱਛੜੇ ਵਰਗਾਂ (ਓਬੀਸੀ), 154 ਅਨੁਸੂਚਿਤ ਜਾਤੀ ਵਰਗ ਤੇ 72 ਅਨੁਸੂਚਿਤ ਜਨਜਾਤੀਆਂ ਵਿਚੋਂ ਹਨ। ਇਸ ਤੋਂ ਇਲਾਵਾ 178 ਉਮੀਦਵਾਰਾਂ ਨੂੰ ਰਾਖ਼ਵੀਂ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਕੇਂਦਰ ਸਰਕਾਰ ਨੇ ਯੂਪੀਐੱਸਸੀ ਨੂੰ 1022 ਅਸਾਮੀਆਂ ਭਰਨ ਬਾਰੇ ਕਿਹਾ ਸੀ। ਇਨ੍ਹਾਂ ਵਿਚ 180 ਅਸਾਮੀਆਂ ਆਈਏਐੱਸ ਅਧਿਕਾਰੀਆਂ ਦੀਆਂ, 38 ਆਈਐਫਐੱਸ ਅਧਿਕਾਰੀਆਂ ਦੀਆਂ, 200 ਆਈਪੀਐੱਸ ਅਧਿਕਾਰੀਆਂ ਦੀਆਂ ਹਨ। ਇਸ ਤੋਂ ਇਲਾਵਾ ਗਰੁੱਪ–ਏ ਕੇਂਦਰੀ ਸੇਵਾਵਾਂ ਦੀਆਂ 473 ਤੇ ਗਰੁੱਪ ਬੀ ਸੇਵਾਵਾਂ ਦੀਆਂ 131 ਅਸਾਮੀਆਂ ਵੀ ਸ਼ਾਮਲ ਹਨ। ਸਿਵਿਲ ਸੇਵਾਵਾਂ (2022) ਦੀ ‘ਪ੍ਰੀਲਿਮ’ ਪ੍ਰੀਖਿਆ ਪਿਛਲੇ ਸਾਲ 5 ਜੂਨ ਨੂੰ ਹੋਈ ਸੀ, ਤੇ ਕੁੱਲ 11,35,697 ਉਮੀਦਵਾਰਾਂ ਨੇ ਪ੍ਰੀਖਿਆ ਲਈ ਅਰਜ਼ੀ ਦਿੱਤੀ ਸੀ। ਇਨ੍ਹਾਂ ਵਿਚੋਂ 5,73,735 ਜਣਿਆਂ ਨੇ ਪ੍ਰੀਖਿਆ ਦਿੱਤੀ ਸੀ। 13,090 ਉਮੀਦਵਾਰਾਂ ਲਿਖਤੀ (ਮੇਨ) ਪ੍ਰੀਖਿਆ ਲਈ ਯੋਗ ਮੰਨੇ ਗਏ ਸਨ ਜੋ ਕਿ ਸਤੰਬਰ ਵਿਚ ਹੋਈ ਸੀ। ਇਸ ਤੋਂ ਬਾਅਦ ‘ਪਰਸਨੈਲਿਟੀ ਟੈਸਟ’ ਲਈ 2,529 ਉਮੀਦਵਾਰ ਯੋਗ ਪਾਏ ਗਏ ਸਨ।








SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਜੀ-7 'ਚ ਲੋਕਪ੍ਰਿਅਤਾ ਦੇ ਮਾਮਲੇ ਵਿਚ ਪੀਐਮ ਮੋਦੀ ਟਾਪ 'ਤੇ

**ਨਵੀਂ ਦਿੱਲੀ–** ਜਾਪਾਨ ਦੇ ਹੀਰੋਸ਼ੀਮਾ ਸ਼ਹਿਰ 'ਚ ਹੋਏ ਜੀ-7 ਸੰਮੇਲਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਕਿਸੇ ਵੀ ਹੋਰ ਨੇਤਾ ਤੋਂ ਜ਼ਿਆਦਾ ਹੈ।

ਇਕ ਸਰਵੇ ਮੁਤਾਬਕ ਸਿਰਫ ਚਾਰ ਦੇਸ਼ਾਂ ਦੇ ਚੋਟੀ ਦੇ ਨੇਤਾਵਾਂ ਦੀ ਅਪਰੂਵਲ ਰੇਟਿੰਗ 50 ਫੀਸਦੀ ਤੋਂ ਜ਼ਿਆਦਾ ਹੈ ਅਤੇ ਉਨ੍ਹਾਂ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਤੋਂ ਉੱਪਰ ਹਨ, ਜਿਨ੍ਹਾਂ ਦੀ ਰੇਟਿੰਗ 78 ਫੀਸਦੀ ਹੈ। ਬਾਕੀ ਤਿੰਨ ਨੇਤਾਵਾਂ ਵਿੱਚ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼, ਸਵਿਟਜ਼ਰਲੈਂਡ ਦੇ ਰਾਸ਼ਟਰਪਤੀ ਅਲੇਨ ਬਰਸੇਟ ਅਤੇ ਮੈਕਸੀਕੋ ਦੇ ਰਾਸ਼ਟਰਪਤੀ ਐਂਡਰੇਸ ਮੈਨੂਅਲ ਲੋਪੇਜ਼ ਓਬਰਾਡੋਰ ਸ਼ਾਮਲ ਹਨ।

ਦਰਅਸਲ ਅਮਰੀਕੀ ਫਰਮ ਮਾਰਨਿੰਗ ਕੰਸਲਟ ਨੇ ਹਾਲ ਹੀ 'ਚ ਇਕ ਸਰਵੇ ਕੀਤਾ ਸੀ, ਜਿਸ ਦੇ ਤਹਿਤ 22 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਸੀ। ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਵਾਰ ਜਾਪਾਨ ਦੇ ਹੀਰੋਸ਼ੀਮਾ 'ਚ ਹੋ ਰਹੇ ਜੀ-7 ਸਿਖਰ ਸੰਮੇਲਨ 'ਚ ਹਰਮਨ ਪਿਆਰੇ ਨੇਤਾਵਾਂ ਦੀ ਗਿਣਤੀ ਜ਼ਿਆਦਾ ਹੈ।

**ਦੇਸ਼ ਨੇਤਾ ਪ੍ਰਵਾਨਗੀ ਰੇਟਿੰਗ %**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 78



ਸਵਿਟਜ਼ਰਲੈਂਡ ਦੇ ਰਾਸ਼ਟਰਪਤੀ ਐਲੇਨ ਬਰਸੇਟ 62

ਮੈਕਸੀਕੋ ਦੇ ਰਾਸ਼ਟਰਪਤੀ ਐਂਡਰੇਸ ਮੈਨੂਅਲ ਓਬਰਾਡੋਰ 62

ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ 53

ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ 49

ਅਮਰੀਕੀ ਰਾਸ਼ਟਰਪਤੀ ਜੋ ਬਿਡੇਨ 42

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 39

ਜਰਮਨੀ ਦੇ ਚਾਂਸਲਰ ਓਲਾਫ ਸਕੋਲਜ਼ 34

ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ 33

ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ 31

ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ 25

ਕੰਪਨੀ ਨੇ ਇਹ ਦਾਅਵਾ 22 ਦੇਸ਼ਾਂ ਵਿੱਚ ਕਰਵਾਈਆਂ ਗਈਆਂ ਅਪਰੂਵਲ ਰੇਟਿੰਗਾਂ ਦੇ ਆਧਾਰ 'ਤੇ ਕੀਤਾ ਹੈ ਅਤੇ ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਅਮਰੀਕਾ, ਜਾਪਾਨ, ਫਰਾਂਸ, ਯੂਕੇ ਆਦਿ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਨੂੰ ਵੱਖ-ਵੱਖ ਕਾਰਨਾਂ ਕਰਕੇ ਆਪੋ-ਆਪਣੇ ਦੇਸ਼ਾਂ ਵਿਚ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਦੇਸ਼ਾਂ ਦੇ ਨੇਤਾ ਨਾ ਸਿਰਫ਼ ਸਰਵੇਖਣ ਵਿੱਚ ਲੋਕਪ੍ਰਿਯ ਨਹੀਂ ਹੋਏ, ਸਗੋਂ ਉਨ੍ਹਾਂ ਦੀ ਪ੍ਰਵਾਨਗੀ ਦਰਜਾਬੰਦੀ ਵੀ ਘੱਟ ਹੈ।

# ਭਾਰਤ ਤੇ ਆਸਟਰੇਲੀਆ ਦੇ ਸਬੰਧ ਬਹੁਤ ਮਜ਼ਬੂਤ- ਮੋਦੀ

**ਸਿਡਨੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਕ ਦੂਜੇ ਪ੍ਰਤੀ ਭਰੋਸਾ ਤੇ ਸਤਿਕਾਰ ਭਾਰਤ ਤੇ ਆਸਟਰੇਲੀਆ ਦੇ ਰਿਸ਼ਤਿਆਂ ਦੀ ਸਭ ਤੋਂ ਮਜ਼ਬੂਤ ਤੇ ਵੱਡੀਆਂ ਨੀਹਾਂ ਹਨ। ਉਨ੍ਹਾਂ ਕਿਹਾ ਕਿ ਇਸ ਪਿਛਲਾ ਅਸਲ ਕਾਰਨ ਇਥੇ ਵੱਸਦਾ ਭਾਰਤੀ ਪਰਵਾਸੀ ਭਾਈਚਾਰਾ ਹੈ। ਸ੍ਰੀ ਮੋਦੀ ਨੇ ਇਹ ਗੱਲ ਸਿਡਨੀ ਦੇ ਕੁਡੋਜ਼ ਬੈਂਕ ਐਰੀਨਾ ਵਿੱਚ ਰੱਖੇ ਕਮਿਊਨਿਟੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ। ਸਮਾਗਮ ਵਿੱਚ ਆਸਟਰੇਲੀਆ ਭਰ ਤੋਂ 21 ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋਏ। ਇਸ ਮੌਕੇ ਆਸਟਰੇਲੀਅਨ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਵੀ ਮੌਜੂਦ ਸਨ। ਐਲਬਨੀਜ਼ ਨੇ ਸ੍ਰੀ ਮੋਦੀ ਦਾ 'ਪਿਆਰੇ ਮਿੱਤਰ' ਕਹਿ ਕੇ ਸਵਾਗਤ ਕੀਤਾ। ਉਨ੍ਹਾਂ ਸ੍ਰੀ ਮੋਦੀ ਦੀ ਤੁਲਨਾ ਅਮਰੀਕੀ ਗਾਇਕ ਬਰੂਸ ਸਪਰਿੰਗਸਟੀਨ ਨਾਲ ਕਰਦਿਆਂ ਕਿਹਾ ਕਿ ਉਹ (ਮੋਦੀ) ਜਿੱਥੇ ਵੀ ਜਾਂਦੇ ਹਨ, ਉਨ੍ਹਾਂ ਦਾ 'ਰੌਕ ਸਟਾਰ ਵਾਂਗ ਸਵਾਗਤ' ਹੁੰਦਾ ਹੈ। ਸ੍ਰੀ ਮੋਦੀ ਤਿੰਨ ਦੇਸ਼ਾਂ ਦੀ ਫੇਰੀ ਦੇ ਆਖਰੀ ਤੇ ਤੀਜੇ ਪੜਾਅ ਤਹਿਤ ਸੋਮਵਾਰ ਰਾਤ ਸਿਡਨੀ ਪੁੱਜੇ ਸਨ।



ਸ੍ਰੀ ਮੋਦੀ ਨੇ ਕਿਹਾ ਕਿ ਇਕ ਸਮਾਂ ਸੀ ਜਦੋਂ ਭਾਰਤ ਤੇ ਆਸਟਰੇਲੀਆ ਦੇ ਰਿਸ਼ਤਿਆਂ ਨੂੰ ਪਰਿਭਾਸ਼ਤ ਕਰਨ ਲਈ ਤਿੰਨ 'ਸੀ'- ਕਾਮਨਵੈੱਲਥ, ਕ੍ਰਿਕਟ ਤੇ ਕਰੀ ਵਰਤੇ ਜਾਂਦੇ ਸਨ। ਉਨ੍ਹਾਂ ਕਿਹਾ, ''ਇਸ ਮਗਰੋਂ ਤਿੰਨ 'ਡੀ'....ਡੈਮੋਕਰੈਸੀ, ਡਾਇਸਪੋਰਾ ਤੇ ਦੋਸਤ! ਫਿਰ ਇਹ 3 'ਈ' ਬਣੇ....ਐਨਰਜੀ, ਇਕਾਨਮੀ ਤੇ ਐਜੂਕੇਸ਼ਨ। ਪਰ ਸੱਚ ਇਹ ਹੈ ਕਿ ਭਾਰਤ ਤੇ ਆਸਟਰੇਲੀਆ ਦੇ ਰਿਸ਼ਤੇ ਦੀ ਡੂੰਘਾਈ ਇਨ੍ਹਾਂ ਸੀ, ਡੀ ਤੇ ਈ....ਦੀਆਂ ਹੱਦਾਂ ਨੂੰ ਲੰਘ ਚੁੱਕੀ ਹੈ।'' ਪ੍ਰਧਾਨ ਮੰਤਰੀ ਨੇ ਕਿਹਾ, ''ਇਸ ਰਿਸ਼ਤੇ ਦੀਆਂ ਸਭ ਤੋਂ ਮਜ਼ਬੂਤ ਤੇ ਵੱਡੀਆਂ ਨੀਹਾਂ ਅਸਲ ਵਿੱਚ ਪਰਸਪਰ ਵਿਸ਼ਵਾਸ ਤੇ ਪਰਸਪਰ ਸਤਿਕਾਰ ਹੈ; ਅਤੇ ਇਸ ਪਿਛਲਾ ਅਸਲ ਕਾਰਨ ਭਾਰਤੀ ਡਾਇਸਪੋਰਾ (ਪਰਵਾਸੀ ਭਾਈਚਾਰਾ) ਹੈ।'' ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਤੇ ਆਸਟਰੇਲੀਆ ਦਰਮਿਆਨ ਭੂਗੋਲਿਕ ਫਾਸਲੇ ਹਨ, ਪਰ ਹਿੰਦ ਮਹਾਸਾਗਰ ਸਾਨੂੰ ਜੋੜਦਾ ਹੈ। ਦੋਵਾਂ ਮੁਲਕਾਂ ਦੀ ਜੀਵਨ ਸ਼ੈਲੀ ਕਿੰਨੀ ਵੀ ਵੱਖਰੀ ਹੋਵੇ, ਯੋਗ ਸਾਨੂੰ ਜੋੜਦਾ ਹੈ! ਕ੍ਰਿਕਟ ਨੇ ਸਾਨੂੰ ਉਮਰਾਂ ਤੋਂ ਜੋੜੀ ਰੱਖਿਆ ਹੈ...ਅਤੇ ਹੁਣ ਟੈਨਿਸ ਤੇ ਫਿਲਮਾਂ ਵੀ ਜੋੜਨ ਵਾਲੇ ਹੋਰ ਸੇਤੂ ਹਨ। ਕ੍ਰਿਕਟ ਦੇ ਮੈਦਾਨ 'ਤੇ ਜਿੰਨਾ ਦਿਲਚਸਪ ਮੁਕਾਬਲਾ ਹੁੰਦਾ ਹੈ, ਮੈਦਾਨ ਦੇ ਬਾਹਰ ਓਨੀ ਹੀ ਡੂੰਘੀ ਸਾਡੀ ਦੋਸਤੀ ਹੈ।'' ਪ੍ਰਧਾਨ ਮੰਤਰੀ ਨੇ ਕਿਹਾ ਕਿ ਆਸਟਰੇਲੀਅਨ ਸਪਿੰਨ ਗੇਂਦਬਾਜ਼ ਸ਼ੇਨ ਵਾਰਨ ਦੇ ਅਕਾਲ ਚਲਾਣੇ 'ਤੇ ਲੱਖਾਂ ਭਾਰਤੀ ਉਦਾਸ ਸਨ।

ਸ੍ਰੀ ਮੋਦੀ ਨੇ ਕਿਹਾ ਕਿ ਕੌਮਾਂਤਰੀ ਮੁਦਰਾ ਫੰਡ ਭਾਰਤ ਨੂੰ ਆਲਮੀ ਅਰਥਚਾਰੇ ਦਾ ਉਭਰਦਾ ਮੁਲਕ ਮੰਨਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਚੁਣੌਤੀਪੂਰਨ ਸਮਿਆਂ ਵਿੱਚ ਰਿਕਾਰਡ ਬਰਾਮਦ ਕੀਤੀ ਹੈ ਤੇ ਭਾਰਤ ਵਿੱਚ ਸਮਰੱਥਾ ਤੇ ਸਰੋਤਾਂ ਦੀ ਕੋਈ ਘਾਟ ਨਹੀਂ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਸਮਾਗਮ ਦੌਰਾਨ ਆਸਟਰੇਲੀਅਨ ਹਮਰੁਤਬਾ ਦਾ 'ਧੰਨਵਾਦ ਮੇਰੇ ਦੋਸਤ ਐਂਥਨੀ' ਕਹਿ ਕੇ ਸ਼ੁਕਰੀਆ ਅਦਾ ਕੀਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਾਪੂਆ ਨਿਊ ਗਿਨੀ ਤੇ ਫਿਜੀ ਦੇ ਸਰਵਉੱਚ ਨਾਗਰਿਕਾਂ ਸਨਮਾਨ ਨਾਲ ਨਿਵਾਜਿਆ ਗਿਆ ਹੈ। ਦੋ ਪ੍ਰਸ਼ਾਂਤ ਟਾਪੂ ਮੁਲਕਾਂ ਵੱਲੋਂ ਕਿਸੇ ਗੈਰ-ਨਾਗਰਿਕ ਨੂੰ ਦਿੱਤਾ ਇਹ ਨਿਵੇਕਲਾ ਸਨਮਾਨ ਹੈ। ਭਾਰਤੀ ਵਿਦੇਸ਼ ਮੰਤਰਾਲੇ ਇਕ ਬਿਆਨ ਵਿੱਚ ਕਿਹਾ ਕਿ ਸਰਕਾਰੀ ਹਾਊਸ ਵਿੱਚ ਵਿਸ਼ੇਸ਼ ਸਮਾਗਮ ਦੌਰਾਨ ਪਾਪੂਆ ਨਿਊ ਗਿਨੀ ਦੇ ਰਾਜਪਾਲ ਸਰ ਬੌਬ ਡਾਡੇਈ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਗਰੈਂਡ ਕੰਪੈਨੀਅਨ ਆਫ ਦਿ ਆਰਡਰ ਆਫ ਲੋਗੋਹੂ (ਜੀਸੀਐੱਲ) ਨਾਲ ਸਨਮਾਨਿਤ ਕੀਤਾ। ਬਿਆਨ ਵਿੱਚ ਕਿਹਾ ਗਿਆ ਕਿ ਇਹ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਹੈ ਤੇ ਇਹ ਐਵਾਰਡ ਹਾਸਲ ਕਰਨ ਵਾਲੇ ਦੇ ਨਾਂ ਅੱਗੇ 'ਚੀਫ਼' ਸਿਰਲੇਖ ਲਾਇਆ ਜਾਂਦਾ ਹੈ।

# ਬਦਲਣੇ ਆਰੰਭ ਹੋਏ 2000 ਦੇ ਨੋਟ

**ਨਵੀਂ ਦਿੱਲੀ–** 2000 ਰੁਪਏ ਦੇ ਨੋਟਾਂ ਨੂੰ ਛੋਟੇ ਮੁੱਲ ਦੇ ਨੋਟਾਂ ਨਾਲ ਬਦਲਣ ਦੇ 23 ਮਈ ਨੂੰ ਪਹਿਲੇ ਦਿਨ ਕੁਝ ਬੈਂਕ ਸ਼ਾਖਾਵਾਂ ਵਿੱਚ ਬਹੁਤੀ ਭੀੜ ਨਹੀਂ ਸੀ।




ਸਵੇਰੇ ਜਦੋਂ ਬੈਂਕਾਂ ਦੀਆਂ ਸ਼ਾਖਾਵਾਂ ਖੁੱਲ੍ਹੀਆਂ ਤਾਂ ਨੋਟ ਬਦਲਾਉਣ ਲਈ ਲੋਕਾਂ ਨੇ ਕੋਈ ਕਾਹਲੀ ਨਹੀਂ ਦਿਖਾਈ। ਇਸ ਦੌਰਾਨ ਆਰਬੀਆਈ ਨੇ ਬੈਂਕਾਂ ਨੂੰ ਸਲਾਹ ਦਿੱਤੀ ਹੈ ਕਿ ਜਦੋਂ ਲੋਕ 2000 ਰੁਪਏ ਦੇ ਨੋਟ ਬਦਲਾਉਣ ਜਾਂ ਜਮ੍ਹਾ ਕਰਵਾਉਣ ਆਉਂਦੇ ਹਨ ਤਾਂ ਉਨ੍ਹਾਂ ਨੂੰ ਧੁੱਪ ਤੋਂ ਬਚਾਉਣ ਲਈ ਸ਼ੈੱਡ ਤੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਇਸ ਦੇ ਨਾਲ ਬੈਂਕਾਂ ਨੂੰ ਰੋਜ਼ ਜਮ੍ਹਾਂ ਕਰਵਾਏ ਜਾਣ ਤੇ ਬਦਲੇ ਗਏ 2,000 ਦੇ ਨੋਟਾਂ ਦਾ ਵੇਰਵਾ ਰੱਖਣ ਲਈ ਕਿਹਾ ਹੈ।

# ਮਨੀਪੁਰ: ਹਿੰਸਾ ਮਗਰੋਂ ਹਾਲਾਤ ਤਣਾਅ ਭਰੇ, ਪਰ ਕਾਬੂ ਹੇਠ

**ਇੰਫਾਲ–** ਮਨੀਪੁਰ 'ਚ ਇੱਕ ਦਿਨ ਪਹਿਲਾਂ ਫਿਰ ਹਿੰਸਾ ਭੜਕਣ ਮਗਰੋਂ ਸਥਿਤੀ ਤਣਾਅ ਭਰੀ ਰਹੀ ਪਰ ਹਾਲਾਤ ਅਜੇ ਵੀ ਕਾਬੂ ਹੇਠ ਹਨ। ਸੂਬੇ 'ਚ ਤਿੰਨ ਮਈ ਤੋਂ ਬਾਅਦ ਜਾਤ ਆਧਾਰਿਤ ਹਿੰਸਾ ਚ ਘੱਟ ਤੋਂ ਘੱਟ 70 ਜਣਿਆਂ ਦੀ ਮੌਤ ਹੋਈ ਹੈ। ਇੰਫਾਲ ਪੂਰਬ ਜ਼ਿਲ੍ਹੇ ਦੇ ਨਿਊ ਚੈਕੋਨ ਇਲਾਕੇ 'ਚ ਕਾਰੋਬਾਰੀ ਸੰਸਥਾਵਾਂ ਅੱਜ ਸਵੇਰੇ ਬੰਦ ਰਹੀਆਂ ਤੇ ਸੁਰੱਖਿਆ ਕਰਮੀਆਂ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ ਕੀਤੀ। ਇਸ ਜ਼ਿਲ੍ਹੇ ਇੱਕ ਸਾਬਕਾ ਵਿਧਾਇਕ ਸਮੇਤ ਚਾਰ ਹਥਿਆਰਬੰਦ ਲੋਕਾਂ ਨੇ ਬੀਤੇ ਦਿਨ ਲੋਕਾਂ ਨੂੰ ਦੁਕਾਨਾਂ ਬੰਦ ਕਰਨ ਲਈ ਮਜਬੂਰ ਕੀਤਾ ਜਿਸ ਮਗਰੋਂ ਇੱਕ ਵਾਰ ਫਿਰ ਹਿੰਸਾ ਭੜਕ ਪਈ ਸੀ। ਪੁਲੀਸ ਨੇ ਦੱਸਿਆ ਇੰਫਾਲ ਪੂਰਬ ਜ਼ਿਲ੍ਹੇ 'ਚ ਪੁਖਾਓ ਤੇ ਲੇਈਤਾਨਪੋਕਪੀ ਸਮੇਤ ਕੁਝ ਥਾਵਾਂ 'ਤੇ ਸਥਾਨਕ ਲੋਕਾਂ ਨੇ ਆਰਜ਼ੀ ਬੰਕਰ ਬਣਾ ਰੱਖੇ ਸਨ। ਇੰਫਾਲ ਪੱਛਮ ਦੇ ਸਿਨਮ ਖੈਤੌਂਗ ਪਿੰਡ 'ਚ ਸੁਰੱਖਿਆ ਬਲਾਂ ਨੇ ਅਜਿਹੇ ਪੰਜ ਬੰਕਰ ਤੋੜ ਦਿੱਤੇ। ਇੱਥੋਂ ਦੇ ਜ਼ਿਲ੍ਹਿਆਂ 'ਚ ਲੋਕਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ। ਮਨੀਪੁਰ 'ਚ ਬੀਤੇ ਦਿਨ ਹੋਈ ਹਿੰਸਾ ਮਗਰੋਂ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਅੱਜ ਟਵੀਟ ਕਰਦਿਆਂ ਕਿਹਾ, 'ਮਨੀਪੁਰ ਫਿਰ ਸੜ ਰਿਹਾ ਹੈ। ਪਹਿਲਾਂ ਦੀਆਂ ਝੜਪਾਂ 'ਚ 70 ਲੋਕ ਮਾਰੇ ਗਏ ਅਤੇ 200 ਜ਼ਖ਼ਮੀ ਹੋਏ ਸਨ। ਕਰੋਨਾ ਵਾਇਰਸ ਸਿਰਫ਼ ਮਨੁੱਖ ਦੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਪਰ ਫਿਰਕਾਪ੍ਰਸਤੀ ਦਾ ਵਾਇਰਸ ਸਿਆਸਤ ਨੂੰ ਪ੍ਰਭਾਵਿਤ ਕਰਦਾ ਹੈ।' ਉਨ੍ਹਾਂ ਕਿਹਾ, 'ਜੇਕਰ ਫਿਰਕਾਪ੍ਰਸਤੀ ਦਾ ਵਾਇਰਸ ਫੈਲਦਾ ਹੈ ਤਾਂ ਇਸ ਦੇ ਨਤੀਜਿਆਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਦੇ ਸਿਆਸੀ ਲਾਭ ਆਰਜ਼ੀ ਹੁੰਦੇ ਹਨ ਪਰ ਦਾਗ ਹਮੇਸ਼ ਬਣੇ ਰਹਿੰਦੇ ਹਨ।'



# ਆਪਣੀ ਨਵ ਜੰਮੀ ਬੱਚੀ ਨੂੰ ਮਾਰਨ ਦੀ ਕੋਸ਼ਿਸ਼ ਦੇ ਦੋਸ਼ ਵਿਚ ਭਾਰਤੀ ਮੂਲ ਦੀ ਔਰਤ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਜਾਰਜੀਆ ਰਾਜ ਵਿਚ ਪੁਲਿਸ ਵੱਲੋਂ ਤਕਰੀਬਨ 4 ਸਾਲ ਪਹਿਲਾਂ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਜੰਗਲੀ ਖੇਤਰ ਵਿਚੋਂ ਬਰਾਮਦ ਕੀਤੀ ਨਵ ਜੰਮੀ ਬੱਚੀ ਦਾ ਮਾਮਲਾ ਹੱਲ ਕਰਨ ਦਾ ਦਾਅਵਾ ਕਰਨ ਦੀ ਖਬਰ ਹੈ। ਪੁਲਿਸ ਨੇ ਬੱਚੀ ਦੀ ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਸਬੰਧੀ ਕੀਤੀ ਪ੍ਰੈਸ ਕਾਨਫਰੰਸ ਵਿਚ ਪ੍ਰਤਖ ਤੌਰ 'ਤੇ ਜਜ਼ਬਾਤੀ ਨਜਰ ਆ ਰਹੇ ਫੋਰਸਿਥ ਕਾਊਂਟੀ ਦੇ ਸ਼ੈਰਿਫ ਰੋਨ ਫਰੀਮੈਨ ਨੇ ਕਿਹਾ ਕਿ ਭਾਰਤੀ ਮੂਲ ਦੀ 40 ਸਾਲਾ ਮਾਂ ਕਰੀਮਾ ਜਿਵਾਨੀ ਨੂੰ ਕਤਲ ਦੀ ਕੋਸ਼ਿਸ਼ , ਬੱਚਿਆਂ ਪ੍ਰਤੀ ਨਿਰਦਈਪੁਣਾ ਵਰਤਣ ਤੇ ਹੋਰ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਰੀਮੈਨ ਨੇ ਕਿਹਾ ਕਿ ਡੀ ਐਨ ਏ ਰਾਹੀਂ ਕਰੀਮਾ ਜਿਵਾਨੀ ਦੀ ਬੱਚੀ ਦੀ ਜੈਵਿਕ ਮਾਂ ਵਜੋਂ ਪਛਾਣ ਕੀਤੀ ਗਈ ਹੈ। ਉਨਾਂ ਕਿਹਾ ਕਿ 10 ਮਹੀਨੇ ਪਹਿਲਾਂ ਬੱਚੀ ਦੇ ਪਿਤਾ ਦੀ ਡੀ ਐਨ ਏ ਰਾਹੀਂ ਪਛਾਣ ਕੀਤੀ ਗਈ ਸੀ। ਉਸ ਤੋਂ ਬਾਅਦ ਜਿਵਾਨੀ ਤੋਂ ਪੁੱਛਗਿੱਛ ਕੀਤੀ ਗਈ ਸੀ। ਬੱਚੀ ਦੇ ਪਿਤਾ ਜਿਸ ਦੇ ਨਾਂ ਦਾ ਖੁਲਾਸਾ ਪੁਲਿਸ ਨੇ ਨਹੀਂ ਕੀਤਾ, ਵਿਰੁੱਧ ਵੱਖਰਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੇ ਮਿਲੇ ਵੇਰਵੇ ਅਨੁਸਾਰ 6 ਜੂਨ, 2019 ਨੂੰ ਕਮਿੰਗ ਸ਼ਹਿਰ ਤੋਂ ਇਕ ਵਿਅਕਤੀ ਨੇ ਪੁਲਿਸ ਨੂੰ ਫੋਨ ਕਰਕੇ ਦੱਸਿਆ ਸੀ ਕਿ ਉਸ ਨੇ ਤੇ ਉਸ ਦੇ ਬੱਚਿਆਂ ਨੇ ਸਥਾਨਕ ਡੇਵਸ ਕਰੀਕ ਰੋਡ ਦੇ 1900 ਬਲਾਕ ਨੇੜੇ ਜੰਗਲ ਵਿਚੋਂ ਕਿਸੇ ਬੱਚੇ ਦੇ ਚਿਲਾਉਣ ਦੀ ਆਵਾਜ਼ ਸੁਣੀ ਹੈ। ਡਿਪਟੀ ਟੈਰੀ ਰੋਪਰ ਨੇ ਮੌਕੇ 'ਤੇ ਪੁੱਜ ਕੇ ਝਾੜੀਆਂ ਵਿਚੋਂ ਇਕ ਪਲਾਸਟਿਕ ਦੇ ਲਿਫ਼ਾਫੇ ਵਿਚ ਬੰਦ ਨਵ ਜੰਮੀ ਬੱਚੀ ਨੂੰ ਬਰਾਮਦ ਕਰਕੇ ਤੁਰੰਤ ਇਕ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਜਿਥੇ ਹਸਪਤਾਲ ਦੇ ਸਟਾਫ਼ ਨੇ ਇਸ ਬੱਚੀ ਦਾ ਨਾਂ 'ਬੇਬੀ ਇੰਡੀਆ' ਰਖਿਆ । ਫਰੀਮੈਨ ਨੇ ਕਿਹਾ ਕਿ 'ਬੇਬੀ ਇੰਡੀਆ' ਦੇ ਨਾਂ ਨਾਲ ਜਾਣੀ ਜਾਂਦੀ ਇਹ ਬੱਚੀ ਹੁਣ 4 ਸਾਲ ਦੀ ਹੈ ਤੇ ਬਿਲਕੁੱਲ ਤੰਦਰੁਸਰਤ ਹੈ।



# ਜ਼ਿਲ੍ਹਾ ਕਪੂਰਥਲਾ ਵਿੱਚ ਬਾਮਸੇਫ਼ ਯੂਨਿਟੀ ਆਫ਼ ਮੂਲਨਿਵਾਸੀ ਵਲੋਂ ਬਹੁਜਨ ਇਤਿਹਾਸਕਾਰ, ਚਿੰਤਕ, ਵਿਸ਼ਲੇਸ਼ਕ ਆਦਿ ਸਾਹਿਤਕਾਰਾਂ ਦਾ ਸੈਮੀਨਾਰ













**ਕਪੂਰਥਲਾ–** ਜ਼ਿਲ੍ਹਾ ਕਪੂਰਥਲਾ ਵਿੱਚ ਬਾਮਸੇਫ਼ ਯੂਨਿਟੀ ਆਫ਼ ਮੂਲਨਿਵਾਸੀ ਵਲੋਂ ਬਹੁਜਨ ਇਤਿਹਾਸਕਾਰ, ਚਿੰਤਕ, ਵਿਸ਼ਲੇਸ਼ਕ ਆਦਿ ਸਾਹਿਤਕਾਰਾਂ ਦਾ ਸੈਮੀਨਾਰ ਮਾਣਯੋਗ ਕੁਸ਼ਲ ਕੁਮਾਰ ਜੀ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਸਾਹਿਤਕਾਰਾਂ ਵਿੱਚ ਪ੍ਰੋ. ਡਾ. ਰੌਣਕੀ ਰਾਮ (ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫ਼ੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਪ੍ਰੋ. ਡਾ. ਰਾਜ ਕੁਮਾਰ ਹੰਸ (ਰਿਟਾ. ਪ੍ਰੋਫ਼ੈਸਰ ਮਹਾਰਾਜਾ ਸਿਆਜੀ ਰਾਓ ਯੂਨੀਵਰਸਿਟੀ ਆਫ ਬੜੌਦਾ) ਸ. ਨਿਰੰਜਣ ਸਿੰਘ ਆਰਿਫੀ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਗੁਰਮੀਤ ਸਿੰਘ ਕੜਿਆਲਵੀ (ਬਹੁਜਨ ਚਿੰਤਕ ਅਤੇ ਵਿਚਾਰਕ) ਭਗਵੰਤ ਰਸੂਲਪੁਰੀ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ੍ਹ (ਮੁੱਖ ਸੰਪਾਦਕ ਬੇ-ਗਮ ਸ਼ਹਿਰ, ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਬੰਤ ਸਿੰਘ ਤਾਲਿਬ (ਬਹੁਜਨ ਚਿੰਤਕ, ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਚਮਨ ਲਾਲ਼ ਚਣਕੋਆ(ਅਨੁਵਾਦਕ,ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਅਮਨ ਜਖਲਾਂ (ਕਿਰਤੀ ਕਵੀ) ਗਿਆਨ ਸ਼ੀਲ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਆਦਿ ਨੇ ਸੰਬੋਧਨ ਕੀਤਾ। ਵਿਸ਼ੇਸ਼ ਤੌਰ ਤੇ ਡਾਕਟਰ ਸਤਪਾਲ ਚੇਅਰਮੈਨ ਇੰਡੀਅਨ ਮੈਡੀਕਲ ਪ੍ਰੋਫੈਸ਼ਨਲ ਐਸੋਸੀਏਸ਼ਨ ਪਹੁੰਚੇ।

ਸਾਰੇ ਹੀ ਆਏ ਹੋਏ ਸਾਹਿਤਕਾਰਾਂ ਵੱਲੋ ਕੁੱਝ ਵਿਸ਼ਿਆਂ ਤੇ ਇੱਕ ਮੱਤ ਬਣਾਇਆ ਗਿਆ।

ਜਿਸ ਵਿੱਚ ਮੂਲਨਿਵਾਸੀ ਬਹੁਜਨ ਸਮਾਜ ਦੇ ਮਹਾਂਪੁਰਖਾਂ ਦੇ ਫ਼ਲਸਫ਼ੇ ਨੂੰ ਸਮਾਜ ਵਿੱਚ ਪ੍ਰਸਥਾਪਿਤ ਕਰਨ ਲਈ ਇੱਕਠੀਆਂ ਹੋ ਕੇ ਕੰਮ ਕਰਨ ਦਾ ਤਹਈਆ ਕੀਤਾ ਗਿਆ।

ਮੰਚ ਸੰਚਾਲਨ ਦੀ ਭੂਮਿਕਾ ਲੈਕਚਰਾਰ ਗੁਰਮੀਤ ਸਿੰਘ ਵੱਲੋ ਬਾਖੂਬੀ ਨਿਭਾਈ ਗਈ।

ਖ਼ਾਸ ਗੱਲ ਇਹ ਰਹੀ ਕਿ ਅਮਨ ਜੱਖਲਾਂ ਦੀ ਕਿਤਾਬ "ਇਨਸਾਨੀਅਤ", ਗਿਆਨ ਸ਼ੀਲ ਦੀ ਕਿਤਾਬ "ਉਦੇਸ਼ ਪ੍ਰਾਪਤੀ ਦਾ ਜ਼ਰੀਆ ਤੇ ਨਜ਼ਰੀਆ" ਅਤੇ ਧਰਮ ਪਾਲ ਪੈਂਥਰ ਜੀ ਦੀ ਕਿਤਾਬ "ਵਿਵਸਥਾ ਪਰਿਵਰਤਨ" ਨੂੰ ਵੀ ਰੂ-ਬ-ਰੂ ਕਰਵਾਇਆ ਗਿਆ।

ਇਸ ਮੌਕੇ ਤੇ ਰਮੇਸ਼ ਕੁਮਾਰ ਰਿਟਾਇਰਡ ਤਹਿਸੀਲਦਾਰ,ਰਾਜਿੰਦਰ ਰਾਣਾ, ਧਰਮ ਪਾਲ ਪੈਂਥਰ, ਇੰਜੀਨੀਅਰ ਲਵਦੀਪ ਸਿੰਘ, ਜਸਮਿੰਦਰ ਪਾਲ, ਸ਼ਾਮ ਸੁੰਦਰ ਭੱਟੀ, ਡਾਕਟਰ ਰਾਮ ਲੁਭਾਇਆ, ਰਾਜ ਕੁਮਾਰ ਟੋਨੀ ਫ਼ਰੀਦਕੋਟ, ਰਾਮ ਸਿੰਘ ਬਟਾਲਾ, ਰਵਿੰਦਰ ਭੱਟੀ ਜੰਡਿਆਲਾ

ਗੁਰੂ, ਬੰਟੀ ਚੀਦਾਜ਼ਿਲ੍ਹਾ ਕਪੂਰਥਲਾ ਵਿੱਚ ਬਾਮਸੇਫ਼ ਯੂਨਿਟੀ ਆਫ਼ ਮੂਲਨਿਵਾਸੀ ਵਲੋਂ ਬਹੁਜਨ ਇਤਿਹਾਸਕਾਰ, ਚਿੰਤਕ, ਵਿਸ਼ਲੇਸ਼ਕ ਆਦਿ ਸਾਹਿਤਕਾਰਾਂ ਦਾ ਸੈਮੀਨਾਰ ਮਾਣਯੋਗ ਕੁਸ਼ਲ ਕੁਮਾਰ ਜੀ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਸਾਹਿਤਕਾਰਾਂ ਵਿੱਚ ਪ੍ਰੋ. ਡਾ. ਰੌਣਕੀ ਰਾਮ (ਸ਼ਹੀਦ ਭਗਤ ਸਿੰਘ ਚੇਅਰ ਪ੍ਰੋਫ਼ੈਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਪ੍ਰੋ. ਡਾ. ਰਾਜ ਕੁਮਾਰ ਹੰਸ (ਰਿਟਾ. ਪ੍ਰੋਫ਼ੈਸਰ ਮਹਾਰਾਜਾ ਸਿਆਜੀ ਰਾਓ ਯੂਨੀਵਰਸਿਟੀ ਆਫ ਬੜੌਦਾ) ਸ. ਨਿਰੰਜਣ ਸਿੰਘ ਆਰਿਫੀ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਗੁਰਮੀਤ ਸਿੰਘ ਕੜਿਆਲਵੀ (ਬਹੁਜਨ ਚਿੰਤਕ ਅਤੇ ਵਿਚਾਰਕ) ਭਗਵੰਤ ਰਸੂਲਪੁਰੀ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ੍ਹ (ਮੁੱਖ ਸੰਪਾਦਕ ਬੇ-ਗਮ ਸ਼ਹਿਰ, ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਬੰਤ ਸਿੰਘ ਤਾਲਿਬ (ਬਹੁਜਨ ਚਿੰਤਕ, ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਚਮਨ ਲਾਲ਼ ਚਣਕੋਆ (ਅਨੁਵਾਦਕ, ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਅਮਨ ਜਖਲਾਂ (ਕਿਰਤੀ ਕਵੀ) ਗਿਆਨ ਸ਼ੀਲ (ਬਹੁਜਨ ਇਤਿਹਾਸਕਾਰ ਅਤੇ ਵਿਸ਼ਲੇਸ਼ਕ) ਆਦਿ ਨੇ ਸੰਬੋਧਨ ਕੀਤਾ। ਵਿਸ਼ੇਸ਼ ਤੌਰ ਤੇ ਡਾਕਟਰ ਸਤਪਾਲ ਚੇਅਰਮੈਨ ਇੰਡੀਅਨ ਮੈਡੀਕਲ ਪ੍ਰੋਫੈਸ਼ਨਲ ਐਸੋਸੀਏਸ਼ਨ ਪਹੁੰਚੇ।

ਸਾਰੇ ਹੀ ਆਏ ਹੋਏ ਸਾਹਿਤਕਾਰਾਂ ਵੱਲੋ ਕੁੱਝ ਵਿਸ਼ਿਆਂ ਤੇ ਇੱਕ ਮੱਤ ਬਣਾਇਆ ਗਿਆ।

ਜਿਸ ਵਿੱਚ ਮੂਲਨਿਵਾਸੀ ਬਹੁਜਨ ਸਮਾਜ ਦੇ ਮਹਾਂਪੁਰਖਾਂ ਦੇ ਫ਼ਲਸਫ਼ੇ ਨੂੰ ਸਮਾਜ ਵਿੱਚ ਪ੍ਰਸਥਾਪਿਤ ਕਰਨ ਲਈ ਇੱਕਠੀਆਂ ਹੋ ਕੇ ਕੰਮ ਕਰਨ ਦਾ ਤਹਈਆ ਕੀਤਾ ਗਿਆ।

ਮੰਚ ਸੰਚਾਲਨ ਦੀ ਭੂਮਿਕਾ ਲੈਕਚਰਾਰ ਗੁਰਮੀਤ ਸਿੰਘ ਵੱਲੋ ਬਾਖੂਬੀ ਨਿਭਾਈ ਗਈ। ਖ਼ਾਸ ਗੱਲ ਇਹ ਰਹੀ ਕਿ ਅਮਨ ਜੱਖਲਾਂ ਦੀ ਕਿਤਾਬ "ਇਨਸਾਨੀਅਤ", ਗਿਆਨ ਸ਼ੀਲ ਦੀ ਕਿਤਾਬ "ਉਦੇਸ਼ ਪ੍ਰਾਪਤੀ ਦਾ ਜ਼ਰੀਆ ਤੇ ਨਜ਼ਰੀਆ" ਅਤੇ ਧਰਮ ਪਾਲ ਪੈਂਥਰ ਜੀ ਦੀ ਕਿਤਾਬ "ਵਿਵਸਥਾ ਪਰਿਵਰਤਨ" ਨੂੰ ਵੀ ਰੂ-ਬ-ਰੂ ਕਰਵਾਇਆ ਗਿਆ।

ਇਸ ਮੌਕੇ ਤੇ ਰਮੇਸ਼ ਕੁਮਾਰ ਰਿਟਾਇਰਡ ਤਹਿਸੀਲਦਾਰ,ਰਾਜਿੰਦਰ ਰਾਣਾ, ਧਰਮ ਪਾਲ ਪੈਂਥਰ, ਇੰਜੀਨੀਅਰ ਲਵਦੀਪ ਸਿੰਘ, ਜਸਮਿੰਦਰ ਪਾਲ, ਸ਼ਾਮ ਸੁੰਦਰ ਭੱਟੀ, ਡਾਕਟਰ ਰਾਮ ਲੁਭਾਇਆ, ਰਾਜ ਕੁਮਾਰ ਟੋਨੀ ਫ਼ਰੀਦਕੋਟ, ਰਾਮ ਸਿੰਘ ਬਟਾਲਾ, ਰਵਿੰਦਰ ਭੱਟੀ ਜੰਡਿਆਲਾ ਗੁਰੂ, ਬੰਟੀ ਚੀਦਾ ਆਦਿ ਹਾਜਰ ਸਨ।

# ਮੋਜੋਵਾਲ, ਛੋਟੇਵਾਲ, ਪਲਾਸੀ ਵਿੱਚ ਜਨਤਕ ਬੈਠਕਾਂ ਕਰਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨਾਲ ਕੀਤੀ ਚਰਚਾ

ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਇਲਾਕੇ ਦੇ ਪਿੰਡਾਂ ਮੋਜੋਵਾਲ, ਛੋਟੇਵਾਲ, ਪਲਾਸੀ ਵਿੱਚ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਹਾਜਰ ਲਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਿੱਚ ਸੂਬੇ ਦੇ ਲੋਕਾਂ ਨਾਲ ਕੀਤੀਆ ਗ੍ਰੰਟੀਆਂ ਤੇ ਵਾਅਦੇ ਪੂਰੀਆਂ ਕਰਨ ਲਈ ਬਚਨਬੱਧ ਹੈ ਅਤੇ ਜਨਤਕ ਮੁਸ਼ਕਿਲਾਂ ਦਾ ਹੱਲ ਪਹਿਲਾ ਦੇ ਅਧਾਰ ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ 25 ਹਜ਼ਾਰ ਘਰਾਂ ਵਿੱਚ ਰਹਿ ਰਹੇ ਲਗਭਗ 1.25 ਲੱਖ ਲੋਕਾਂ ਦਾ ਬਿਜਲੀ ਦਾ ਬਿੱਲ ਜੀਰੋ ਆਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਸੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਜਨਤਕ ਅਤੇ ਮੁਸ਼ਕਿਲਾਂ ਦਾ ਹੱਲ ਕਰਨਾ ਸਾਡੀ ਪਹਿਲ ਹੈ ਤੇ ਲੋਕਾਂ ਨੂੰ ਸਾਫ ਸੁਥਰਾ ਪ੍ਰਸਾਸ਼ਨ ਦੇਣਾ ਸਾਡੀ ਜਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਹੈ। ਉਨ੍ਹਾਂ ਨੇ ਕਿਹਾ ਕਿ ਦੋ ਸਕੂਲ ਆਫ



ਐਮੀਨੈਂਸ ਤੇ 9 ਆਮ ਆਦਮੀ ਕਲੀਨਿਕ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਹਨ। ਉਨ੍ਹਾਂ ਕਿਹਾ ਕਿ ਜਿਲ੍ਹਾਂ ਪ੍ਰਸਾਸ਼ਨ ਵੱਲੋਂ ਜਨ ਸੁਣਾਵੀ ਕੈਂਪ ਲਗਾਏ ਜਾ ਰਹੇ ਹਨ ਜਿੱਥੇ ਸਮੁੱਚਾ ਜਿਲ੍ਹਾ ਪ੍ਰਸਾਸ਼ਨ ਸਾਝੀ ਥਾਂ ਤੇ ਬੈਠ ਕੇ ਮੁਸ਼ਕਿਲਾ ਹੱਲ ਕਰਦਾ ਹੈ ਤੇ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਨੀਂਹ ਪੱਥਰਾਂ ਤੇ ਉਦਘਾਟਨਾ ਦੀ ਰਾਜਨੀਤੀ ਬੰਦ ਕੀਤੀ ਹੈ ਤੇ ਵਿਕਾਸ ਦੇ ਕੰਮਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਵਿੱਚ ਸੁਧਾਰ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੰਡਰ ਬਣੇ ਸਕੂਲਾਂ ਦੀਆਂ ਇਮਾਰਤਾਂ ਦੀ ਨੁਹਾਰ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦਾ ਵਾਧਾ ਦਰਜ ਹੋਇਆ ਹੈ ਜੋ ਪੰਜਾਬ ਦੇ ਸਿੱਖਿਆ ਢਾਂਚੇ ਵਿੱਚ ਹੋ ਰਹੇ ਬਦਲਾਓ ਦੀ ਮੂੰਹ ਬੋਲਦੀ ਤਸਵੀਰ ਹੈ। ਉਨ੍ਹਾਂ ਕਿਹਾ ਕਿ ਭੇਦਭਾਵ ਦੀ ਰਾਜਨੀਤੀ ਖਤਮ ਕੀਤੀ ਗਈ ਹੈ। ਇਸ ਮੌਕੇ ਆਪ ਆਗੂ ਡਾਕਟਰ ਸੰਜੀਵ ਗੌਤਮ, ਮੀਡੀਆ ਕੋਆਰਡੀਨੇਟਰ ਦੀਪਕ ਸੋਨੀ, ਚੇਅਰਮੈਨ ਰਾਕੇਸ਼ ਮੈਲਮਾ, ਜਸਪਾਲ ਸਿੰਘ ਢਾਹੇ, ਪ੍ਰਵੀਨ ਅੰਸਾਰੀ, ਗੁਰਬਖਸ਼ ਬਿੱਲਾ ਮੈਲਮਾ, ਪੰਮੂ ਢਿੱਲੋ, ਜੱਗਾ ਬਹਿਲੂ, ਸੁਨੀਤਾ ਰਾਣੀ, ਸੁਨੀਲ ਸੈਣੀ ਮੋਜੋਵਾਲ, ਹੈਪੀ ਸਰਪੰਚ ਮੋਜੋਵਾਲ, ਅਮਨ ਅਲੀ ਛੋਟੇਆਲ, ਬਿੱਟੂ, ਕਾਲਾ ਪੰਚ, ਮੋਹਿਤ, ਸੁਭਾਸ਼ ਜੋਸ਼ੀ ਪਲਾਸੀ, ਮਾਸਟਰ ਮਲਕੀਤ ਸਿੰਘ, ਸ਼ਿਵ ਕੁਮਾਰ, ਸਰਪੰਚ ਮਨਜੀਤ ਕੌਰ ਆਦਿ ਹਾਜ਼ਰ ਸਨ।

**– ਕੁਲਦੀਪ ਚੰਦ 91-94175-63054**

# ਅਮਰੀਕਾ ਦੇ ਇੰਡਿਆਨਾ ਰਾਜ ਦੇ ਇਕ ਘਰ ਵਿਚ ਹੋਏ ਗਰਨੇਡ ਧਮਾਕੇ ਵਿਚ ਪਿਤਾ ਦੀ ਮੌਤ 2 ਬੱਚੇ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਜ ਇੰਡਿਆਨਾ ਦੇ ਉਤਰ ਪੱਛਮ ਵਿਚ ਇਕ ਘਰ ਵਿਚ ਹੋਏ ਜਬਰਦਸਤ ਗਰਨੇਡ ਧਮਾਕੇ ਵਿਚ ਪਿਤਾ ਦੀ ਮੌਤ ਹੋਣ ਤੇ ਉਸ ਦੇ 2 ਪੁੱਤਰਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਲੇਕ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਪਾਮ ਜੋਨਸ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਹ ਪਰਿਵਾਰਕ ਮੈਂਬਰ ਆਪਣੇ ਦਾਦੇ ਦੇ ਸਮਾਨ ਦੀ ਫਰੋਲਾ-ਫਰਾਲੀ ਕਰ ਰਹੇ ਸਨ ਜਦੋਂ ਉਨਾਂ ਨੂੰ ਉਥੋਂ ਹੱਥ ਗੋਲਾ ਮਿਲਿਆ। ਇਕ ਮੈਂਬਰ ਨੇ ਹੱਥ ਗੋਲੇ ਦੀ ਪਿੰਨ ਕੱਢ ਦਿੱਤੀ ਜਿਸ ਉਪਰੰਤ ਜਬਰਦਸਤ ਧਮਾਕਾ ਹੋਇਆ। ਸ਼ਾਮ 6.30 ਵਜੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਅਨੁਸਾਰ ਪਿਤਾ ਬੇਹੋਸ਼ੀ ਦੀ ਹਾਲਤ ਵਿਚ ਸੀ ਜਿਸ ਨੂੰ ਬਾਅਦ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ। 14 ਤੇ 18 ਸਾਲ ਦੇ ਉਸ ਦੇ ਦੋ ਪੁੱਤਰਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਅਨੁਸਾਰ ਖੇਤਰ ਵਿਚ ਸੰਭਾਵੀ ਤੌਰ 'ਤੇ ਹੋਰ ਧਮਾਕਾਖੇਜ਼ ਸਮਗਰੀ ਹੋ ਸਕਦੀ ਹੈ ਜਿਸ ਦੀ ਭਾਲ ਲਈ ਪੋਰਟਰ ਕਾਊਂਟੀ ਦੇ ਬੰਬ ਸਕੁਐਡ ਨੂੰ ਮੌਕੇ ਉਪਰ ਬੁਲਾਇਆ ਗਿਆ ਹੈ।

# ਪਹਿਲਵਾਨਾਂ ਵੱਲੋਂ ਇੰਡੀਆ ਗੇਟ ’ਤੇ ਮੋਮਬੱਤੀ ਮਾਰਚ

**ਨਵੀਂ ਦਿੱਲੀ–** ਜਿਨਸੀ ਸ਼ੋਸ਼ਣ ਮਾਮਲੇ ਵਿੱਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਪਹਿਲਵਾਨਾਂ ਵੱਲੋਂ ਜੰਤਰ-ਮੰਤਰ ’ਤੇ ਲਾਏ ਧਰਨੇ ਨੂੰ ਅੱਜ ਇਕ ਮਹੀਨਾ ਪੂਰਾ ਹੋ ਗਿਆ। ਪਹਿਲਵਾਨ ਅੱਜ ਸ਼ਾਮੀਂ ਜੰਤਰ-ਮੰਤਰ ਤੋਂ ਇੰਡੀਆ ਗੇਟ ਤੱਕ ਪੈਦਲ ਮਾਰਚ ਕਰਕੇ ਪੁੱਜੇ ਤੇ ਉਥੇ ਮੋਮਬੱਤੀ ਮਾਰਚ ਕੱਢਿਆ। ਮਾਰਚ ਵਿੱਚ ਪਹਿਲਵਾਨ ਸਾਕਸ਼ੀ ਮਲਿਕ, ਵਿਨੇਸ਼ ਫੋਗਾਟ, ਬਜਰੰਗ ਪੂਨੀਆ, ਸੰਗੀਤਾ ਪੂਨੀਆ, ਸਤਿਆਵਰਤ ਸਣੇ ਹੋਰ ਪਹਿਲਵਾਨ ਸ਼ਾਮਲ ਹੋਏ। ਪਹਿਲਵਾਨਾਂ ਨੇ ਸਾਫ਼ ਕਰ ਦਿੱਤਾ ਕਿ ਇਨਸਾਫ਼ ਮਿਲਣ ਤਕ ਸੰਘਰਸ਼ ਜਾਰੀ ਰਹੇਗਾ।



ਪੈਦਲ ਮਾਰਚ ਵਿੱਚ ਪਹਿਲਵਾਨਾਂ ਦੇ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹੱਥਾਂ ਵਿੱਚ ਕੌਮੀ ਝੰਡੇ ਸਣੇ ਵੱਖ ਵੱਖ ਜਥੇਬੰਦੀਆਂ ਦੇ ਝੰਡੇ ਲੈ ਕੇ ਤੁਰੇ। ਮਾਰਚ ਵਿੱਚ ਆਲ ਇੰਡੀਆ ਸਟੇਟ ਗਵਰਨਮੈਂਟ ਐਂਪਲਾਈਜ਼ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸੁਭਾਸ਼ ਲਾਂਬਾ ਦੀ ਅਗਵਾਈ ਵਿਚ ਵੱਖ ਵੱਖ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਆਏ ਮੁਲਾਜ਼ਮ ਜਥੇਬੰਦੀਆਂ ਦੇ ਮੈਂਬਰ ਸ਼ਾਮਲ ਹੋਏ। ਪੈਦਲ ਮਾਰਚ ਦੇ ਮੱਦੇਨਜ਼ਰ ਦਿੱਲੀ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇੰਡੀਆ ਗੇਟ ਪੁੱਜੇ ਪਹਿਲਵਾਨਾਂ ਨੇ ਮੋਮਬੱਤੀਆਂ ਜਗਾ ਕੇ ਇਨਸਾਫ਼ ਦੀ ਲੜਾਈ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ। ਪਹਿਲਵਾਨ ਸਾਕਸ਼ੀ ਮਲਿਕ ਨੇ ਕਿਹਾ ਕਿ ਉਨ੍ਹਾਂ ਮੋਮਬੱਤੀਆਂ ਜਗਾ ਕੇ ਬ੍ਰਿਜ ਭੂਸ਼ਣ ਵੱਲੋਂ ਫੈਲਾਏ ਹਨੇਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਹਿਲਾ ਪਹਿਲਵਾਨ ਨੇ ਕਿਹਾ ਕਿ ਉਨ੍ਹਾਂ ਦੇ ਧਰਨੇ ਨੂੰ ਅੱਜ ਇਕ ਮਹੀਨਾ ਹੋ ਗਿਆ ਹੈ, ਪਰ ਉਨ੍ਹਾਂ ਨੂੰ ਯਕੀਨ ਹੈ ਕਿ ਇਨਸਾਫ਼ ਦੀ ਇਸ ਲੜਾਈ ਵਿੱਚ ਸੱਚਾਈ ਦੀ ਜਿੱਤ ਹੋਵੇਗੀ। ਵਿਨੇਸ਼ ਫੋਗਾਟ ਨੇ ਸਾਫ਼ ਕਰ ਦਿੱਤਾ ਕਿ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਤੱਕ ਧਰਨਾ ਤੇ ਸੰਘਰਸ਼ ਜਾਰੀ ਰਹੇਗਾ।

ਦੇਸ਼ ਦੁਆਬਾ

# ਕੇਜਰੀਵਾਲ ਬਨਾਮ ਕੇਂਦਰ ਸਰਕਾਰ

ਭਾਰਤ ਦੀ ਸੁਪਰੀਮ ਕੋਰਟ ਦੁਆਰਾ ਹਾਲ ਹੀ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਕੁਝ ਹੋਰ ਅਧਿਕਾਰ ਦੇਣ ਦਾ ਫੈਸਲਾ ਸੁਣਾਇਆ ਸੀ। ਪੰਜ ਜੱਜਾਂ ਦੇ ਇਸ ਸੰਵਿਧਾਨਕ ਬੈਂਚ ਨੇ ਦਿੱਲੀ ਸਰਕਾਰ ਨੂੰ ਅਹਿਮ ਅਧਿਕਾਰੀਆਂ ਦੀ ਬਦਲੀ ਕਰਨ ਦਾ ਅਧਿਕਾਰ ਦਿੱਤਾ ਸੀ ਪਰ ਕੇਂਦਰ ਸਰਕਾਰ ਨੇ ਇਕ ਅਧਿਆਦੇਸ਼ ਲਿਆ ਕੇ ਇਸ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਪ੍ਰੇਸ਼ਾਨ ਕੇਜਰੀਵਾਲ ਹੁਣ ਸਾਰੀਆਂ ਵਿਰੋਧੀ ਪਾਰਟੀਆਂ ਨਾਲ ਸੰਪਰਕ ਕਰਕੇ ਕੇਂਦਰ ਸਰਕਾਰ ਦੇ ਇਸ ਅਧਿਆਦੇਸ਼ ਨੂੰ ਰਾਜ ਸਭਾ ਵਿਚ ਘੇਰਨ ਦੀ ਤਿਆਰੀ ਕਰ ਰਹੇ ਹਨ ਪਰ ਕੀ ਉਹ ਅਜਿਹਾ ਕਰ ਸਕਦੇ ਹਨ? ਅਰਵਿੰਦ ਕੇਜਰੀਵਾਲ ਨੇ ਟੀਐਮਸੀ ਤੋਂ ਸਮਰਥਨ ਲਈ ਸੀਐਮ ਮਮਤਾ ਬੈਨਰਜੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੇਕਰ ਬਿੱਲ ਰਾਜ ਸਭਾ ਵਿੱਚ ਡਿੱਗ ਪੈਂਦਾ ਹੈ ਤਾਂ ਇਹ 2024 ਦਾ ਸੈਮੀਫਾਈਨਲ ਬਣ ਜਾਵੇਗਾ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਹਰਾਉਣ ਦਾ ਇਹ ਬਹੁਤ ਵੱਡਾ ਮੌਕਾ ਹੈ। ਸਾਡੀ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਸੀਂ ਰਾਜ ਸਭਾ ਦੇ ਅੰਦਰ ਕੇਂਦਰ ਦੇ ਆਰਡੀਨੈਂਸ ਦਾ ਵਿਰੋਧ ਕਰਾਂਗੇ। ਇਸ ਦੇ ਨਾਲ ਹੀ ਅਸੀਂ ਸੁਪਰੀਮ ਕੋਰਟ ਤੋਂ ਇਸ ਮਾਮਲੇ ਵਿੱਚ ਨਿਆਂ ਦੀ ਮੰਗ ਵੀ ਕਰਾਂਗੇ।

ਇਸ ਨੂੰ ਲੈ ਕੇ ਦੁਚਿੱਤੀ ਇਸ ਕਾਰਨ ਹੈ ਕਿਉਂਕਿ ਕਾਂਗਰਸ ਨੇ ਹੁਣ ਤੱਕ ਕੇਜਰੀਵਾਲ ਨੂੰ ਕੋਈ ਰਾਹ ਨਹੀਂ ਦਿੱਤਾ ਹੈ।ਲੋਕ ਸਭਾ ਵਿਚ ਤਾਂ ਭਾਜਪਾ ਕੋਲ ਪੂਰਨ ਬਹੁਮਤ ਹੈ, ਜਦਕਿ ਰਾਜ ਸਭਾ ਦੇ 238 ਮੈਂਬਰਾਂ ਵਿਚੋਂ ਭਾਜਪਾ ਕੋਲ 110 ਮੈਂਬਰ ਹਨ ਅਤੇ ਉਸ ਨੂੰ ਇਸ ਬਿਲ ਨੂੰ ਪਾਸ ਕਰਵਾਉਣ ਲਈ 10 ਹੋਰ ਮੈਂਬਰਾਂ ਦੀ ਲੋੜ ਹੈ। ਜੇਕਰ ਕਾਂਗਰਸ ਇਸ ਬਿਲ ਤੇ ਵੋਟਿੰਗ ਨਹੀਂ ਕਰਦੀ ਤਾਂ ਇਹ ਬਿਲ ਕਾਨੂੰਨ ਬਣ ਜਾਵੇਗਾ। ਕਾਂਗਰਸ ਨੇ ਹਾਲ ਹੀ ਵਿਚ ਵਿਰੋਧੀ ਧਿਰਾਂ ਦੀ ਏਕਤਾ ਦੀ ਨੀਤੀ ਛੱਡ ਕੇ ਖੁਦ ਨੂੰ ਮਜਬੂਤ ਬਣਾਉਣ ਦਾ ਰਾਹ ਅਪਣਾਇਆ ਹੈ। ਇਸ ਦਿਸ਼ਾ ਵਿਚ ਉਸ ਦਾ ਪਹਿਲਾ ਨਿਸ਼ਾਨਾ ਆਮ ਆਦਮੀ ਪਾਰਟੀ ਹੀ ਹੈ, ਇਸ ਕਰਕੇ ਉਹ ਨਹੀਂ ਚਾਹੇਗੀ ਕਿ ਕੇਜਰੀਵਾਲ ਨੂੰ ਮਜ਼ਬੂਤ ਹੋਣ ਦਿੱਤਾ ਜਾਵੇ। ਕਾਂਗਰਸ ਖੁਦ ਕੇਜਰੀਵਾਲ ਦੁਆਰਾ ਬਣਵਾਏ ਨਵੇਂ ਆਲੀਸ਼ਾਨ ਬੰਗਲੇ ਦੇ ਮੁੱਦੇ 'ਤੇ ਕੇਜਰੀਵਾਲ ਨੂੰ ਭ੍ਰਿਸ਼ਟ ਐਲਾਨ ਰਹੀ ਹੈ।

ਕੇਜਰੀਵਾਲ ਇਸ ਮਾਮਲੇ ਵਿਚ ਜਿੱਤਦੇ ਹਨ ਜਾਂ ਨਹੀਂ, ਇਹ ਤਾਂ ਬਾਅਦ ਵਿਚ ਦੇਖਿਆ ਜਾਵੇਗਾ, ਪਰ ਇਸ ਮੁੱਦੇ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਇੱਕਜੁਟਤਾ ਦੇ ਮਾਮਲੇ ਵਿਚ ਹਾਲੇ ਇੱਕਮਤ ਨਹੀਂ ਹਨ। ਸਾਰੀਆਂ ਪਾਰਟੀਆਂ ਆਪੋ-ਆਪਣੇ ਹਿੱਤ ਦੇਖ ਰਹੀਆਂ ਹਨ। ਜੇਕਰ ਇਹੀ ਹਾਲ ਅਗਲੇ ਸਾਲ 2024 ਤੱਕ ਰਿਹਾ ਤਾਂ ਭਾਜਪਾ ਨੂੰ ਲੋਕ ਸਭਾ ਚੋਣਾਂ ਵਿਚ ਸਖਤ ਟੱਕਰ ਦੇਣ ਵਾਲੀ ਕੋਈ ਵੀ ਪਾਰਟੀ ਫਿਲਹਾਲ ਉਭਰਦੀ ਨਜ਼ਰ ਨਹੀਂ ਆ ਰਹੀ ਹੈ। ਵਿਰੋਧੀ ਏਕਤਾ ਦੇ ਮਾਮਲੇ ਵਿਚ ਕਾਂਗਰਸ ਨੂੰ ਲੱਗੇ ਝਟਕਿਆਂ ਤੋਂ ਸਬਕ ਸਿੱਖਦਿਆਂ ਹੁਣ ਇਹ ਪਾਰਟੀ ਆਪਣੇ ਬਲਬੂਤੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੀ ਹੈ। ਹਿਮਾਚਲ ਅਤੇ ਕਰਨਾਟਕ ਦੀ ਜਿੱਤ ਤੋਂ ਉਤਸ਼ਾਹਿਤ ਕਾਂਗਰਸ ਹੌਲੀ-ਹੌਲੀ ਇਕ ਮਜ਼ਬੂਤ ਸਥਿਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਬਾਕੀ ਸਾਰੀਆਂ ਵਿਰੋਧੀ ਪਾਰਟੀਆਂ ਉਸ ਦੀ ਅਗਵਾਈ ਨੂੰ ਕਬੂਲ ਕਰਨ, ਕਿਉਂਕਿ ਕਮਜ਼ੋਰ ਕਾਂਗਰਸ ਦੇ ਪਿੱਛੇ ਲੱਗਣ ਲਈ ਕੋਈ ਵੀ ਪਾਰਟੀ ਤਿਆਰ ਨਹੀਂ ਹੈ, ਇਹ ਕਾਂਗਰਸ ਨੇ ਦੇਖ ਲਿਆ ਹੈ।

# ਪਾਕਿਸਤਾਨ ਵਿਚ ਸੱਤਾ ਦੀ ਲੜਾਈ

**ਰਾਜੇਸ਼ ਰਾਮਚੰਦਰਨ**

ਹਾਲ ਹੀ ਵਿਚ ਵੈਸਟਮਿੰਸਟਰ ਐਬੇ ਵਿਚ ਸਾਰੇ ਪੂਰਬ-ਆਧੁਨਿਕ ਸੰਸਕਾਰਾਂ ਤੇ ਰੀਤਾਂ ਦੌਰਾਨ ਵੱਖਰੇ ਜ਼ਮਾਨੇ ਦੇ ਜਾਪਦੇ ਸਮਾਗਮ ਦੌਰਾਨ ਹਰ ਕਿਸੇ ਨੂੰ ਬਾਦਸ਼ਾਹ ਚਾਰਲਸ ਦੇ ਰਾਜ ਤਿਲਕ ਦੀ ਰਸਮ ਦੀ ਉਡੀਕ ਸੀ। ਕਰੀਬ 70 ਸਾਲ ਪਹਿਲਾਂ 2 ਜੂਨ, 1953 ਨੂੰ ਜਦੋਂ ਮਹਾਰਾਣੀ ਐਲਿਜ਼ਬੈਥ ਦੋਇਮ ਨੂੰ ਰਾਜ ਗੱਦੀ ਦੀ ਸਹੁੰ ਚੁਕਾਈ ਗਈ ਸੀ ਤਾਂ ਉਨ੍ਹਾਂ ਦੇ ਰਾਜਸ਼ਾਹੀ ਇਲਾਕਿਆਂ ਵਿਚ ਪਾਕਿਸਤਾਨ ਵੀ ਸ਼ਾਮਲ ਸੀ। ਜ਼ਾਹਿਰ ਹੈ ਕਿ ਉਨ੍ਹਾਂ ਦੇ ਪੁੱਤਰ ਨੂੰ ਇਹ ਸ਼ਾਹੀ ਠਾਠ ਹਾਸਲ ਨਹੀਂ ਹੈ ਕਿ ਉਹ ਇਨ੍ਹਾਂ 'ਆਜ਼ਾਦ' ਮੁਲਕਾਂ ਨੂੰ ਆਪਣੇ ਇਲਾਕਿਆਂ ਵਜੋਂ ਗਿਣ ਸਕੇ; ਤਾਂ ਵੀ ਇਹ ਹਕੀਕਤ ਕਿਸੇ ਵੀ ਤਰ੍ਹਾਂ ਉੱਤਰ-ਬਸਤੀਵਾਦੀ ਸਮਾਜਾਂ, ਖ਼ਾਸਕਰ ਦੱਖਣੀ ਏਸ਼ੀਆ ਦੇ ਨਾਕਾਮਯਾਬ ਮੁਲਕਾਂ ਉਤੇ ਐਂਗਲੋ-ਅਮਰੀਕੀ ਉੱਦਮ ਦੇ ਪ੍ਰਭਾਵ ਨੂੰ ਨਹੀਂ ਘਟਾਉਂਦੀ।

ਪਾਕਿਸਤਾਨ ਦੀ ਇਹ ਮੰਦਹਾਲੀ ਉਸ ਦੀ ਆਪਣੀ ਪੈਦਾਵਾਰ ਹੈ ਜਿਹੜੀ ਬਰਤਾਨੀਆ ਦੇ ਫ਼ਾਰਸ ਦੀ ਖਾੜੀ ਵਿਚਲੇ ਆਪਣੇ ਸਾਮਰਾਜੀ ਹਿੱਤਾਂ ਅਤੇ ਤੇਲ ਦੇ ਭੰਡਾਰਾਂ ਦੀ ਸੋਵੀਅਤਾਂ ਖ਼ਿਲਾਫ਼ ਰਾਖੀ ਕਰਨ ਦੇ ਰਣਨੀਤਕ ਮਕਸਦ ਅਤੇ ਭਾਰਤੀ ਕੌਮਪ੍ਰਸਤਾਂ ਪ੍ਰਤੀ ਉਨ੍ਹਾਂ ਦੇ ਡੂੰਘੇ ਸ਼ੱਕਾਂ ਤੋਂ ਪ੍ਰੇਰਿਤ ਹੈ। ਇਸ ਲਈ ਜਦੋਂ ਫ਼ੌਜੀ ਤਾਨਾਸ਼ਾਹ ਅਤੇ ਉਨ੍ਹਾਂ ਦੇ ਪਸੰਦੀਦਾ ਮੋਹਰੇ ਪੱਛਮ ਵੱਲੋਂ ਸੁੱਟੇ ਸੱਤਾ ਦੇ ਟੁਕੜਿਆਂ ਲਈ ਲੜਦੇ ਹਨ ਤਾਂ ਉਦੋਂ ਸਿਰਫ਼ ਉਸ ਮੁਲਕ ਦੇ ਬਦਕਿਸਮਤ ਲੋਕ ਹੀ ਹਾਰਦੇ ਹਨ। ਇਹੋ ਕਹਾਣੀ ਲਗਾਤਾਰ ਦੁਹਰਾਈ ਜਾਂਦੀ ਹੈ। ਪਹਿਲਾਂ ਜਨਰਲ ਯਾਹੀਆ ਖ਼ਾਨ ਨੇ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਸਹਾਰਾ ਦਿੱਤਾ ਜਾਂਦਾ ਹੈ, ਫਿਰ ਭੁੱਟੋ ਉਸ ਦੀ ਪਿੱਠ ਵਿਚ ਛੁਰਾ ਮਾਰਦੇ ਹਨ; ਫਿਰ ਖ਼ੁਦ ਚੁਣੇ ਹੋਏ ਜਨਰਲ ਜ਼ਿਆ-ਉਲ-ਹੱਕ ਵੱਲੋਂ ਗੱਦੀਉਂ ਲਾਹੇ ਜਾਣ ਅਤੇ ਫਾਂਸੀ ਦਿੱਤੇ ਜਾਣ ਲਈ। ਭੁੱਟੋ ਨੇ ਜਨਰਲ ਜ਼ਿਆ ਨੂੰ ਫ਼ੌਜ ਦਾ ਮੁਖੀ ਬਣਾਉਣ ਲਈ ਸੱਤ ਸੀਨੀਅਰ ਜਰਨੈਲਾਂ ਦੀ ਸੀਨੀਅਰਤਾ ਨੂੰ ਨਜ਼ਰਅੰਦਾਜ਼ ਕੀਤਾ ਸੀ।

ਪਾਕਿਸਤਾਨ ਵਿਚ ਰਾਜ ਪਲਟਿਆਂ, ਕਤਲਾਂ, ਹੇਰਾਫੇਰੀ ਵਾਲੀਆਂ ਚੋਣਾਂ ਅਤੇ ਸਮੇਂ ਸਮੇਂ ਉਤੇ ਆਈਆਂ ਫ਼ੌਜੀ ਤਾਨਾਸ਼ਾਹੀਆਂ ਦੇ ਘਿਨਾਉਣੇ ਡਰਾਮੇ ਵਿਚ ਲਗਾਤਾਰ ਰਹਿਣ ਵਾਲਾ ਇਕੋ-ਇਕ ਅਦਾਕਾਰ ਐਂਗਲੋ-ਅਮਰੀਕੀ ਹਿੱਤ ਹੈ ਜਿਸ ਵੱਲੋਂ ਇਥੋਂ ਤੱਕ ਕਿ 30 ਲੱਖ ਬੰਗਲਾਦੇਸ਼ੀਆਂ ਦੇ ਕਤਲੇਆਮ ਨੂੰ ਵੀ ਜਾਇਜ਼ ਠਹਿਰਾ ਦਿੱਤਾ ਜਾਂਦਾ ਹੈ। ਤਾਂ ਕੀ ਹੁਣ ਇਹੋ ਕੁਝ ਦੇਸ਼ ਦੇ ਬਹੁਤ ਜ਼ਿਆਦਾ ਮਕਬੂਲ ਸਿਆਸਤਦਾਨ ਇਮਰਾਨ ਖ਼ਾਨ ਦੇ ਮਾਮਲੇ ਵਿਚ ਹੋਣ ਵਾਲਾ ਹੈ? ਕਿਸੇ ਵੀ ਤਰ੍ਹਾਂ ਦੀ ਕਾਮਯਾਬੀ ਤੋਂ ਵਾਂਝੇ ਤੀਜੀ ਦੁਨੀਆ ਦੇ ਬਹੁਤ ਹੀ ਗ਼ਰੀਬ ਮੁਲਕ ਲਈ ਇਮਰਾਨ ਖ਼ਾਨ ਨੇ ਕ੍ਰਿਕਟ ਦੀ ਸ਼ਾਨ ਲਿਆਂਦੀ, ਜਦੋਂ ਉਸ ਦੀ ਕਪਤਾਨੀ ਹੇਠ ਪਾਕਿਸਤਾਨ ਨੇ 1992 ਦਾ ਸੰਸਾਰ ਕ੍ਰਿਕਟ ਕੱਪ ਜਿੱਤਿਆ ਪਰ ਉਸ ਨੇ ਇਸ ਸ਼ਾਨਦਾਰ ਜਿੱਤ ਨੂੰ ਲਾਹੌਰ ਵਿਚ ਆਪਣੀ ਅੰਮੀ ਦੀ ਯਾਦ ਵਿਚ ਕੈਂਸਰ ਹਸਪਤਾਲ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਸਮਰਪਿਤ ਕਰ ਕੇ ਇਸ ਨੂੰ ਨਿਜੀ ਰੂਪ ਦੇ ਦਿੱਤਾ। ਉਸ ਨੇ ਵੱਡੇ ਪੱਧਰ 'ਤੇ ਧਿਆਨ ਦਾ ਕੇਂਦਰ ਬਣੇ ਆਪਣੇ ਇਸ ਮੌਕੇ ਨੂੰ ਸਮੂਹਿਕ ਕੋਸ਼ਿਸ਼ ਅਤੇ ਟੀਮ ਦੀ ਜਿੱਤ ਤੋਂ ਬਦਲ ਕੇ ਆਪਣੀ ਜ਼ਾਤੀ ਜਿੱਤ ਬਣਾ ਦਿੱਤਾ।

ਅਗਲੇ ਤਿੰਨ ਦਹਾਕਿਆਂ ਦੌਰਾਨ ਇਮਰਾਨ ਨੇ ਬੜੀ ਸਫਲਤਾ ਨਾਲ ਕ੍ਰਿਕਟ ਵਿਚਲੀਆਂ ਆਪਣੀਆਂ ਪ੍ਰਾਪਤੀਆਂ ਨੂੰ ਆਪਣੇ ਸਿਆਸੀ ਸਰਮਾਏ ਵਿਚ ਬਦਲ ਲਿਆ, ਉਹ ਵੀ ਸੱਚੇ ਇਸਲਾਮੀ ਵਾਲੀ ਵੰਨਗੀ ਦੇ ਰੂਪ ਵਿਚ ਜੋ ਜ਼ਾਹਿਰਾ ਤੌਰ 'ਤੇ ਵਿਚਾਰਧਾਰਕ ਢੰਗ ਨਾਲ ਪਾਕਿਸਤਾਨ ਦੇ ਫ਼ੌਜੀ-ਇੰਟੈਲੀਜੈਂਸ ਢਾਂਚੇ ਨੂੰ ਬਣਾਈ ਰੱਖਦੀ ਹੈ। ਜਿਨਾਹ ਵੱਲੋਂ ਬਰਤਾਨਵੀ ਆਕਾਵਾਂ ਦੀ ਸ਼ਹਿ ਉਤੇ ਸਿਰਜੀ ਦੋ ਕੌਮਾਂ ਦੀ ਮਨਘੜਤ ਮਿੱਥ ਨੂੰ ਸਿਰਫ਼ ਇਸਲਾਮੀ ਕੌਮਪ੍ਰਸਤੀ/ ਰਾਸ਼ਟਰਵਾਦ ਦੇ ਨਵੇਂ ਹਮਾਇਤੀਆਂ ਨਾਲ ਹੀ ਕਾਇਮ ਰੱਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਪੱਛਮ ਤੇ ਫ਼ੌਜ ਦਾ ਥਾਪੜਾ ਹਾਸਲ ਹੋਵੇ। ਇਮਰਾਨ ਵੱਲੋਂ ਚੋਣਾਂ ਜਿੱਤ ਕੇ ਸੱਤਾ ਤੱਕ ਪੁੱਜਣ ਦਾ ਤੈਅ ਕੀਤਾ ਗਿਆ ਪੈਂਡਾ ਭਾਵੇਂ ਚੋਣ-ਹੇਰਾਫੇਰੀ ਵਾਲਾ ਹੋਵੇ ਜਾਂ ਕੁਝ ਹੋਰ ਪਰ ਇਸ ਨੂੰ ਫ਼ੌਜ ਨੇ ਹੀ ਯਕੀਨੀ ਬਣਾਇਆ ਸੀ ਜਿਸ ਨੂੰ ਉਸ (ਇਮਰਾਨ) ਦੇ ਅਚੂਕ ਕ੍ਰਿਸ਼ਮੇ ਨੇ ਮੰਜ਼ਲ ਤੱਕ ਪਹੁੰਚਾਇਆ। ਉਂਝ, ਜਿਵੇਂ ਹਮੇਸ਼ਾ ਹੀ ਇਸਲਾਮੀ ਮਕਬੂਲ ਆਗੂਆਂ ਦੇ ਮਾਮਲੇ ਵਿਚ ਵਾਪਰਦਾ ਹੈ, ਇਮਰਾਨ ਵੀ ਮਜ਼ਹਬੀ ਨਾਅਰਿਆਂ ਤੇ ਜਹਾਦੀ ਜਨੂਨ ਦੇ ਸ਼ੋਰ ਵਿਚ ਭੁਲੇਖੇ ਦਾ ਸ਼ਿਕਾਰ ਹੋ ਗਿਆ।

ਇਹ ਸਾਰੀ ਕਹਾਣੀ ਉਦੋਂ ਨਾਕਾਮ ਹੋ ਗਈ ਜਦੋਂ ਇਮਰਾਨ ਨੇ ਫ਼ੌਜ ਅਤੇ ਅਮਰੀਕੀਆਂ ਖ਼ਿਲਾਫ਼ ਪੈਂਤੜਾ ਮੱਲ ਲਿਆ, ਯੂਕਰੇਨ ਜੰਗ ਦੀ ਸ਼ੁਰੂਆਤ ਵੇਲੇ ਰੂਸ ਦਾ ਦੌਰਾ ਕੀਤਾ ਅਤੇ ਬਾਅਦ ਵਿਚ ਅਮਰੀਕੀਆਂ ਉਤੇ ਆਪਣੀ ਸਰਕਾਰ ਨੂੰ ਡੇਗਣ ਦਾ ਇਲਜ਼ਾਮ ਲਾਇਆ। ਇਮਰਾਨ ਨੇ ਇਥੋਂ ਤੱਕ ਕਿ ਭਾਰਤ ਦੀ ਆਜ਼ਾਦ ਵਿਦੇਸ਼ ਨੀਤੀ ਦੀ ਖ਼ੂਬੀ ਨੂੰ ਵੀ ਮੰਨਿਆ ਜਿਹੜੀ ਤੀਜੀ ਦੁਨੀਆ ਦੀਆਂ ਬਸਤੀਵਾਦੀ ਦੌਰ ਤੋਂ ਬਾਅਦ ਵਾਲੀਆਂ ਚਿੰਤਾਵਾਂ ਤੋਂ ਪਾਰ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਉਹ ਇਕ ਆਮ ਇਸਲਾਮਪ੍ਰਸਤ ਲੋਕ-ਲੁਭਾਊ ਤੋਂ ਕਿਤੇ ਵਧ ਕੇ ਹੈ ਕਿਉਂਕਿ ਉਹ ਆਪਣੀ ਪੱਛਮ-ਵਿਰੋਧੀ ਬਿਆਨਬਾਜ਼ੀ ਦਾ ਇਸਤੇਮਾਲ ਪਾਕਿਸਤਾਨੀ ਫ਼ੌਜ ਨੂੰ ਨਾਵਾਜਬ ਠਹਿਰਾਉਣ ਲਈ ਕਰਨ ਵਿਚ ਕਾਮਯਾਬ ਰਿਹਾ। ਫਿਰ ਉਸ ਦੇ ਕੱਟੜ ਹਮਾਇਤੀ ਮਹਿਜ਼ ਲੁੰਪਨ ਪ੍ਰੋਲਤਾਰੀ ਵਰਗ ਤੱਕ ਹੀ ਸੀਮਤ ਨਹੀਂ ਸਗੋਂ ਉਨ੍ਹਾਂ ਵਿਚ ਫ਼ੌਜ ਦੇ ਹੇਠਲੇ ਪੱਧਰ ਦੇ ਅਫ਼ਸਰ ਵੀ ਸ਼ਾਮਲ ਹਨ ਜਿਨ੍ਹਾਂ ਨੇ ਹੋ ਸਕਦਾ ਹੈ, ਫ਼ੌਜੀ ਹੈਡਕੁਆਰਟਰਾਂ ਸਮੇਤ ਹੋਰ ਫ਼ੌਜੀ ਟਿਕਾਣਿਆਂ ਉਤੇ ਹਮਲਿਆਂ ਵਿਚ ਵੀ ਮਦਦ ਕੀਤੀ ਹੋਵੇ।

ਇਮਰਾਨ ਖ਼ਾਨ ਦੀ ਰਿਹਾਈ ਅਤੇ ਅਦਾਲਤੀ ਅਹਾਤੇ ਅੰਦਰ ਉਸ ਨੂੰ ਹੌਸਲੇ ਨਾਲ ਤੁਰਦਾ ਦਿਖਾਉਂਦੀ ਵੀਡੀਓ, ਉਸ ਦੇ ਫ਼ੌਜ ਨੂੰ ਝੁਕਾਉਣ ਵਿਚ ਕਾਮਯਾਬ ਰਹਿਣ ਦਾ ਸਬੂਤ ਹਨ। ਉਸ ਨੂੰ ਇਹ ਤਾਕਤ ਸਿਰਫ਼ ਉਸ ਦੇ ਲੋਕਾਂ ਨਾਲ ਸੰਪਰਕ ਤੋਂ ਮਿਲਦੀ ਹੈ। ਦਿਲਚਸਪ ਗੱਲ ਹੈ ਕਿ ਇਮਰਾਨ ਦੀ ਗ੍ਰਿਫ਼ਤਾਰੀ ਤੋਂ ਫੌਰੀ ਬਾਅਦ ਵਾਇਰਲ ਕੀਤੀ ਕਿਸੇ ਪਾਕਿਸਤਾਨੀ ਦੀ ਦੱਸੀ ਜਾਂਦੀ ਵ੍ਹੱਟਸਐਪ ਕਲਿਪ ਵਿਚ ਦਾਅਵਾ ਕੀਤਾ ਗਿਆ ਕਿ ਤਿੰਨ ਫ਼ੌਜੀ ਕੋਰ ਕਮਾਂਡਰਾਂ ਨੇ ਆਪਣੇ ਘਰਾਂ ਦੇ ਹਮਲਿਆਂ ਦਾ ਸ਼ਿਕਾਰ ਹੋਣ ਕਾਰਨ ਘਰ ਛੱਡ ਦਿੱਤੇ ਹਨ ਅਤੇ ਉਨ੍ਹਾਂ ਨੇ ਫ਼ੌਜੀ ਮੁਖੀ ਜਨਰਲ ਸਈਦ ਆਸਿਮ ਮੁਨੀਰ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਚਲੋ, ਇਮਰਾਨ ਦੀ ਰਿਹਾਈ ਮੁਲਕ ਦੇ ਵਿਗੜ ਰਹੇ ਹਾਲਾਤ ਅਤੇ ਲੋੜ ਪੈਣ 'ਤੇ ਵਿਦਰੋਹ ਦੇ ਖ਼ਦਸ਼ੇ ਦਾ ਸਬੂਤ ਹੈ।



ਇਸ ਦੌਰਾਨ ਪਾਕਿਸਤਾਨੀ ਫ਼ੌਜ ਚੀਨ ਨਾਲ ਆਪਣੀ ਗੂੜ੍ਹੀ ਦੋਸਤੀ ਹੋਰ ਪੱਕੀ ਕਰ ਰਹੀ ਹੈ ਜਿਸ ਲਈ ਉਹ ਚੀਨ ਦੀ ਪੱਟੀ ਤੇ ਸੜਕ ਪਹਿਲਕਦਮੀ ਲਈ ਅਫ਼ਗਾਨਿ-ਸਤਾਨ ਨਾਲ ਵਿਚੋਲਗੀ ਵੀ ਕਰ ਰਹੀ ਹੈ ਜੋ ਜ਼ਾਹਿਰਾ ਤੌਰ 'ਤੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੇ ਇਸਤੇਮਾਲ ਰਾਹੀਂ ਭਾਰਤ ਦੀ ਘੇਰਾਬੰਦੀ ਨੂੰ ਮਜ਼ਬੂਤ ਕਰੇਗਾ। ਇਸ ਪ੍ਰਸੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਾਸ਼ਿੰਗਟਨ ਦਾ ਪਹਿਲਾ ਸਰਕਾਰੀ ਦੌਰਾ ਕੀਤਾ ਜਾ ਰਿਹਾ ਹੈ। ਨਾਲ ਹੀ ਭਾਰਤ-ਅਮਰੀਕਾ ਭਾਈਵਾਲੀ ਦੇ ਨਵੇਂ ਅਧਿਆਏ ਦੀ ਇੰਨੀ ਜ਼ਿਆਦਾ ਲੋੜ ਪੱਛਮ ਤੇ ਹਿੰਦੋਸਤਾਨ ਲਈ ਇਸ ਤੋਂ ਪਹਿਲਾਂ ਕਦੇ ਨਹੀਂ ਰਹੀ।

ਇਸ ਸਾਰੇ ਦੌਰ ਦੌਰਾਨ ਭਾਰਤ ਦੋ ਮੁਹਾਜ਼ਾਂ ਉਤੇ ਦੁਸ਼ਮਣੀ ਦਾ ਸਾਹਮਣਾ ਕਰ ਰਿਹਾ ਹੈ: ਇਕ ਪਾਸੇ ਇਕ ਗੁਆਂਢੀ ਵੱਲੋਂ ਉਸ ਦੀ ਫ਼ੌਜ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ; ਦੂਜੇ ਪਾਸੇ ਅਮਰੀਕਾ ਵੱਲੋਂ ਉਸ ਨੂੰ ਮਾਲੀ ਮਜ਼ਬੂਤੀ ਦਿੱਤੀ ਜਾ ਰਹੀ ਹੈ। ਇਸ ਲਈ ਇਹ ਭਾਰਤ ਦੀ ਜ਼ਰੂਰਤ ਨਾਲੋਂ ਕਿਤੇ ਵੱਧ ਅਮਰੀਕਾ ਦੀ ਲੋੜ ਹੈ ਕਿ ਚਹੁੰ-ਧਿਰੀ ਸੁਰੱਖਿਆ ਸੰਵਾਦ ਨੂੰ ਅਰਥ ਭਰਪੂਰ ਭੂ-ਸਿਆਸੀ ਪਛਾਣ ਤੱਕ ਪਹੁੰਚਾਇਆ ਜਾਵੇ (ਕਿਸੇ ਵੀ ਗੱਠਜੋੜ ਨੂੰ ਆਦਰਸ਼ ਰੂਪ ਵਿਚ ਸਮਾਂ ਲੈਣਾ ਚਾਹੀਦਾ ਹੈ) ਜਿਹੜਾ ਚੀਨੀ ਪਸਾਰਵਾਦ ਵਿਚ ਦਖ਼ਲ ਦੇ ਕੇ ਇਸ ਨੂੰ ਰੋਕ ਸਕੇ।

ਇਕ ਪਾਸੇ ਜਿਥੇ ਪੱਛਮ ਨੇ ਭਾਰਤ ਦੀ ਨਸਲੀ ਵੰਡ ਦੇ ਪੱਖ ਵਿਚ ਕੰਮ ਕੀਤਾ, ਇਸ ਦੀ ਜਮਹੂਰੀਅਤ ਅਤੇ ਫੈਡਰਲਿਜ਼ਮ ਨੂੰ ਨਾਵਾਜਬ ਬਣਾਉਣ ਦੀ ਕੋਸ਼ਿਸ਼ ਕੀਤੀ, ਫ਼ਿਰਕੂ ਵੱਖਵਾਦੀ ਤਾਕਤਾਂ ਅਤੇ ਸੱਭਿਆਚਾਰਕ ਦਾਅਵੇਦਾਰਾਂ ਨੂੰ ਹੱਲਾਸ਼ੇਰੀ ਦਿੱਤੀ; ਉਥੇ ਦੂਜੇ ਪਾਸੇ ਬਗ਼ਾਵਤ ਦੀ ਸੂਰਤ ਵਿਚ ਪਾਕਿਸਤਾਨ ਦੇ ਖਿੰਡ-ਪੁੰਡ ਜਾਣ ਦਾ ਖ਼ਤਰਾ ਵਧੇਰੇ ਹਕੀਕੀ ਅਤੇ ਭਿਆਨਕ ਹੈ ਕਿਉਂਕਿ ਇਸ ਹਾਲਤ ਵਿਚ ਇਸ ਦੇ ਪਰਮਾਣੂ ਅਸਲ੍ਹਾਖ਼ਾਨੇ ਦਾ ਕੀ ਬਣੇਗਾ। ਪਾਕਿਸਤਾਨੀ ਫ਼ੌਜ, ਇਮਰਾਨ ਵਰਗੇ ਸਿਆਸਤਦਾਨਾਂ ਅਤੇ ਨਾਲ ਹੀ ਆਮ ਲੋਕਾਂ ਦੇ ਜ਼ਿਆਦਾ ਤੋਂ ਜ਼ਿਆਦਾ ਚੀਨ ਦੇ ਕਰੀਬ ਜਾਣ ਨਾਲ ਪਾਕਿਸਤਾਨ ਉਮੀਦ ਨਾਲੋਂ ਕਿਤੇ ਛੇਤੀ ਪੱਛਮੀ ਪਕੜ ਵਿਚੋਂ ਖਿਸਕ ਰਿਹਾ ਹੈ। ਸੋਵੀਅਤਾਂ ਵੱਲੋਂ 1940ਵਿਆਂ ਵਿਚ ਪੈਦਾ ਕੀਤੇ ਸਾਰੀ ਤਰ੍ਹਾਂ ਦੇ ਖ਼ਤਰੇ ਹੁਣ ਪਾਕਿ-ਸਤਾਨ-ਚੀਨ-ਰੂਸ ਗੱਠਜੋੜ ਕਾਰਨ ਕਈ ਗੁਣਾ ਵਧ ਗਏ ਹਨ ਜਿਨ੍ਹਾਂ ਦਾ ਕੰਧ 'ਤੇ ਲਿਖਿਆ ਪੜ੍ਹਨ ਤੋਂ ਪੱਛਮ ਹੀ ਇਨਕਾਰੀ ਹੈ। ਇਮਰਾਨ ਦਾ ਮੁਲਕ ਦੇ ਪ੍ਰਧਾਨ ਮੰਤਰੀ ਵਜੋਂ ਦੁਬਾਰਾ ਚੁਣੇ ਜਾਣ ਨਾਲ ਹੋਣ ਵਾਲਾ ਮੁੜ ਉਭਾਰ ਮੁਲਕ ਦੀ ਅਗਵਾਈ ਲਈ ਸੱਚੇ ਲੋਕ ਆਗੂ ਦੇ ਉਭਾਰ ਦੀ ਆਦਰਸ਼ਵਾਦੀ ਹਾਲਤ ਹੋਵੇਗੀ। ਇਥੋਂ ਤੱਕ ਕਿ ਇਸ ਤੁਲਨਾ ਵਿਚ ਭੁੱਟੋ ਦੀ ਮਕਬੂਲੀਅਤ ਵੀ ਫਿੱਕੀ ਪੈ ਜਾਵੇਗੀ ਕਿਉਂਕਿ ਇਸ ਸੂਰਤ ਵਿਚ ਇਮਰਾਨ ਨੇ ਹਾਕਮ ਪਾਰਟੀਆਂ, ਫ਼ੌਜ ਅਤੇ ਸੰਕੇਤਕ ਤੌਰ 'ਤੇ ਪੱਛਮ ਨੂੰ ਵੀ ਹਰਾ ਦਿੱਤਾ ਹੋਵੇਗਾ।

ਇਕ ਅਜਿਹੇ ਆਗੂ ਜਿਹੜਾ ਗੁਆਂਢ ਵੱਲ ਦੋਖੀ ਰਵੱਈਆ ਰੱਖਦਾ ਹੋਵੇ, ਦੇ ਤਾਨਾਸ਼ਾਹੀ ਤਾਕਤਾਂ ਹਾਸਲ ਕਰ ਲੈਣ ਵਾਲੀ ਹਾਲਤ ਵਿਚ ਉਭਾਰ ਦਾ ਇਕੋ-ਇਕ ਬਦਲ ਫ਼ੌਜ ਵੱਲੋਂ ਸੱਤਾ ਉਤੇ ਕਬਜ਼ਾ ਕਰ ਲੈਣਾ ਹੀ ਹੋ ਸਕਦਾ ਹੈ ਜਿਹੜਾ ਕਾਫ਼ੀ ਨਜ਼ਦੀਕ ਜਾਪਦਾ ਹੈ। ਇਸ ਦਾ ਸਿੱਟਾ, ਵਧੇਰੇ ਧਿਰਾਂ ਦੀ ਸ਼ਮੂਲੀਅਤ ਨਾਲ ਚੀਨ ਦੇ ਖ਼ਤਰੇ ਨੂੰ ਟੱਕਰ ਦੇਣ ਦੇ ਰੂਪ ਵਿਚ ਨਿਕਲ ਸਕਦਾ ਹੈ ਭਾਵੇਂ ਇਸ ਨਾਲ ਇਕ ਮੁਲਕ ਦਾ ਖ਼ਾਤਮਾ ਹੀ ਹੁੰਦਾ ਹੋਵੇ।

ਇਸ ਦੌਰਾਨ, ਜੇ ਜਨਰਲ ਮੁਨੀਰ ਹਥਿਆਰਬੰਦ ਫ਼ੌਜਾਂ ਨੂੰ ਇਕਮੁੱਠ ਰੱਖਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਹ ਪਹਿਲਾਂ ਵਾਲੀ ਹਾਲਤ ਬਹਾਲ ਕਰਨ ਵਿਚ ਸਫਲ ਹੋ ਸਕਦੇ ਹਨ। ਜਿਥੋਂ ਤੱਕ ਪੱਛਮ ਦਾ ਸਵਾਲ ਹੈ, ਉਹ ਜਾਂ ਤਾਂ ਭਾਰਤੀ ਰਾਸ਼ਟਰਵਾਦੀਆਂ ਪ੍ਰਤੀ ਆਪਣੇ ਸ਼ੱਕਾਂ ਨੂੰ ਦੂਰ ਕਰ ਸਕਦਾ ਹੈ ਜਾਂ ਫਿਰ ਚੀਨੀ ਦਬਦਬੇ ਨੂੰ ਮਨਜ਼ੂਰ ਕਰ ਸਕਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ ਦੇ ਇਲੀਨੋਇਸ ਰਾਜ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਵਿਚ 4 ਵਿਦਿਆਰਥੀਆਂ ਦੀ ਮੌਤ ਤੇ 3 ਹੋਰ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਇਲੀਨੋਇਸ ਰਾਜ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਇਕ ਹਾਈ ਸਕੂਲ ਦੇ 4 ਵਿਦਿਆਰਥੀਆਂ ਦੀ ਮੌਤ ਹੋ ਗਈ ਜਦ ਕਿ 3 ਹੋਰ ਜਖਮੀ ਹੋ ਗਏ। ਜਖਮੀਆਂ ਵਿਚ ਇਕ ਵਿਦਿਆਰਥੀ ਵੀ ਸ਼ਾਮਿਲ ਹੈ।

ਹਾਦਸੇ ਵਿਚ 3 ਕਾਰਾਂ ਆਪਸ ਵਿਚ ਟਕਰਾ ਗਈਆਂ। ਵੀਲਿੰਗ ਪੁਲਿਸ ਵਿਭਾਗ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਹਾਦਸਾ ਸਥਾਨਕ ਸਮੇ ਅਨੁਸਾਰ ਰਾਤ 10 ਵਜੇ ਦੇ ਕਰੀਬ ਵੀਲਿੰਗ ਪਿੰਡ ਨੇੜੇ ਵਾਪਿਰਆ ਤੇ ਮਾਰੇ ਗਏ ਸਾਰੇ ਵਿਦਿਆਰਥੀਆਂ ਦੀ ਉਮਰ 16 ਤੋਂ 18 ਸਾਲਾਂ ਦੇ ਦਰਮਿਆਨ ਸੀ । ਉਹ





ਬੁਫੈਲੋ ਗਰੋਵ ਹਾਈ ਸਕੂਲ ਦੇ ਵਿਦਿਆਰਥੀ ਸਨ। ਪੁਲਿਸ ਅਨੁਸਾਰ ਮੁੱਢਲੇ ਤੌਰ 'ਤੇ ਲੱਗਦਾ ਹੈ ਕਿ ਹਾਦਸਾ ਟਰੈਫਿਕ ਸਿੱਗਨਲ ਦੀ ਉਲੰਘਣਾ ਤੇ ਤੇਜ ਰਫਤਾਰ ਕਾਰਨ ਵਾਪਰਿਆ। ਮਾਰੇ ਗਏ ਵਿਦਿਆਰਥੀਆਂ ਦੀ ਪਛਾਣ ਰਿਕੀ ਬਰਸੇਨਸ, ਰਿਚਰਡ ਡੀ ਲਟਾ, ਕੈਵਿਨ ਆਰ ਹਰਨੰਡਜ਼ ਟੈਰਨ ਤੇ ਜੀਸਸ ਰੌਡਰਿਗਜ਼ ਵਜੋਂ ਹੋਈ ਹੈ।

ਸਕੂਲ ਡਿਸਟ੍ਰਿਕਟ ਦੇ ਬੁਲਾਰੇ ਬੀਬੀ ਸਟੈਫਨੀ ਕਿਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿਚ ਉਹ ਪੀੜਤ ਪਰਿਵਾਰਾਂ ਤੇ ਉਨਾਂ ਦੇ ਮਿੱਤਰਾਂ ਦੋਸਤਾਂ ਨਾਲ ਖੜੇ ਹਨ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਜੈਨ ਹਿੰਦੂ ਮੰਦਿਰ ਦਾ ਸ਼ਰਧਾ ਪੂਰਵਕ ਉਦਘਾਟਨ

**ਸੈਕਰਾਮੈਂਟੋ, ਕੈਲੀਫੋਰਨੀਆ–** ਡਲਾਸ ਨੇੜੇ ਵਿੰਡਮ (ਟੈਕਸਾਸ) ਵਿਖੇ ਸਿੱਧਯਤਨ ਤੀਰਥ ਸਥਾਨ ਜੈਨ ਹਿੰਦੂ ਮੰਦਿਰ ਦਾ ਇਤਿਹਾਸਕ ਉਦਘਾਟਨ ਸ਼ਰਧਾ ਪੂਰਵਕ ਮੰਤਰਾਂ



ਦੇ ਉਚਾਰਣ ਦੌਰਾਨ ਹੋਇਆ। 60 ਏਕੜ ਵਿਚ ਫੈਲੇ ਤੇ 11000 ਵਰਗ ਫੁੱਟ ਵਿਚ ਬਣੇ ਮੰਦਿਰ ਨੂੰ ਸ਼ਰਧਾਲੂਆਂ ਨੂੰ ਸਮਰਪਿਤ ਕਰਨ ਮੌਕੇ ਸੈਂਕੜੇ ਲੋਕ ਇਕੱਤਰ ਹੋਏ । ਸਿੱਧਯਤਨ ਤੀਰਥ ਉਤਰੀ ਅਮਰੀਕਾ ਦਾ ਪਹਿਲਾ ਸਭ ਤੋਂ ਵੱਡਾ ਹਿੰਦੂ ਜੈਨ ਧਾਰਮਿੱਕ ਸਥਾਨ ਹੈ ਜਿਸ ਦੇ ਉਦਘਾਟਨ ਸਮਾਗਮ ਵਿਚ ਦੂਰ ਦੂਰ ਤੋਂ ਸ਼ਰਧਾਲੂ ਪੁੱਜੇ। ਅਮਰੀਕਾ ਦੇ ਨਿਊ ਮੈਕਸੀਕੋ , ਕੈਲੀਫੋਰਨੀਆ ਰਾਜਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਸ਼ਰਧਾਲੂਆਂ ਨੇ ਉਦਘਾਟਨੀ ਸਮਾਗਮ ਵਿਚ ਹਾਜਰੀ ਲਵਾਈ। ਜਿਆਦਾਤਰ ਮਹਿਮਾਨ ਡਲਾਸ, ਫੋਰਟ ਵਰਥ ਤੇ ਹੋਸਟਨ ਤੋਂ ਸਨ। ਇਸ ਮੌਕੇ ਸੰਸਥਾਪਕ ਐਚ ਐਚ ਅਚਾਰੀਆ ਸ੍ਰੀ ਯੋਗੀਸ਼ ਨੇ ਦਿੱਤੇ ਆਪਣੇ ਵਿਸ਼ੇਸ਼ ਧਾਰਮਿੱਕ ਸੰਦੇਸ਼ ਵਿਚ ਇਸ ਇਤਿਹਾਸਕ ਅਵਸਰ ਦੀ ਮਹੱਤਤਾ ਉਪਰ ਚਾਨਣਾ ਪਾਇਆ। ਟੈਕਸਾਸ ਦੇ ਗਵਰਨਰ



ਗਰੇਗ ਅਬੋਟ ਨੇ ਇਸ ਮੌਕੇ ਆਪਣੇ ਇਕ ਸੁਨੇਹੇ ਵਿਚ ਕਿਹਾ ਹੈ ਕਿ ਇਸ ਮੰਦਿਰ ਤੇ ਸਮਾਧੀ ਪਾਰਕ ਦੀ ਸ਼ੁਰੂਆਤ ਨਾਲ ਸਾਰੇ ਟੈਕਸਾਸ ਵਾਸੀਆਂ ਨੂੰ ਜੈਨ ਤੇ ਹਿੰਦੂ ਭਾਈਚਾਰੇ ਦੀਆਂ ਅਮੀਰ ਰਵਾਇਤਾਂ ਨੂੰ ਜਾਣਨ ਦਾ ਅਵਸਰ ਪ੍ਰਦਾਨ ਹੋਵੇਗਾ। ਭਾਰਤੀ ਕਲਾਸੀਕਲ ਸੰਗੀਤ ਤੇ ਡਾਂਸ ਦੀ ਪੇਸ਼ਕਾਰੀ ਨ੍ਰਿਤਿਆ ਅਰਪਨਮ ਅਕੈਡਮੀ ਆਫ ਆਰਟਸ ਦੇ ਕਲਾਕਾਰਾਂ ਵੱਲੋਂ ਕੀਤੀ ਗਈ। ਢੋਲੀ ਤਰਕ ਸ਼ਾਹ, ਢੋਲੀ ਟੀ ਕੇ, ਰਾਗਲੀਨਾ ਡਾਂਸ ਐਕਡਮੀ, ਰਵਿੰਦਰਾ ਸੀਤਾਰਾਮ ਸ੍ਰੀ ਰਾਮ ਮਿਊਜ਼ਕ ਸਕੂਲ, ਸ਼੍ਰੀਲਯਾ ਡਾਂਸ ਅਕੈਡਮੀ ਤੇ ਡਲਾਸ ਨਾਟਆਲਿਆ ਨੇ ਵੀ ਸਮਾਗਮ ਦੀ ਰੌਣਕ ਨੂੰ ਵਧਾਇਆ।

# ਅਮਰੀਕਾ ਦੇ ਇੰਡਿਆਨਾ ਰਾਜ ਵਿਚ 3 ਸਾਲ ਦੇ ਬੱਚੇ ਨੇ ਚਲਾਈ ਗੋਲੀ, ਮਾਂ ਸਮੇਤ 2 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਇੰਡਿਆਨਾ ਰਾਜ ਵਿਚ ਲਫੇਅਟ ਵਿਖੇ ਇਕ 3 ਸਾਲ ਦੇ ਬੱਚੇ ਨੇ ਗੋਲੀ ਚਲਾ ਕੇ ਆਪਣੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ। ਲਫੇਅਟ ਪੁਲਿਸ ਵਿਭਾਗ ਦੇ ਲੈਫਟੀਨੈਂਟ ਜਸਟਿਨ ਹਾਰਟਮੈਨ ਨੇ ਕਿਹਾ ਹੈ ਕਿ ਜ਼ਖਮੀ ਹੋਇਆ ਵਿਅਕਤੀ ਇਕ ਕਤਲ ਦੇ ਮਾਮਲੇ



ਵਿਚ ਲੋੜੀਂਦਾ ਸੀ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨਾਂ ਕਿਹਾ ਕਿ ਬੱਚੇ ਕੋਲ ਗੰਨ ਕਿਥੋਂ ਆਈ ਜਾਂ ਕਿਸ ਕਿਸਮ ਦਾ ਹਥਿਆਰ ਬੱਚੇ ਨੇ ਵਰਤਿਆ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਾਰਟਮੈਨ ਅਨੁਸਾਰ ਜ਼ਖਮੀ ਵਿਅਕਤੀ 23 ਸਾਲਾ ਟਰੇਸ਼ੌਨ ਸਮਿੱਥ ਬੱਚੇ ਦੀ ਮਾਂ ਦਾ ਦੋਸਤ ਸੀ ਜੋ ਉਨਾਂ ਦੇ ਘਰ ਆਉਂਦਾ ਜਾਂਦਾ ਰਹਿੰਦਾ ਸੀ। ਉਸ ਵਿਰੁੱਧ ਕੁੱਕ ਕਾਊਂਟੀ, ਇਲੀਨੋਇਸ ਵੱਲੋਂ ਇਕ ਕਤਲ ਦੇ ਮਾਮਲੇ ਵਿਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹੋਏ ਸਨ। ਉਨਾਂ ਕਿਹਾ ਕਿ ਲਫੇਅਟ ਪੁਲਿਸ ਵਿਭਾਗ ਸਮਿਥ ਦੀ ਗ੍ਰਿਫਤਾਰੀ ਸਬੰਧੀ ਕੁੱਕ ਕਾਊਂਟੀ ਦੇ ਮਾਰਖਮ ਪੁਲਿਸ ਵਿਭਾਗ ਨਾਲ ਸਹਿਯੋਗ ਕਰ ਰਿਹਾ ਹੈ।

# ਸੜਕ ਹਾਦਸੇ ਵਿਚ ਮੇਰੇ ਪਤੀ ਨੇ ਮੇਰੇ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ

**ਸੈਕਰਾਮੈਂਟੋ, ਕੈਲੀਫੋਰਨੀਆ–** ਇਸ ਸਾਲ 2 ਜਨਵਰੀ ਨੂੰ ਪੈਸਿਫਿਕ ਕੋਸਟ ਹਾਈਵੇਅ ਉਪਰ ਹੋਏ ਸੜਕ ਹਾਦਸੇ ਸਬੰਧੀ ਸਾਹਮਣੇ ਆਏ ਇਕ ਨਵੇਂ ਦਸਤਾਵੇਜ ਵਿਚ ਨੇਹਾ ਪਟੇਲ ਨੇ ਕਿਹਾ ਹੈ ਕਿ ਇਹ ਮਹਿਜ਼ ਇਕ ਹਾਦਸਾ ਨਹੀਂ ਸੀ ਬਲਕਿ ਉਸ ਦੇ ਪਤੀ ਭਾਰਤੀ ਮੂਲ ਦੇ ਅਮਰੀਕੀ ਡਾ ਧਰਮੇਸ਼ ਏ ਪਟੇਲ ਜੋ ਕਾਰ ਨੂੰ ਚਲਾ ਰਿਹਾ ਸੀ, ਨੇ ਸੋਚੀ ਸਮਝੀ ਯੋਜਨਾ ਤਹਿਤ ਕਾਰ ਖੱਡ ਵਿਚ ਸੁੱਟ ਕੇ ਮੇਰੇ ਦੋ ਬੱਚਿਆਂ ਸਮੇਤ ਮੈਨੂੰ ਮਾਰਨ ਦਾ ਯਤਨ ਕੀਤਾ ਸੀ। ਇਹ ਚਮਤਕਾਰ ਹੀ ਸੀ ਕਿ ਇਸ ਹਾਦਸੇ ਵਿਚ ਟੈਲਸਾ ਕਾਰ 300 ਫੁੱਟ ਤੋਂ ਵਧ ਡੂੰਘੀ ਖੱਡ ਵਿਚ ਡਿੱਗ ਕੇ ਚਕਨਾਚੂਰ ਹੋ ਗਈ ਸੀ ਪਰੰਤੂ ਕਾਰ ਵਿਚ ਸਵਾਰ 7 ਤੇ 4 ਸਾਲ ਦੇ ਦੋ ਬੱਚਿਆਂ ਸਮੇਤ ਪਤੀ ਤੇ ਪਤਨੀ ਬਚ ਗਏ ਸਨ। ਪਾਸਾਡੇਨਾ (ਕੈਲੀਫੋਰਨੀਆ) ਵਾਸੀ ਡਾ ਧਰਮੇਸ਼ ਪਟੇਲ ਨੇ ਦਾਅਵਾ ਕੀਤਾ ਸੀ ਕਿ ਤਕਨੀਕੀ ਖਰਾਬੀ ਕਾਰਨ ਇਹ ਹਾਦਸਾ ਵਾਪਰਿਆ ਸੀ। ਉਸ ਦੇ ਇਸ ਦਾਅਵੇ ਨੂੰ ਉਸ ਦੀ ਪਤਨੀ ਨੇਹਾ ਨੇ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਰੇਡੀਆਲੋਜਿਸਟ ਡਾ ਧਰਮੇਸ਼ ਵਿਰੁੱਧ 3 ਹੱਤਿਆਵਾਂ ਦੀ ਕੋਸ਼ਿਸ਼ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਮਾਮਲੇ ਸਬੰਧੀ ਲਿਫਾਫੇ ਵਿਚ ਬੰਦ ਨੇਹਾ ਦਾ ਬਿਆਨ ਬੀਤੇ ਦਿਨ ਖੋਲਿਆ ਗਿਆ। ਦਸਤਾਵਜੇ ਅਨੁਸਾਰ ਮੌਕੇ 'ਤੇ ਮੌਜੂਦ ਕਿਸੇ ਵੀ ਗਵਾਹ ਨੇ ਇਹ ਨਹੀਂ ਕਿਹਾ ਕਿ ਸੜਕ ਤੋਂ ਉਤਰ ਕੇ ਪਹਾੜੀ ਵੱਲ ਵਧ ਰਹੀ ਤੇਜ ਰਫਤਾਰ ਕਾਰ ਨੂੰ ਡਰਾਈਵਰ ਨੇ ਬਰੇਕ ਲਾਉਣ ਦਾ ਯਤਨ ਕੀਤਾ ਸੀ।



# ਹਾਈ ਸਕੂਲ ਵਿਚ ਹਥਿਆਰ ਲਿਆਉਣ ਦੇ ਦੋਸ਼ਾਂ ਤਹਿਤ ਵਿਦਿਆਰਥੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਐਰੀਜ਼ੋਨਾ ਰਾਜ ਦੇ ਸ਼ਹਿਰ ਫੋਨਿਕਸ ਦੇ ਇਕ ਹਾਈ ਸਕੂਲ ਵਿਚ ਇਕ ਵਿਦਿਆਰਥੀ ਨੂੰ ਏ ਆਰ-15 ਹਥਿਆਰ ਤੇ ਗੋਲੀ ਸਿੱਕਾ ਲਿਆਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਫੋਨਿਕਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥੀ ਵੱਲੋਂ ਸਕੂਲ ਕੈਂਪਸ ਵਿਚ ਗੰਨ ਲਿਆਉਣ ਦੀ ਸਕੂਲ ਵੱਲੋਂ ਸੂਚਨਾ ਦੇਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਫੋਨਿਕਸ ਯੁਨੀਅਨ ਹਾਈ ਸਕੂਲ ਡਿਸਟ੍ਰਿਕਟ ਨੇ ਜਾਰੀ ਇਕ ਈ ਮੇਲ ਬਿਆਨ ਵਿਚ ਕਿਹਾ ਹੈ ਕਿ ਬੋਸਟਰੋਮ ਹਾਈ ਸਕੂਲ ਦੇ ਪ੍ਰਸ਼ਾਸਨ ਨੂੰ ਇਕ ਵਿਦਿਆਰਥੀ ਕੋਲ ਸੰਭਾਵੀ ਹਥਿਆਰ ਹੋਣ ਦਾ ਪਤਾ ਲੱਗਣ 'ਤੇ ਪੁਲਿਸ ਬੁਲਾਈ ਗਈ। ਪੁਲਿਸ ਅਫਸਰਾਂ ਨੇ ਨਬਾਲਗ ਵਿਦਿਆਰਥੀ ਕੋਲੋਂ ਹਥਿਆਰ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਅਨੁਸਾਰ ਉਸ ਨੇ ਤੁਰੰਤ ਕਾਰਵਾਈ ਕਰਕੇ ਵਿਦਿਆਰਥੀ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਦੇ ਖਾਣੇ ਵਾਲੇ ਡੱਬੇ ਵਿਚੋਂ ਹੋਰ ਕਾਰਤੂਸ ਵੀ ਬਰਾਮਦ ਹੋਏ ਹਨ। ਫੋਨਿਕਸ ਪੁਲਿਸ ਵਿਭਾਗ ਦਾ ਕਰਾਈਮ ਗੰਨ ਇੰਟੈਲੀਜੈਂਸ ਯੂਨਿਟ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ ਤੇ ਪੁਲਿਸ ਵਿਭਾਗ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਸਕੂਲ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

# ਅਮਰੀਕਾ ਦੇ ਕੈਨਸਾਸ ਸ਼ਹਿਰ ਦੀ ਇਕ ਨਾਈਟ ਕਲੱਬ ਵਿਚ ਹੋਈ ਗੋਲੀਬਾਰੀ ਵਿੱਚ 3 ਮੌਤਾਂ, 1 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਸ਼ਹਿਰ ਕੈਨਸਾਸ, ਮਿਸੋਰੀ ਦੀ ਇਕ ਨਾਈਟ ਕਲੱਬ ਵਿਚ ਹੋਈ ਗੋਲੀਬਾਰੀ ਵਿਚ 3 ਮੌਤਾਂ ਹੋਣ ਦੀ ਖਬਰ ਹੈ। ਕਨਸਾਸ ਸ਼ਹਿਰ ਦੇ ਪੁਲਿਸ ਵਿਭਾਗ ਨੇ ਗੋਲੀਬਾਰੀ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇੰਡਿਆਨਾ ਐਵਨਿਊ ਵਿਖੇ ਸਥਿੱਤ ਕਿਲਮੈਕਸ ਲੌਂਜ ਵਿਖੇ ਘੱਟੋ ਘੱਟ 5 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ ਜਿਨਾਂ ਵਿਚੋਂ 3 ਵਿਅਕਤੀ ਦਮ ਤੋੜ ਗਏ ਹਨ ਜਦ ਕਿ 2 ਹੋਰ ਜ਼ਖਮੀ ਹਾਲਤ ਵਿਚ ਹਨ ਜਿਨਾਂ ਵਿਚੋਂ 1 ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਸਥਾਨਕ ਸਮੇ ਅਨੁਸਾਰ ਤੜਕਸਾਰ ਡੇਢ ਵਜੇ ਦੇ ਕਰੀਬ ਨਾਈਟ ਕਲੱਬ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਅਨੁਸਾਰ ਸਾਰੇ ਪੀੜਤ ਬਾਲਗ ਹਨ। 3 ਪੀੜਤਾਂ ਨੂੰ ਈ ਐਮ ਐਸ ਹਸਪਤਾਲ ਲਿਜਾਇਆ ਗਿਆ ਜਿਨਾਂ ਵਿਚੋਂ ਦੋ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਤੀਸਰਾ ਬਾਅਦ ਵਿਚ ਦਮ ਤੋੜ ਗਿਆ। 2 ਜ਼ਖਮੀ ਹਸਪਤਾਲ ਵਿਚ ਜੇਰੇ ਇਲਾਜ਼ ਹਨ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਗੋਲੀਬਾਰੀ ਸਬੰਧੀ ਕੋਈ ਵੀ ਜਾਣਕਾਰੀ ਦੇਣ ਲਈ ਆਮ ਲੋਕਾਂ ਨੂੰ ਅਗੇ ਆਉਣ ਲਈ ਕਿਹਾ ਹੈ ਤੇ ਇਸ ਵਾਸਤੇ 25000 ਡਾਲਰ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੈ।



# ਅਮਰੀਕਾ ਵਿਚ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਦੀ ਫਾਂਸੀ ਰੁਕੀ, ਮਾਮਲਾ ਸੁਪਰੀਮ ਕੋਰਟ ਜਾਵੇਗਾ- ਅਟਾਰਨੀ ਜਨਰਲ

**ਸੈਕਰਾਮੈਂਟੋ, ਕੈਲੀਫੋਰਨੀਆ–** ਇਕ ਅਪੀਲ ਕੋਰਟ ਨੇ ਸੁਣਾਏ ਇਕ ਫੈਸਲੇ ਵਿਚ ਕਿਹਾ ਹੈ ਕਿ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਜੋਸਫ ਕਲਿਫਟਨ ਸਮਿਥ ਦੀ ਦਿਮਾਗੀ ਅਸਮਰਥਾ ਕਾਰਨ ਉਸ ਨੂੰ ਸੁਣਾਈ ਮੌਤ ਦੀ ਸਜ਼ਾ ਉਪਰ ਅਮਲ ਨਹੀਂ ਕੀਤਾ ਜਾ ਸਕਦਾ। ਅਪੀਲ ਕੋਰਟ ਨੇ ਸਟੇਟ ਆਫ ਅਲਬਾਮਾ ਨੂੰ ਦਿੱਤੇ ਆਦੇਸ਼ ਵਿਚ ਮੌਤ ਦੀ ਸਜ਼ਾ ਉਪਰ ਅਮਲ ਰੋਕਣ ਲਈ ਕਿਹਾ ਹੈ। ਸਮਿੱਥ ਨੂੰ 20 ਮਈ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਜਾਣੀ ਸੀ। ਸ਼ੁੱਕਰਵਾਰ ਨੂੰ ਦਿੱਤੇ ਇਸ ਫੈਸਲੇ ਦਾ ਮਤਲਬ ਹੈ ਕਿ 53 ਸਾਲ ਸਮਿਥ ਨੂੰ ਓਦੋਂ ਤੱਕ ਫਾਂਸੀ ਸੰਭਵ ਨਹੀਂ ਹੈ ਜਦੋਂ ਤੱਕ ਸੁਪਰੀਮ ਕੋਰਟ ਅਪੀਲ ਕੋਰਟ ਦਾ ਫੈਸਲਾ ਰੱਦ ਨਹੀਂ ਕਰ ਦਿੰਦੀ। ਅਲਾਬਾਮਾ ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਅਪੀਲ ਕੋਰਟ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਫੈਸਲੇ 'ਤੇ ਪੁਨਰ ਵਿਚਾਰ ਲਈ ਅਮਰੀਕੀ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ।



# ਮੁੱਖ ਮੰਤਰੀ ਵੱਲੋਂ ਰਣਜੀਤ ਸਾਗਰ ਡੈਮ ਦੇ ਆਲੇ-ਦੁਆਲੇ ਦੇ ਖੇਤਰ ਖਾਸ ਕਰਕੇ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ- ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ

**ਧਾਰ (ਪਠਾਨਕੋਟ), 18 ਮਈ (ਰਾਜਿੰਦਰ ਸਿੰਘ ਰਾਜਨ) –** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਵੱਲੋਂ ਰਣਜੀਤ ਸਾਗਰ ਡੈਮ ਦੇ ਆਲੇ-ਦੁਆਲੇ ਦੇ ਖੇਤਰ ਖਾਸ ਕਰਕੇ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਠੋਸ ਤੇ ਸੁਹਿਰਦ ਯਤਨ ਕੀਤੇ ਜਾਣਗੇ।





ਮੁੱਖ ਮੰਤਰੀ ਜੋ ਵੀਰਵਾਰ ਨੂੰ ਇਸ ਖੇਤਰ ਦੇ ਦੌਰੇ ’ਤੇ ਸਨ, ਨੇ ਕਿਹਾ ਕਿ ਇਸ ਖੇਤਰ ਨੂੰ ਵੱਡੇ ਪੱਧਰ ਦੀ ਰਮਣੀਕ ਸੈਰਗਾਹ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਠੋਸ ਉਪਰਾਲੇ ਕੀਤੇ ਜਾਣਗੇ। ਉਨਾਂ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਪਿਛਲੀਆਂ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਕਰ ਕੇ ਇਹ ਖੇਤਰ ਵਿਕਾਸ ਪੱਖੋਂ ਪਛੜਿਆ ਰਹਿ ਗਿਆ । ਭਗਵੰਤ ਮਾਨ ਨੇ ਕਿਹਾ ਕਿ ਖੇਤਰ ਵਿੱਚ ਸੈਰ-ਸਪਾਟੇ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਮੌਜੂਦ ਹਨ ਅਤੇ ਕੁਦਰਤੀ ਸੁੰਦਰਤਾ ਵਾਲੀ ਇਸ ਰਮਣੀਕ ਧਰਤੀ ਨੂੰ ਹੁਣ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਵਜੋਂ ਵਰਤਿਆ ਜਾਵੇਗਾ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਮੁੱਚੇ ਖੇਤਰ ਦੇ ਵਿਕਾਸ ਲਈ ਵਿਸਥਾਰਤ ਖਾਕਾ ਤਿਆਰ ਕਰਨ ਲਈ ਕਿਹਾ ਤਾਂ ਜੋ ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕੇ। ਉਨਾਂ ਕਿਹਾ ਕਿ ਇਹ ਇਲਾਕਾ ਕੁਦਰਤੀ ਸੋਮਿਆਂ ਨਾਲ ਭਰਪੂਰ ਹੈ ਜੋ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ ਤਾਂ ਜੋ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆਂਦੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਾਟਰ ਸਪੋਰਟਸ ਨੂੰ ਉਤਸ਼ਾਹਿਤ ਕਰਨ ਲਈ 'ਵਾਟਰ ਐਡਵੈਂਚਰ ਟੂਰਿਜ਼ਮ ਨੀਤੀ' ਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਹੈ ਜਿਸ ਨੂੰ ਇੱਥੇ ਵੀ ਲਾਗੂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਉਹ ਦਿਨ ਦੂਰ ਨਹੀਂ ਜਦੋਂ ਬੁਨਿਆਦੀ ਢਾਂਚੇ ਨੂੰ ਉੱਨਤ ਕਰਨ ਤੋਂ ਬਾਅਦ ਇਹ ਖੇਤਰ ਦੇਸ਼ ਭਰ ਦੇ ਸੈਲਾਨੀਆਂ ਦਾ ਕੇਂਦਰ ਬਣ ਜਾਵੇਗਾ। ਉਨਾਂ ਕਿਹਾ ਕਿ ਇਹ ਖੇਤਰ ਪੰਜਾਬ ਨੂੰ ਅੰਤਰ-ਰਾਸ਼ਟਰੀ ਸੈਰ ਸਪਾਟੇ ਦੇ ਨਕਸ਼ੇ ‘ਤੇ ਹੋਰ ਉਭਾਰਨ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ। ਇਸ ਤੋਂ ਪਹਿਲੋਂ ਮੁੱਖ ਮੰਤਰੀ ਨੇ ਰਣਜੀਤ ਸਾਗਰ ਡੈਮ ਦਾ ਵੀ ਦੌਰਾ ਕੀਤਾ ਅਤੇ ਡੈਮ ਦੀ ਉਸਾਰੀ ਦੌਰਾਨ ਜਾਨਾਂ ਗਵਾਉਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨਾਂ ਸ਼ਾਹਪੁਰ ਕੰਢੀ ਬੈਰੇਜ ਪ੍ਰਾਜੈਕਟ ਵਾਲੀ ਥਾਂ ਦਾ ਨਿਰੀਖਣ ਵੀ ਕੀਤਾ ਅਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ। ਇਸ ਮੌਕੇ ਵੱਖ-ਵੱਖ ਵਿਭਾਗਾ ਦੇ ਅਧਿਕਾਰੀ ਵੀ ਹਾਜ਼ਰ ਸਨ।

## ਅਸ਼ਵਨੀ ਸ਼ਰਮਾ ਵਲੋਂ ਭਾਜਪਾ ਪੰਜਾਬ ਦੀ ਸੂਬਾ ਕਾਰਜਕਾਰਨੀ ਦਾ ਐਲਾਨ

**ਚੰਡੀਗੜ੍ਹ, 18 ਮਈ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਦੀ ਕੌਮੀ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਭਾਜਪਾ ਪੰਜਾਬ ਦੀ ਸੂਬਾ ਕਾਰਜਕਾਰਨੀ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿੱਚ ਸਥਾਈ ਮੈਂਬਰਾਂ, ਕਾਰਜਕਾਰਨੀ ਮੈਂਬਰਾਂ ਅਤੇ ਵਿਸ਼ੇਸ਼ ਆਮੰਤਰਿਤ ਮੈਂਬਰਾਂ ਨੂੰ ਜਗਹ ਦਿੱਤੀ ਗਈ ਹੈ।

ਜੀਵਨ ਗੁਪਤਾ ਨੇ ਇਸ ਸਬੰਧ ਵਿੱਚ ਇੱਕ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਾਰਜਕਾਰਨੀ ਵਿੱਚ ਪੰਜਾਬ ਵਿੱਚ ਰਹਿੰਦੇ ਭਾਜਪਾ ਦੇ ਕੌਮੀ ਅਹੁਦੇਦਾਰ, ਭਾਜਪਾ ਦੇ ਸੂਬਾ ਕੋਰ ਗਰੁੱਪ ਮੈਂਬਰ, ਪੰਜਾਬ ਵਿੱਚ ਰਹਿੰਦੇ ਭਾਜਪਾ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ, ਭਾਜਪਾ ਦੇ ਸੰਸਦ ਮੈਂਬਰ ਅਤੇ ਵਿਧਾਇਕ ਅਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ, ਪੰਜਾਬ ਵਿੱਚ ਰਹਿੰਦੇ ਸਾਰੇ ਕੌਮੀ ਮੋਰਚਿਆਂ ਦੇ ਅਹੁਦੇਦਾਰਾਂ, ਪੰਜਾਬ ਭਾਜਪਾ ਦੇ ਜ਼ਿਲ੍ਹਾ ਇੰਚਾਰਜਾਂ ਅਤੇ ਸਹਿ-ਇੰਚਾਰਜਾਂ ਨੂੰ ਕਾਰਜਕਾਰਨੀ ਮੈਂਬਰਾਂ ਵਜੋਂ ਥਾਂ ਦਿੱਤੀ ਗਈ ਹੈ।

## ਪੰਜਾਬੀ ਲਿਖਾਰੀ ਸਭਾ (ਰਜਿ) ਜਲੰਧਰ ਦਾ ਮਹੀਨਾਵਾਰੀ ਪ੍ਰੋਗਰਾਮ ਕਰਵਾਇਆ ਗਿਆ

**ਜਲੰਧਰ –** ਪੰਜਾਬੀ ਲਿਖਾਰੀ ਸਭਾ (ਰਜਿ) ਜਲੰਧਰ ਦਾ ਮਹੀਨਾਵਾਰੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉਘੇ ਪੱਤਰਕਾਰ ਅਤੇ ਸਾਹਿਤਕਾਰ ਸ੍ਰ ਬਲਵਿੰਦਰ ਸਿੰਘ ਬਾਲਮ ਗੁਰਦਾਸਪੁਰ ਅਤੇ ਉਘੇ ਗਾਇਕ ਅਤੇ ਸਾਹਿਤਕਾਰ ਸ੍ਰ ਗੁਰਦੀਪ ਸਿੰਘ ਉਜਾਲਾ ਦੋ ਉੱਘੀਆਂ ਸ਼ਖ਼ਸੀਅਤਾਂ ਨੂੰ ਮਾਂ ਬੋਲੀ ਦਾ ਮਾਣ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਕਵੀ ਦਰਬਾਰ ਕਰਾਇਆ ਗਿਆ ਜਿਸ ਵਿਚ ਉੱਘੇ ਕਵੀਆਂ ਨੇ ਆਪਣੀਆਂ ਉਮਦਾ ਰਚਨਾਵਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ।

ਇਹਨਾਂ ਕਵੀਆਂ ਤੋਂ ਇਲਾਵਾ ਸ੍ਰ ਬਾਲਮ ਨੇ ਆਪਣੀਆਂ ਪੰਜਾਬੀ, ਅਤੇ ਹਿੰਦੀ ਵਿੱਚ ਲਿਖੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਪੜ ਕੇ ਸ਼ਰੋਤਿਆਂ ਨੂੰ ਸਰਸ਼ਾਰ ਕੀਤਾ। ਸਭਾ ਦੇ ਚੇਅਰਮੈਨ ਪ੍ਰੋ ਦਲਬੀਰ ਸਿੰਘ ਰਿਆੜ ਨੇ ਦੋਹਾਂ ਸਨਮਾਨਿਤ ਸ਼ਖ਼ਸੀਅਤਾਂ ਵਲੋਂ ਮਾਂ ਬੋਲੀ ਪੰਜਾਬੀ ਅਤੇ ਸਮਾਜ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ‘ਤੇ ਚਾਨਣਾਂ ਪਾਇਆ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ।ਸਟੇਜ ਸਕੱਤਰ ਦੀ ਸੇਵਾ ਮਾਸਟਰ ਮਹਿੰਦਰ ਸਿੰਘ ਅਨੇਜਾ ਨੇ ਬਾਖ਼ੂਬੀ ਨਿਭਾਈ। ਪ੍ਰੋਗਰਾਮ ਵਿੱਚ ਹਰਵਿੰਦਰ ਸਿੰਘ ਅਲਵਾਧੀ, ਐਸ ਐਸ ਸੰਧੂ, ਮਾਸਟਰ ਮਹਿੰਦਰ ਸਿੰਘ ਅਨੇਜਾ, ਹਰਭਜਨ ਸਿੰਘ ਨਾਹਲ, ਹਰਜਿੰਦਰ ਸਿੰਘ ਜਿੰਦੀ, ਮੁਖਵਿੰਦਰ ਸਿੰਘ ਸੰਧੂ, ਮਨਜੀਤ ਕੌਰ, ਡਾ ਮਨੋਜ ਫਗਵਾੜਵੀ, ਹਰਬੰਸ ਸਿੰਘ ਕਲਸੀ, ਬਲਬੀਰ ਸਿੰਘ, ਗੀਤਕਾਰ ਐਸ ਐਸ ਸੰਧੂ, ਕੁਲਵਿੰਦਰ ਗਾਖਲ, ਦਲਬੀਰ ਸਿੰਘ ਰਿਆੜ, ਪਰਮਦਾਸ ਹੀਰ, ਅਮਰ ਸਿੰਘ ਅਮਰ, ਪਰਮਜੀਤ ਸਿੰਘ ਨੈਨਾ, ਸੁਰਜੀਤ ਸਿੰਘ, ਸੁਰਿੰਦਰ ਮੋਹਨ, ਜਗਤਾਰ ਸਿੰਘ, ਅਮ੍ਰਿਤਪਾਲ ਸਿੰਘ ਹਾਮੀ, ਰਾਜਪਾਲ ਕੌਰ,ਰਾਮ ਸਿੰਘ ਇਨਸਾਫ, ਉਰਮਲਜੀਤ ਸਿੰਘ ਵਾਲੀਆ, ਆਰਕੀਟੈਕਟ ਏਕਸਜੋਤ ਕੌਰ, ਜਰਨੈਲ ਸਿੰਘ ਸਾਖੀ, ਹਰਵਿੰਦਰ ਸਿੰਘ, ਲਾਲੀ ਕਰਤਾਰਪੁਰੀ, ਮਨਜੀਤ ਕੌਰ ਆਦਿ ਹਾਜ਼ਰ ਰਹੇ। **– ਦਲਬੀਰ ਸਿੰਘ ਰਿਆੜ**






# ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 73 ਵੀ ਬਰਸੀ ਸਮੇਂ ਹੋਣਗੇ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਗੁਰਦੁਆਰਾ "ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 73 ਵੀ ਬਰਸੀ ਸਮੇਂ ਵਿਸ਼ੇਸ਼ ਸਮਾਗਮ ਹੋਣਗੇ। ਜਿਸ ਸੰਬੰਧੀ ਪ੍ਰਬੰਧਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 2 ਜੂਨ 2022, ਦਿਨ ਸ਼ੁੱਕਰਵਾਰ ਨੂੰ ਅਖੰਡ-ਪਾਠ ਅਰੰਭ ਹੋਣਗੇ ਅਤੇ ਜਿੰਨਾਂ ਦੇ ਭੋਗ 4 ਜੂਨ 2022, ਦਿਨ ਐਤਵਾਰ ਨੂੰ ਪਾਏ ਜਾਣਗੇ। ਜਿਸ ਉਪਰੰਤ ਗੁਰਬਾਣੀ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ ਸਜਣਗੇ। ਇਸ ਸਮੇਂ ਗੁਰਮਤਿ ਵਿਚਾਰਾ ਵੀ ਹੋਣਗੀਆਂ। ਇਸ ਸਮੇਂ ਜਿੱਥੇ ਬੱਚਿਆਂ ਨੂੰ ਗੁਰ-ਇਤਿਹਾਸ ਅਤੇ ਗੁਰਬਾਣੀ ਨਾਲ ਹਮੇਸਾ ਵਾਂਗ ਜੋੜਿਆ ਜਾਵੇਗਾ। ਉੱਥੇ ਬੱਚਿਆਂ ਦੇ ਮਨੋਰੰਜਨ ਲਈ ਵੱਖ-ਵੱਖ ਤਰਾਂ ਦੇ ਝੂਲੇ ਅਤੇ ਹੋਰ ਖੇਡਾਂ ਦਾ ਵੀ



ਪ੍ਰਬੰਧ ਕੀਤਾ ਜਾਵੇਗਾ। ਜਿਸ ਦੌਰਾਨ ਬੱਚਿਆਂ ਲਈ ਝੂਲੇ ਅਤੇ ਪੰਗੂੜੇ ਆਦਿਕ ਰਾਈਡਾਂ ਵੀ ਲਾਈਆਂ ਜਾਣਗੀਆਂ। ਸਮਾਗਮ ਦੌਰਾਨ ਗੁਰੂ ਦੇ ਲੰਗਰਾਂ ਦੇ ਸਟਾਲ ਲੱਗਣਗੇ।

ਇਸ ਸੰਬੰਧੀ ਪ੍ਰਬੰਧਕਾਂ ਵਿੱਚੋਂ ਸ. ਸੁਹਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਸੰਗਤਾਂ ਵੱਲੋਂ ਉਤਸਾਹ ਨਾਲ ਮਨਾਈ ਜਾ ਰਹੀ ਹੈ। ਉਨ੍ਹਾਂ ਇਸ ਵਿਸ਼ੇਸ਼ ਸਮਾਗਮ ਵਿੱਚ ਸਮੂੰਹ ਸੰਗਤਾਂ ਨੂੰ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਸਮਾਗਮ ਵਿੱਚ ਪਹੁੰਚਣ ਲਈ ਗੁਰੂਘਰ ਦਾ ਪਤਾ: 2630 N Locan Ave Fresno CA 93737 ਹੈ। ਹੋਰ ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਫ਼ੋਨ ਨੰਬਰ: (559) 417-2275 ਰਾਹੀ ਸੰਪਰਕ ਕਰ ਸਕਦੇ ਹੋ।

# ਕਨੇਡਾ ਦੇ ਸਾਹਿਤ ਤੇ ਕਲਾ ਜਗਤ ਨੇ ਡਾ. ਨਵਸ਼ਰਨ ਦੇ ਹੱਕ 'ਚ ਉਠਾਈ ਆਵਾਜ਼

**ਜਲੰਧਰ-** ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਲਸ ਮੰਚ ਦੇ ਬਾਨੀ ਪ੍ਰਧਾਨ, ਸ਼੍ਰੋਮਣੀ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਦੀ ਧੀ ਅਤੇ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਡਾ. ਨਵਸ਼ਰਨ ਨੂੰ ਮੋਦੀ ਹਕੂਮਤ ਦੁਆਰਾ ਮਾਨਸਿਕ ਪੀੜਾ ਦੇਣ ਅਤੇ ਝੂਠੇ ਕੇਸਾਂ 'ਚ ਫਸਾਉਣ ਲਈ ਹੋਛੇ ਹੱਥਕੰਡੇ ਅਪਣਾਏ ਜਾਣ ਦਾ ਕਨੇਡਾ ਦੀਆਂ ਸਾਹਿਤ ਅਤੇ



ਕਲਾ ਜਗਤ ਨਾਲ ਜੁੜੀਆਂ ਦਰਜਣਾਂ ਸੰਸਥਾਵਾਂ ਨੇ ਡਟਵਾਂ ਵਿਰੋਧ ਕਰਦਿਆਂ ਡਾ. ਨਵਸ਼ਰਨ ਦੇ ਹੱਕ 'ਚ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹੋਏ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਤੁਰੰਤ ਅਜੇਹੇ ਕਾਰੇ ਕਰਨੇ ਬੰਦ ਕਰੇ।

ਅਲਾਇੰਸ ਫਾਰ ਏ ਸੈਕੂਲਰ ਐਂਡ ਡੈਮੋਕਰੈਟਿਕ ਸਾਊਥ ਏਸ਼ੀਆ ਅਲਟਰਨੇਟਿਵਜ ਮਾਂਟਰੀਅਲ, ਅਲਟਰਨੇਟਿਵ ਇੰਟਰਨੈਸ਼ਨਲ ਸੈਂਟਰ ਟ੍ਰੈਵਲੀਅਰਜ਼ ਐਂਡ ਟ੍ਰੈਵਲੀਅਸ ਵਰਕਰਜ਼ ਸੈਂਟਰ ਮਾਂਟਰੀਅਲ, ਕਰਿਟੀਕਲ ਡਾਇਸਪੌਰਿਕ ਸਾਊਥ ਏਸ਼ੀਅਨ ਫੈਮੇਨਿਜ਼ਮਜ਼ ਇਨ ਸਾਊਥ ਏਸ਼ੀਆ (ਡੇਸਾ), ਵਿਨੀਪੈੱਗ, ਗੁਰਸ਼ਰਨ ਸਿੰਘ ਮੈਮੋਰੀਅਲ ਲੈਕਚਰ ਕਮੇਟੀ ਵੈਨਕੂਵਰ, ਇੰਡੀਆ ਸਿਵਲ ਵਾਚ ਇੰਟਰਨੈਸ਼ਨਲ, ਇੰਟਰਨੈਸ਼ਨਲ ਸਾਊਥ ਏਸ਼ੀਅਨ ਫੋਰਮ, ਜਸਟਿਸ ਫਾਰ ਆਲ ਕਨੇਡਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ, ਐਡਮਿੰਟਨ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਪ੍ਰੋਗਰੈਸਿਵ ਕਲਾ ਮੰਚ ਕੈਲ-ਗਰੀ, ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ (ਸਰੋਕਾਰਾਂ ਦੀ ਆਵਾਜ਼) ਕੈਲਗਰੀ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ, ਐਮ.ਬੀ. ਕਨੇਡਾ, ਰੰਗ ਕੁਲੈਕਟਿਵ, ਸਰੋਕਾਰਾਂ ਦੀ ਆਵਾਜ਼ ਟੋਰੰਟੋ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ, ਸਦਨ ਸਾਊਥ ਏਸ਼ੀਅਨ ਦਲਿਤ ਆਦਿਵਾਸੀ ਨੈੱਟਵਰਕ ਕਨੇਡਾ, ਸਦਾਕ (ਸਾਊਥ ਏਸ਼ੀਅਨ ਨੈੱਟਵਰਕ ਫਾਰ ਸੈਕੂਲੇਰਿਜ਼ਮ ਐਂਡ ਡੈਮੋਕਰੈਸੀ), ਸਾਊਥ ਏਸ਼ੀਅਨ ਡਾਇਸਪੋਰਾ ਐਕਸ਼ਨ ਕੁਲੈਕਟਿਵ ਵੈਨਕੂਵਰ, ਤਰਕਸ਼ੀਲ (ਰੈਸ਼ਨੇਲਿਸਟਸ) ਸੋਸਾਇਟੀ ਆਫ਼ ਕਨੇਡਾ ਅਤੇ ਤੀਸਰੀ ਦੁਨੀਆਂ ਥੀਏਟਰ ਨੇ ਮਿਲਕੇ ਕਨੇਡਾ ਅਤੇ ਦੁਨੀਆਂ ਭਰ 'ਚ ਦਸਤਖ਼ਤੀ ਮੁਹਿੰਮ ਚਲਾ ਕੇ ਸੱਦਾ ਦਿੱਤਾ ਹੈ ਕਿ ਉਹ ਕੌਮਾਂਤਰੀ ਮੰਚ 'ਤੇ ਜਾਣੀ-ਪਹਿਚਾਣੀ ਵਿਦਵਾਨ ਖੋਜ਼ੀ ਲੇਖਿਕਾ, ਸਮਾਜਕ ਅਤੇ ਜਮਹੂਰੀ ਕਾਰਕੁੰਨ ਦੇ ਹੱਕ 'ਚ ਬੇਖ਼ੌਫ਼ ਹੋ ਕੇ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।

# ਇੰਦੌਰ ਦੇ ਭੱਲਾ ਕੋਲ ਹੈ ਦੁਨੀਆ ਭਰ ਦੀਆਂ ਘੜੀਆਂ ਦਾ ਅਨਮੋਲ ਖਜ਼ਾਨਾ

**ਇੰਦੌਰ-** ਲਿਮਕਾ ਬੁੱਕ ਆਫ ਰਿਕਾਰਡਜ਼ ਵਿਚ ਆਪਣਾ ਨਾਮ ਦਰਜ ਕਰਨ ਵਾਲੇ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿਚ 78 ਸਾਲਾ ਅਨਿਲ ਭੱਲਾ ਦੇ ਘਰ 'ਚ ਦਾਖ਼ਲ ਹੁੰਦੇ ਹੀ ਕੰਨਾਂ 'ਚ ਦੁਨੀਆ ਭਰ ਦੀਆਂ ਦੁਰਲੱਭ ਘੜੀਆਂ ਦੀਆਂ ਵੱਖ-ਵੱਖ ਆਵਾਜ਼ਾਂ ਗੂੰਜਣ ਲੱਗਦੀਆਂ ਹਨ। ਪ੍ਰਾਚੀਨ ਘੜੀਆਂ ਨੂੰ ਚੱਲਦੇ ਵੇਖ ਕੇ ਅਜਿਹਾ ਲੱਗਦਾ ਹੈ ਕਿ ਅਸੀਂ ਕਿਸੇ ਟਾਈਮ ਮਸ਼ੀਨ 'ਚ ਬੈਠਕ ਅਤੀਤ ਵਿਚ ਪਹੁੰਚ ਗਏ ਹੋਈਏ। ਭੱਲਾ 'ਚ ਦੁਰਲੱਭ ਘੜੀਆਂ ਨੂੰ ਸੰਜੋਣ ਨੂੰ ਲੈ ਕੇ ਗਜਬ ਦਾ ਜਨੂੰਨ ਹੈ ਅਤੇ ਉਹ ਭਾਰਤ ਨਾਲ ਹੀ ਫਰਾਂਸ, ਸਵਿਟਜ਼ਰਲੈਂਡ, ਯੂ.ਕੇ, ਅਮਰੀਕਾ ਅਤੇ ਜਰਮਨੀ 'ਚ ਬਣੀਆਂ 650 ਤੋਂ ਵੱਧ ਘੜੀਆਂ ਦੇ ਅਨਮੋਲ ਖਜ਼ਾਨੇ ਦਾ ਮਾਲਕ ਹਨ।



### ਇੰਝ ਪੈਦਾ ਹੋਈਆਂ ਘੜੀਆਂ ਇਕੱਠੀਆਂ ਕਰਨ ਦਾ ਸ਼ੌਕ

ਭੱਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਰਲੱਭ ਘੜੀਆਂ ਇਕੱ-ਠੀਆਂ ਕਰਨ ਦਾ ਸ਼ੌਕ ਆਪਣੇ ਦਾਦਾ ਹੁਕੂਮਤ ਰਾਏ ਭੱਲਾ ਤੋਂ ਵਿਰਾਸਤ 'ਚ ਮਿਲਿਆ ਹੈ, ਜੋ ਉੱਚ ਸਿੱਖਿਆ ਲਈ ਵਿਦੇਸ਼ 'ਚ ਰਹਿਣ ਦੌਰਾਨ ਉੱਥੋਂ ਕੁਝ ਘੜੀਆਂ ਦੇਸ਼ ਲੈ ਕੇ ਆਏ ਸਨ। ਉਨ੍ਹਾਂ ਕਿਹਾ ਕਿ ਮੈਂ 16 ਸਾਲ ਦੀ ਉਮਰ 'ਚ ਜੋ ਪਹਿਲੀ ਘੜੀ ਖਰੀਦੀ ਸੀ, ਉਹ ਇਕ 'ਐਨੀਵਰਸਰੀ ਕਲਾਕ' ਸੀ, ਜਿਸਦਾ ਮਤਲਬ ਹੈ ਕਿ ਇਸ ਨੂੰ ਸਾਲ 'ਚ ਸਿਰਫ ਇਕ ਵਾਰ ਚਾਬੀ ਲਗਾਉਣ ਦੀ ਜ਼ਰੂਰਤ ਹੁੰਦੀ ਹੈ। ਇਸ ਤੋਂ ਬਾਅਦ ਜਦੋਂ ਵੀ ਮੇਰੇ ਕੋਲ ਕੁਝ ਵਾਧੂ ਪੈਸੇ ਹੁੰਦੇ ਤਾਂ ਮੈਂ ਘੜੀਆਂ ਖਰੀਦ ਲੈਂਦਾ।

### ਲਿਮਕਾ ਬੁੱਕ ਆਫ ਰਿਕਾਰਡਜ਼ ਦਾ ਵੀ ਮਿਲਿਆ ਸਰਟੀਫ਼ਿਕੇਟ

ਭੱਲਾ ਦੇ ਖ਼ਜ਼ਾਨੇ 'ਚ ਸਾਲ ਦਰ ਸਾਲ ਵੱਖ-ਵੱਖ ਤਰ੍ਹਾਂ ਦੀਆਂ ਘੜੀਆਂ ਜਮ੍ਹਾਂ ਹੁੰਦੀਆਂ ਰਹੀਆਂ। ਉਨ੍ਹਾਂ ਦੱਸਿਆ ਕਿ ਸਾਲ 2013 'ਚ ਲਿਮਕਾ ਬੁੱਕ ਆਫ ਰਿਕਾਰਡਜ਼ ਨੇ ਉਨ੍ਹਾਂ ਦੇ ਨਾਂ ਰਾਸ਼ਟਰੀ ਰਿਕਾਰਡ ਦਾ ਸਰਟੀਫ਼ਿਕੇਟ ਜਾਰੀ ਕੀਤਾ ਸੀ। ਸਰਟੀਫ਼ਿਕੇਟ ਮੁਤਾਬਕ ਭੱਲਾ ਦੇ ਦੁਰਲੱਭ ਸੰਗ੍ਰਹਿ ਵਿਚ ਸਭ ਤੋਂ ਪੁਰਾਣੀ ਘੜੀ 10 ਫੁੱਟ ਉੱਚੀ 'ਗ੍ਰੈਂਡਫਾਦਰ ਕਲਾਕ' ਹੈ, ਜਿਸ ਦਾ ਨਿਰਮਾਣ ਫਰਾਂਸ ਵਿਚ ਸਾਲ 1750 ਦੌਰਾਨ ਕੀਤਾ ਗਿਆ ਸੀ।

ਹਾਲਾਂਕਿ ਭੱਲਾ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਅਜਿਹੀ ਘੜੀ ਵੀ ਹੈ, ਜੋ ਸਾਲ 1700 ਦੇ ਆਸ-ਪਾਸ ਬਣੀ ਸੀ। ਉਨ੍ਹਾਂ ਦੱਸਿਆ ਕਿ ਸੰਗ੍ਰਹਿ 'ਚ ਸ਼ਾਮਲ ਵਿਲੱਖਣ ਘੜੀਆਂ 'ਚ 1830 ਦੌਰਾਨ ਇੰਗਲੈਂਡ 'ਚ ਲੱਕੜ ਦੇ ਇਕ ਟੁਕੜੇ ਤੋਂ ਉੱਕਰੀ ਘੜੀ ਸ਼ਾਮਲ ਹੈ, ਜੋ ਵੱਖ-ਵੱਖ 'ਡਾਇਲ' ਰਾਹੀਂ ਇਕੋ ਸਮੇਂ ਦੁਨੀਆ ਦੇ 16 ਵੱਡੇ ਸ਼ਹਿਰਾਂ ਦਾ ਸਮਾਂ ਦਰਸਾਉਂਦੀ ਹੈ।

### ਕਬਾੜੀਏ ਤੋਂ ਵੀ ਖਰੀਦੀਆਂ ਘੜੀਆਂ

ਭੱਲਾ ਮੁਤਾਬਕ ਉਨ੍ਹਾਂ ਦੇ ਸੰਗ੍ਰਹਿ 'ਚ ਭਾਰਤ 'ਚ ਬਣੀ ਇਕੋ-ਇਕ ਘੜੀ 'ਵੰਦੇ ਮਾਤਰਮ' ਹੈ। ਉਨ੍ਹਾਂ ਦੱਸਿਆ ਕਿ ਕਰੀਬ 65 ਸਾਲ ਪੁਰਾਣੀ ਇਸ ਘੜੀ ਦਾ ਬਾਹਰੀ ਢੱਕਣ ਸ਼ੁੱਧ ਤਾਂਬੇ ਦਾ ਬਣਿਆ ਹੋਇਆ ਹੈ ਅਤੇ ਇਸ 'ਤੇ ਦੇਵੀ-ਦੇਵਤਿਆਂ ਦੇ ਨਾਲ-ਨਾਲ ਮਹਾਤਮਾ ਗਾਂਧੀ ਅਤੇ ਬਾਲ ਗੰਗਾਧਰ ਤਿਲਕ ਦੀਆਂ ਮੂਰਤੀਆਂ ਉੱਕਰੀਆਂ ਹੋਈਆਂ ਹਨ। ਭੱਲਾ ਲੰਬੇ ਸਮੇਂ ਤੋਂ ਆਟੋਮੋਬਾਈਲ ਕਾਰੋਬਾਰ ਨਾਲ ਜੁੜੇ ਹੋਏ ਹਨ ਅਤੇ ਇਨ੍ਹੀਂ ਦਿਨੀਂ ਉਹ ਦੁਰਲੱਭ ਘੜੀਆਂ ਦੀ ਸਾਂਭ-ਸੰਭਾਲ ਅਤੇ ਮੁਰੰਮਤ 'ਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਮੇਰੇ ਕੋਲ ਕਈ ਅਜਿਹੀਆਂ ਘੜੀਆਂ ਹਨ, ਜਿਨ੍ਹਾਂ ਨੂੰ ਮੈਂ ਕਬਾੜੀਆਂ ਤੋਂ ਬੰਦ ਹਾਲਤ 'ਚ ਖਰੀਦਿਆ ਸੀ। ਮੈਂ ਦੁਨੀਆ ਭਰ ਤੋਂ ਇਨ੍ਹਾਂ ਦੇ ਕਲ-ਪੁਰਜੇ ਇਕੱਠੇ ਕਰ ਕੇ ਇਨ੍ਹਾਂ ਦੀ ਮੁਰੰਮਤ ਕੀਤੀ ਅਤੇ ਉਨ੍ਹਾਂ ਨੂੰ ਚਲਾਇਆ।

# ਪੰਜ ਪਿਆਰਿਆਂ ਦਾ ਪਹਿਲਾ ਜੱਥਾ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰਵਾਨਾ



**ਚਮੋਲੀ-** ਸ੍ਰੀ ਹੇਮਕੁੰਟ ਸਾਹਿਬ ਅਤੇ ਲਕਸ਼ਮਣ ਮੰਦਰ ਦੇ ਕਿਵਾੜ ਖੁੱਲਣ ਨੂੰ ਲੈ ਕੇ ਸ਼ਰਧਾਲੂਆਂ ਵਿਚ ਭਾਰੀ ਉਤਸ਼ਾਹ ਹੈ।ਹਿਮਾਲਿਆ ਦੇ ਉੱਚਾਈ ਵਾਲੇ ਖੇਤਰ 'ਚ ਸਥਿਤ ਧਾਰਮਿਕ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਅਤੇ ਲੋਕਪਾਲ ਲਕਸ਼ਮਣ ਮੰਦਰ ਦੇ ਕਿਵਾੜ ਅੱਜ ਯਾਨੀ ਕਿ ਸ਼ਨੀਵਾਰ ਨੂੰ ਖੁੱਲ੍ਹਣਗੇ। ਕਿਵਾੜ ਖੁੱਲ੍ਹਣ ਦੀ ਪ੍ਰਕਿਰਿਆ ਦੇ ਤਹਿਤ ਸ਼ੁੱਕਰਵਾਰ ਨੂੰ ਪੰਜ ਪਿਆਰਿਆਂ ਦੀ ਅਗਵਾਈ 'ਚ ਪਹਿਲਾ ਜੱਥਾ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰਵਾਨਾ ਹੋ ਗਿਆ ਹੈ। ਪਹਿਲੇ ਜੱਥੇ 'ਚ 650 ਤੋਂ ਵੱਧ ਯਾਤਰੀ ਹੇਮਕੁੰਟ ਸਾਹਿਬ ਲਈ ਰਵਾਨਾ ਹੋਣਗੇ। ਪੰਜ ਪਿਆਰਿਆਂ ਦੀ ਅਗਵਾਈ 'ਚ ਸਵੇਰੇ ਗੋਬਿੰਦਘਾਟ ਤੋਂ ਸ਼ੁਰੂ ਹੋਈ ਯਾਤਰਾ 14 ਕਿਲੋਮੀਟਰ ਪੈਦਲ ਦੂਰੀ ਤੈਅ ਕਰ ਕੇ ਘਾਂ-ਘਰੀਆ ਪਹੁੰਚ ਗਈ ਹੈ। ਅੱਜ ਸਵੇਰੇ ਹੇਮਕੁੰਟ ਸਾਹਿਬ ਅਤੇ ਲੋਕਪਾਲ ਲਕਸ਼ਮਣ ਮੰਦਰ ਦੇ ਕਿਵਾੜ ਖੁੱਲ੍ਹਣਗੇ।

ਗੋਬਿੰਦਘਾਟ ਗੁਰਦੁਆਰੇ ਵਿਚ ਸਵੇਰੇ ਗੁਰਬਾਣੀ, ਅਰਦਾਸ, ਸੁਖਮਣੀ ਸਾਹਿਬ ਦੇ ਪਾਠ, ਸ਼ਬਦ ਕੀਰਤਨ ਕੀਤਾ ਗਿਆ। ਇਸ ਤੋਂ ਬਾਅਦ ਗੋਬਿੰਦਘਾਟ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਤੀਰਥ ਯਾਤਰੀਆਂ ਦਾ ਪਹਿਲਾ ਜਥਾ 14 ਕਿ-ਲੋਮੀਟਰ ਪੈਦਲ ਦੂਰੀ ਤੈਅ ਕਰ ਕੇ ਘਾਂਘਰੀਆ ਗੁਰਦੁਆਰਾ ਸਾਹਿਬ ਪਹੁੰਚਿਆ। ਸ੍ਰੀ ਹੇਮਕੁੰਟ ਸਾਹਿਬ ਵਿਚ ਕਿਵਾੜ ਖੁੱਲ੍ਹਣ ਮੌਕੇ ਗੁਰਦੁਆਰਾ ਸਾਹਿਬ ਅਤੇ ਲਕਸ਼ਮਣ ਮੰਦਰ ਨੂੰ ਫੁੱਲਾਂ ਨਾਲ ਸਜਾਇਆ ਗਿਆ ਹੈ। ਹੇਮਕੁੰਟ ਤੱਕ ਪੈਦਲ ਮਾਰਗ ਦਾ ਰਸਤਾ ਪਹਿਲਾਂ ਤੋਂ ਹੀ ਸੁਚਾਰੂ ਹੈ। ਘੋੜੇ ਖੱਚਰ ਤੋਂ ਯਾਤਰੀ ਅਟਲਾਕੋਟੀ ਤੱਕ ਹੀ ਜਾਣਗੇ। ਇੱਥੋਂ ਯਾਤਰੀਆਂ ਨੂੰ ਪੈਦਲ ਹੀ ਬਰਫ਼ ਵਿਚਾਲੇ ਸਫ਼ਰ ਕਰਨਾ ਹੋਵੇਗਾ। ਅਜੇ ਵੀ ਹੇਮਕੁੰਟ ਸਾਹਿਬ ਵਿਚ ਬਰਫ਼ ਮੌਜੂਦ ਹੈ। ਫ਼ਿਲਹਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਯਾਤਰਾ ਦੀ ਮਨਾਹੀ ਹੈ।

# ਨਿਹੰਗ ਬਣ ਕੇ ਆਏ ਸਰਾਰਤੀ ਅਨਸਰਾਂ ਨੇ ਕੀਤੀ ਚਰਚ ਦੀ ਭੰਨਤੋੜ

**ਅੰਮ੍ਰਿਤਸਰ-** ਅੰਮ੍ਰਿਤਸਰ ਦੇ ਪਿੰਡ ਰਾਜੇਵਾਲ ਦੇ ਕੋਲ ਚਰਚ ਵਿਚ ਸਰਾਰਤੀ ਅਨਸਰਾਂ ਵੱਲੋ ਭੰਨਤੋੜ ਕੀਤੀ ਗਈ। ਇਸ ਦੇ ਵਿਰੁੱਧ ਵਿੱਚ ਇਸਾਈ ਭਾਈਚਾਰੇ ਵੱਲੋਂ ਮੇਨ ਰੋਡ ਜਾਮ ਕਰ ਧਰਨਾ ਲਗਾਇਆ ਹੈ। ਉਨ੍ਹਾਂ ਦੀ ਮੰਗ ਹੈ ਕਿ ਮੁਲਜ਼ਮ ਨਿਹੰਗ ਜਥੇਬੰਦੀਆਂ ਨੂੰ ਗਿਰਫ਼ਤਾਰ ਕੀਤਾ ਜਾਵੇ। ਇਸ ਮੌਕੇ ਇਸਾਈ ਭਾਈਚਾਰੇ ਦੇ ਆਗੂ ਜੋਨ ਕੋਟਲੀ ਨੇ ਕਿਹਾ ਕਿ ਇਨ੍ਹੀ ਮੰਦਭਾਗੀ ਘਟਨਾ ਹੈ ਅੱਜ ਸਵੇਰੇ 15 ਦੇ ਕਰੀਬ



ਨਿਹੰਗ ਸਿੰਘ ਹਥਿਆਰਾਂ ਦੇ ਨਾਲ ਲੈਸ ਹੋ ਕੇ ਆਏ ਸਨ। ਇਸਾਈ ਭਾਈਚਾਰੇ ਦੇ ਲੋਕਾਂ 'ਤੇ ਤਲਵਾਰਾਂ ਮਾਰਨੀਆ ਸ਼ੁਰੂ ਕਰ ਦਿੱਤੀਆਂ, ਉਨ੍ਹਾ ਦੀਆਂ ਗੱਡੀਆਂ ਦੀ ਭੰਨ ਤੋੜ ਕੀਤੀ ਗਈ। ਕਈ ਲੋਕ ਜਖ਼ਮੀ ਵੀ ਹੋਏ ਹਨ ਉਨ੍ਹਾਂ ਕਿਹਾ ਉਹ ਲ਼ੋਕ ਸ਼ਾਂਤਮਈ ਢੰਗ ਦੇ ਨਾਲ ਪ੍ਰਾਥਨਾ ਕਰ ਰਹੇ ਸੀ। ਸਾਡੇ ਧਰਮ ਗ੍ਰੰਥ ਦੀ ਬੇਅਦਬੀ ਕੀਤੀ ਗਈ ਹੈ ਉਸਨੂੰ ਕੁਚਲਿਆ ਗਿਆ ਹੈ ਉਸ ਨੂੰ ਫੜਿਆ ਗਿਆ ਹੈ ਉਸਦੇ ਅੰਗ ਫਾੜੇ ਗਏ ਹਨ। ਜੋਨ ਕੋਟਲੀ ਨੇ ਕਿਹਾ ਜਿਹੜੀ ਧਾਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ 'ਤੇ 307 ਧਾਰਾ ਲੱਗਦੀ ਹੈ। ਉਹ ਧਾਰਾ ਬਾਈਬਲ ਦੀ ਬੇਅਦਬੀ ਕਰਨ ਵਾਲਿਆਂ ਉਤੇ ਵੀ ਲੱਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕੰਮ ਵਿੱਚ ਜੋ ਨਿਹੰਗ ਜਥੇਬੰਦੀਆਂ ਸ਼ਾਮਲ ਉਨ੍ਹਾਂ 'ਤੇ ਵੀ ਕਾਰਵਾਈ ਹੋਵੇ।

ਉਨ੍ਹਾਂ ਕਿਹਾ ਕਿ ਅੱਜ ਤੋਂ ਛੇ ਮਹੀਨੇ ਪਹਿਲਾਂ ਵੀ ਪਿੰਡ ਡੱਡੂਆਨੇ ਚਰਚ ਵਿੱਚ ਇਹ ਘਟਨਾ ਹੋਈ ਸੀ। ਪੁਲਿਸ ਅਧਿਕਾਰੀਆਂ ਨੇ ਮਾਮਲਾ ਦਰਜ ਕੀਤਾ ਪਰ ਅੱਜ ਤੱਕ ਕਿਸੇ ਵੀ ਨਿਹੰਗ ਜਥੇਬੰਦੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਨਹੀਂ ਕੀਤੀ ਜਾਂਦੀ ਉਹ ਇਹ ਧਰਨਾ ਨਹੀਂ ਚੁੱਕਣਗੇ।

ਇਸ ਮੌਕੇ ਅੰਮ੍ਰਿਤਸਰ ਦਿਹਾਤੀ ਦੇ ਐਸਐਸਪੀ ਸਤਿੰਦਰ ਸਿੰਘ ਵੀ ਮੌਕੇ 'ਤੇ ਪੁੱਜੇ ਉਨ੍ਹਾਂ ਨੇ ਮੌਕਾ ਦੇਖਿਆ। ਉਨ੍ਹਾਂ ਵੱਲੋ ਮੀਡੀਆ ਦੇ ਨਾਲ ਗੱਲਬਾਤ ਕਰਦੇ ਹੋਏ ਇਹ ਬਹੁਤ ਮੰਦਭਾਗੀ ਘਟਨਾ ਹੈ। ਅਸੀ ਬਿਆਨ ਲਿਖ ਕੇ ਕੇਸ ਦਰਜ ਕਰ ਰਹੇ ਹਾਂ ਅਸੀਂ ਇਸ ਦੇ ਖਿਲਾਫ਼ ਸਖ਼ਤੀ ਨਾਲ ਕਾਰਵਾਈ ਕਰਾਂਗੇ। ਕਿਸੇ ਨੂੰ ਵੀ ਕਾਨੂੰਨ ਹੱਥ ਵਿੱਚ ਲੈਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ ਉਨ੍ਹਾਂ ਕਿਹਾ ਕਿ ਅਸੀ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ।

# ਕੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਹੁੱਦੇ ਤੋਂ ਲਾਹੁਣ ਦੀ ਹੋ ਰਹੀ ਤਿਆਰੀ?

**ਅੰਮ੍ਰਿਤਸਰ–** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਮੰਗਣੀ ਦੇਖਣੀ ਮਹਿੰਗੀ ਪੈ ਗਈ ਹੈ। ਹੁਣ ਨਵੀਂ ਚਰਚਾ ਹੈ ਕਿ ਜਥੇਦਾਰ ਨੂੰ ਉਨਾਂ ਦੇ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਜਥੇਦਾਰ ਹਰਪ੍ਰੀਤ ਸਿੰਘ ਨੂੰ ਹਟਾਉਣ ਪਿੱਛੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਉਹ ਰਾਜ ਸਭਾ ਮੈਂਬਰ ਤੇ ਆਪ ਆਗੂ ਰਾਘਵ ਚੱਢਾ ਦੇ ਮੰਗਣੀ ਸਮਾਗਮ ਵਿਚ ਸ਼ਾਮਲ ਹੋਏ ਸਨ। ਅਕਾਲੀ ਦਲ ਦੀ ਲੀਡਰਸ਼ਿਪ ਦਾ ਵੱਡਾ ਹਿੱਸਾ ਇਸ ਸ਼ਮੂਲੀਅਤ ਤੋਂ ਖਫਾ ਹੈ।

### ਕਿਉਂ ਖਫਾ ਹੈ ਅਕਾਲੀ ਲੀਡਰਸ਼ਿੱਪ

ਅਕਾਲੀ ਲੀਡਰਸ਼ਿੱਪ ਨਹੀਂ ਚਾਹੁੰਦੀ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਕਾਲੀ ਦਲ ਦੇ ਸਮਾਗਮਾਂ ਤੋਂ ਇਲਾਵਾ ਕਿਸੇ ਹੋਰ ਰਾਜਨੀਤਕ ਪਾਰਟੀ ਦੇ ਧਾਰਮਿਕ, ਸਮਾਜਿਕ ਜਾਂ ਪਰਿਵਾਰਕ ਸਮਾਗਮ ਵਿਚ ਹਿੱਸਾ ਲਵੇ। ਸ਼ਾਇਦ ਆਪਣੀ ਇਸੇ ਜਿੱਦ ਨੂੰ ਪੂਰਾ ਕਰਨ ਲਈ ਜਥੇਦਾਰ ਦੀ ਬਲੀ ਦਿੱਤੀ ਜਾ ਰਹੀ ਹੈ। ਜਿੱਥੋਂ ਤੱਕ ਗਿਆਨੀ ਹਰਪ੍ਰੀਤ ਸਿੰਘ ਦਾ ਸੰਬਧ ਹੈ, ਉਨ੍ਹਾਂ ਨੂੰ ਜਿਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਸੀ ਤਾਂ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਜਨਤਕ ਤੌਰ ਉੱਤੇ ਪੁਤਲੇ ਵੀ ਸਾੜੇ ਗਏ ਸਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਕਾਲੀਆਂ ਝੰਡੀਆ ਦਿਖਾਈਆਂ ਜਾਂਦੀਆਂ ਸਨ ਅਤੇ ਜਿੰਦਾਬਾਦ ਮੁਰਦਾਬਾਦ ਦੇ ਨਾਅਰੇ ਵੀ ਲਗਦੇ ਸਨ।

ਇਹ ਵੀ ਧਿਆਨ ਵਿੱਚ ਰਹੇ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਦਿਨ ਰਾਤ ਮਹਿਨਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਡਿੱਗ ਚੁੱਕੀ ਸਾਖ ਨੂੰ ਮੁੜ ਬਹਾਲ ਕੀਤਾ ਪਰ ਨਤੀਜਾ ਇਹ ਨਿਕਲਿਆ ਕਿ ਇਕ ਦਹਾਕੇ ਬਾਅਦ ਬਾਦਲ ਵਿਰੋਧੀ ਧਿਰਾਂ ਵੀ ਮੁੜ ਤੋਂ ਅਕਾਲ ਤਖਤ ਸਾਹਿਬ 'ਤੇ ਹਰੇਕ ਮਸਲੇ ਨੂੰ ਲੈ ਕੇ ਪਹੁੰਚਣ ਲੱਗੀਆਂ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਦੀ ਦਿਨੋ ਦਿਨ ਚੜ ਰਹੀ ਗੁੱਡੀ ਨੂੰ ਦੇਖ ਕੇ ਅਕਾਲੀ ਦਲ ਦਾ ਇਕ ਹਿੱਸਾ ਚਾਹੁੰਦਾ ਹੈ ਕਿ ਜਥੇਦਾਰ ਪਹਿਲੇ ਜਥੇਦਾਰਾਂ ਦੀ ਤਰਜ ਉੱਤੇ ਅਕਾਲੀ ਦਲ ਦੇ ਹਰ ਹੁਕਮ ਨੂੰ ਸਿਰ ਨੀਵਾਂ ਕਰਕੇ ਸਵਿਕਾਰ ਕਰੇ। ਇਕ ਧਿਰ ਅਜਿਹੀ ਵੀ ਹੈ ਜੋ ਇਹ ਚਾਹੁੰਦੀ ਹੈ ਕਿ ਅਕਾਲੀ ਦਲ ਦੀਆਂ ਸਾਰੀਆਂ ਭੁੱਲਾਂ ਬਿਨਾਂ ਸ਼ਰਤ ਮਾਫ ਕੀਤੀਆਂ ਜਾਣ। ਪਰ ਹੁਣ ਰਾਘਵ ਚੱਢਾ ਦਾ ਸਮਾਗਮ ਦੇਖਣਾ ਜਥੇਦਾਰ ਨੂੰ ਮਹਿੰਗਾ ਪੈ ਰਿਹਾ ਹੈ। ਹੁਣ 20



ਮਈ ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਿਲਕੁਲ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਦਰਬਾਰ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਗਿਆਨੀ ਅਮਰਜੀਤ ਸਿੰਘ ਨਾਲ ਲੰਮੀਆਂ ਮੀਟਿੰਗਾਂ ਹੋ ਰਹੀਆਂ ਹਨ। ਜ਼ਿਕਰਯੋਗ ਹੈ ਕਿ ਜਥੇਦਾਰ ਦੀਆਂ ਸੇਵਾਵਾਂ ਨੂੰ ਖਤਮ ਕਰਨ ਦੀਆਂ ਚਰਚਾਵਾ ਨੂੰ ਅਕਾਲੀ ਦਲ ਦੇ ਕੁੱਝ ਆਗੂ ਖਾਸਕਰ ਵਿਰਸਾ ਸਿੰਘ ਵਲਟੋਹਾ ਵੱਲੋਂ ਸਿੱਧੇ ਤੌਰ ਉੱਤੇ ਜਥੇਦਾਰ ਦੇ ਰਾਘਵ ਚੱਢਾ ਦੀ ਮੰਗਣੀ ਉੱਤੇ ਜਾਣ ਦੇ ਫੈਸਲੇ ਦਾ ਲੁਕਵੇਂ ਢੰਗ ਨਾਲ ਵਿਰੋਧ ਕਰਨਾ ਦੱਸਿਆ ਜਾ ਰਿਹਾ ਹੈ।

### ਨਵੇਂ ਜਥੇਦਾਰ ਦੀ ਨਿਯੁਕਤੀ

ਸ਼੍ਰੋਮਣੀ ਕਮੇਟੀ ਗਲਿਆਰਿਆਂ ਵਿੱਚ ਚਰਚਾ ਰਹੀ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਬਣਾ ਦਿੱਤਾ ਜਾਵੇ ਅਤੇ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਕਿਸੇ ਹੋਰ ਧਾਰਮਿਕ ਸ਼ਖਸ਼ੀਅਤ ਨੂੰ ਲਾਇਆ ਜਾਵੇ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਗਿਆਨੀ ਅਮਰਜੀਤ ਸਿੰਘ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਗਿਆਨੀ ਅਮਰਜੀਤ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਦੇ ਸਪੁੱਤਰ ਹਨ ਅਤੇ ਗੁਰਬਾਣੀ ਦੇ ਪ੍ਰਬੀਨ ਵਿਆਖਿਆਕਾਰ ਹਨ। ਗਿਆਨੀ ਮੱਲ ਸਿੰਘ ਦਾ ਨਾਮ ਉਸ ਸਮੇ ਚਰਚਾ ਵਿੱਚ ਆਇਆ ਸੀ ਜਦੋਂ ਉਨ੍ਹਾਂ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁੱਖ ਸਿੰਘ ਅਤੇ ਗਿਆਨੀ ਇਕਬਾਲ ਸਿੰਘ ਨਾਲ ਮਿਲ ਕੇ ਡੇਰਾ ਸਿਰਸਾ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਮੰਗੇ ਮੁਆਫੀ ਪ੍ਰਦਾਨ ਕੀਤੀ ਸੀ। ਇਹ ਵੀ ਯਾਦ ਰਹੇ ਕਿ 2018 ਵਿੱਚ ਅਕਤੂਬਰ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੀ ਅੰਤ੍ਰਿਗ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਬਣਾਇਆ ਸੀ।

### ਜਥੇਦਾਰ ਬਾਰੇ ਨਹੀਂ ਹੋਈ ਕੋਈ ਚਰਚਾ– ਹਰਜਿੰਦਰ ਧਾਮੀ

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਸਾਹਿਬ ਦੀ ਗੱਦੀ ਤੋਂ ਉਤਾਰਨ ਦੀ ਚੱਲ ਰਹੀ ਚਰਚਾ ਉੱਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਐੱਸਜੀਪੀਸੀ ਦੀ ਜਰਨਲ ਮੀਟਿੰਗ ਹਰ ਮਹੀਨੇ ਬਾਅਦ ਇਹ ਮੀਟਿੰਗਾਂ ਹੁੰਦੀਆਂ ਹਨ। ਉਨ੍ਹਾਂ ਜਥੇਦਾਰ ਨਾਲ ਜੁੜੀ ਕਿਸੇ ਵੀ ਗੱਲ ਸਬੰਧੀ ਚਰਚਾ ਨੂੰ ਲੈਕੇ ਕਿਹਾ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ ਅਤੇ ਜਥੇਦਾਰ ਸਾਬ੍ਹ ਨੂੰ ਲੈਕੇ ਮੀਟਿੰਗ ਵਿੱਚ ਕੋਈ ਫੈਸਲਾ ਨਹੀਂ ਹੋਇਆ।

ਬੰਦੀ ਸਿੰਘਾਂ ਦੀ ਰਿਹਈ ਸਬੰਧੀ ਭਰੇ ਹੋਏ ਫਾਰਮ ਨੂੰ ਲੈ ਕੇ ਪੰਜਾਬ ਦੇ ਗਵਰਨਰ ਨੂੰ ਮਿਲਣ ਸਬੰਧੀ ਧਾਮੀ ਨੇ ਕਿਹਾ ਕਿ ਪੰਜਾਬ ਦੇ ਗਵਰਨਰ ਨੂੰ ਕੋਈ ਜਰੂਰੀ ਕੰਮ ਪੈ ਗਿਆ ਸੀ ਜਿਸ ਦੇ ਕਾਰਨ ਇਹ ਪ੍ਰੋਗਰਾਮ ਅੱਗੇ ਕਰ ਦਿੱਤਾ ਗਿਆ ਹੈ। ਧਾਮੀ ਨੇ ਕਿਹਾ ਅਐੱਸਜੀਪੀਸੀ ਦੇਸ਼ ਦੇ ਰਾਸ਼ਟਰਪਤੀ ਨੂੰ ਮਿਲਣ ਦਾ ਸਮਾਂ ਮੰਗਿਆ ਹੈ।

ਬੇਅਦਬੀ ਦੇ ਮੁੱਦੇ ਉੱਤੇ ਧਾਮੀ ਨੇ ਕਿਹਾ ਕਿ ਇਹ ਇੱਕ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣਈ ਕਮੇਟੀ ਆਪਣੇ ਤੌਰ ਉੱਤੇ ਯਤਨ ਕਰ ਰਹੀ ਹੈ ਅਤੇ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਇਨ੍ਹਾਂ ਗੱਲਾਂ ਵੱਲ ਧਿਆਨ ਦੇਵੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਮੀਡੀਏ ਨੂੰ ਦੱਸਿਆ ਕਿ ਜਥੇਦਾਰ ਸਾਬ੍ਹ ਦਾ ਮਸਲਾ ਕੋਈ ਛੋਟਾ ਮਸਲਾ ਨਹੀ ਹੈ । ਉਨ੍ਹਾਂ ਕਿਹਾ ਕਿਸੇ ਗੱਲ ਕਰਕੇ ਕੋਈ ਨਰਾਜ਼ਗੀ ਹੋ ਸਕਦੀ ਹੈ ਉਸ ਨੂੰ ਦੂਰ ਕਰ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜਥੇਦਾਰ ਨੂੰ ਲੈਕੇ ਬੇਲੋੜਾ ਵਿਵਾਦ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸਾਡੇ ਲਈ ਸਤਿਕਾਰਯੋਗ ਹਨ ਅਤੇ ਪਿਛਲੇ ਲਮੇ ਸਮੇਂ ਤੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਲਈ ਮਹਾਨ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਚਾਹੇ ਸ਼੍ਰੋਮਣੀ ਕਮੇਟੀ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ, ਸਾਰਿਆਂ ਦੇ ਮਨਾਂ ਵਿੱਚ ਜਥੇਦਾਰ ਦਾ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਜਿਸ ਵੀ ਵਿਆਹ ਵਿੱਚ ਸ਼ਾਮਿਲ ਹੋਏ ਸਨ ਉਹ ਮਸਲੇ ਉੱਤੇ ਟਿੱਪਣੀ ਨਹੀਂ ਕਰਨਾ ਚਾਹੁੰਦੇ।

# ਭਾਰਤ 'ਚ ਕਿਉਂ ਮਨਾਇਆ ਜਾਂਦੈ ਅੱਤਵਾਦ ਵਿਰੋਧੀ ਦਿਵਸ

**ਚੰਡੀਗੜ੍ਹ–** ਰਾਸ਼ਟਰੀ ਅੱਤਵਾਦ ਵਿਰੋਧੀ ਦਿਵਸ 21 ਮਈ ਦੇ ਦਿਨ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਤਾਮਿਲਨਾਡੂ ਦੇ ਸ਼੍ਰੀਪੇਰੰਬਦੂਰ ਵਿੱਚ ਇੱਕ ਆਤਮਘਾਤੀ ਹਮਲੇ ਵਿੱਚ ਕਤਲ ਕਰ ਦਿੱਤਾ ਗਿਆ ਸੀ। ਰਾਜੀਵ ਗਾਂਧੀ ਦੀ ਸ਼ਹੀਦੀ ਦੇ ਇਸ ਦਿਨ ਨੂੰ ਅੱਤਵਾਦ ਵਿਰੋਧੀ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ। ਇਹ ਦਿਨ ਸ਼ਾਂਤੀ, ਸਦਭਾਵਨਾ ਅਤੇ ਅੱਤਵਾਦ ਵਰਗੇ ਵਿਸ਼ਵਵਿਆਪੀ ਖ਼ਤਰੇ ਦੇ ਵਿਰੁੱਧ ਇੱਕਜੁੱਟ ਹੋਣ ਦੀ ਲੋੜ ਬਾਰੇ ਜਾਗਰੂਕਤਾ ਫੈਲਾਉਣ ਲਈ ਮਨਾਇਆ ਜਾਂਦਾ ਹੈ।ਪਿਛਲੇ ਕੁਝ ਸਾਲਾਂ 'ਚ ਸਰਕਾਰ, ਪੁਲਿਸ ਅਤੇ ਸੁਰੱਖਿਆ ਬਲਾਂ ਦੀ ਮਦਦ ਨਾਲ ਅੱਤਵਾਦੀ ਗਤੀਵਿਧੀਆਂ 'ਚ ਕਮੀ ਆਈ ਹੈ। ਇਸ ਦੇ ਨਾਲ ਹੀ, ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਸਾਰੇ ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਕੇਂਦਰ ਸਰਕਾਰ ਦੇ ਵਿਭਾਗਾਂ ਦੇ ਨਾਲ-ਨਾਲ ਮੰਤਰਾਲਿਆਂ ਨੂੰ 21 ਮਈ ਨੂੰ 'ਉਚਿਤ ਤਰੀਕੇ' ਨਾਲ ਅੱਤਵਾਦ ਵਿਰੋਧੀ ਦਿਵਸ ਮਨਾਉਣ ਲਈ ਪੱਤਰ ਲਿਖਿਆ ਹੈ। ਅੱਤਵਾਦ ਵਿਰੋਧੀ ਦਿਵਸ ਮਨਾਉਣ ਦਾ ਉਦੇਸ਼ ਅੱਤਵਾਦ ਅਤੇ ਹਿੰਸਾ ਦੇ ਖ਼ਤਰਿਆਂ ਅਤੇ ਜਨਤਾ, ਸਮਾਜ ਅਤੇ ਸਮੁੱਚੇ ਦੇਸ਼ 'ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮਕਸਦ ਤਹਿਤ ਸਕੂਲ, ਕਾਲਜ ਅਤੇ ਯੂਨੀਵਰਸਿਟੀਜ਼ ਵਿੱਚ ਵਿਦਿਆਰਥੀਆਂ ਨੂੰ ਅੱਤਵਾਦ ਅਤੇ ਹਿੰਸਾ ਦੇ ਖ਼ਤਰਿਆਂ ਤੋਂ ਜਾਣੂ ਕਰਵਾਉਣਾ ਹੈ। ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਅੱਤਵਾਦੀ ਕੌਣ ਹਨ। ਦੱਸ ਦਈਏ ਕਿ ਭਾਰਤ ਉਤੇ ਕਈ ਵਾਰ ਵੱਡੇ ਅੱਤਵਾਦੀ ਹਮਲੇ ਹੋਏ ਹਨ, ਜਿਸ ਵਿੱਚ ਕਈ ਮਾਸੂਮਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ। ਭਾਰਤ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਜੋ ਵੀ ਵੱਡੇ ਅੱਤਵਾਦੀ ਹਮਲੇ ਹੋਏ ਉਹ ਕੁਝ ਇਸ ਤਰ੍ਹਾਂ ਹਨ।

ਭਾਰਤ ਉਤੇ ਕਦੋਂ ਕਦੋਂ ਹੋਏ ਅੱਤਵਾਦੀ ਹਮਲੇ : 13 ਦਸੰਬਰ 2001 ਦੇ ਦਿਨ ਨੂੰ ਕੋਈ ਭੁੱਲ ਨਹੀਂ ਸਕਦਾ। ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੇ 5 ਅੱਤਵਾਦੀਆਂ ਨੇ ਭਾਰਤ ਦੀ ਸੰਸਦ 'ਤੇ ਹਮਲਾ ਕੀਤਾ ਸੀ। ਸੰਸਦ ਭਵਨ 'ਤੇ ਅੱਤਵਾਦੀ ਹਮਲਾ ਉਸ ਸਮੇਂ ਹੋਇਆ ਜਦੋਂ ਸਰਦ ਰੁੱਤ ਸੈਸ਼ਨ ਚੱਲ ਰਿਹਾ ਸੀ। ਇਸ ਅੱਤਵਾਦੀ ਹਮਲੇ 'ਚ ਸੰਸਦ ਭਵਨ ਦੇ ਗਾਰਡ, ਦਿੱਲੀ ਪੁਲਿਸ ਦੇ ਜਵਾਨਾਂ ਸਮੇਤ ਕੁੱਲ 9 ਲੋਕ ਸ਼ਹੀਦ ਅਤੇ 15 ਜ਼ਖਮੀ ਹੋ ਗਏ ਸਨ। ਇਸ ਅੱਤਵਾਦੀ ਹਮਲੇ ਤੋਂ ਬਾਅਦ ਪੂਰੇ ਦੇਸ਼ 'ਚ ਗੁੱਸੇ ਦੀ ਲਹਿਰ ਸੀ, ਜਿਸ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਵੀ ਵਧ ਗਿਆ ਸੀ।



ਮੁੰਬਈ ਸੀਰੀਅਲ ਧਮਾਕਾ : 12 ਮਾਰਚ 1993 ਨੂੰ ਪੂਰੇ ਮੁੰਬਈ ਵਿੱਚ ਲੜੀਵਾਰ ਧਮਾਕੇ ਹੋਏ ਸਨ। ਇਨ੍ਹਾਂ ਧਮਾਕਿਆਂ ਪਿੱਛੇ ਡੀ ਕੰਪਨੀ ਦਾ ਹੱਥ ਸੀ। ਇਸ ਹਮਲੇ 'ਚ 257 ਲੋਕ ਮਾਰੇ ਗਏ ਸਨ ਜਦਕਿ 713 ਲੋਕ ਜ਼ਖਮੀ ਹੋਏ ਸਨ।

ਕੋਇੰਬਟੂਰ ਧਮਾਕਾ : 14 ਫਰਵਰੀ 1998 ਨੂੰ, ਇਸਲਾਮਿਕ ਸਮੂਹ ਅਲ ਉਮਾਹ ਨੇ ਕੋਇੰਬਟੂਰ ਵਿੱਚ 11 ਵੱਖ-ਵੱਖ ਥਾਵਾਂ 'ਤੇ 12 ਬੰਬ ਧਮਾਕੇ ਕੀਤੇ ਸਨ। ਇਸ 'ਚ 60 ਲੋਕਾਂ ਦੀ ਮੌਤ ਹੋ ਗਈ, ਜਦਕਿ 200 ਦੇ ਕਰੀਬ ਲੋਕ ਜ਼ਖਮੀ ਹੋਏ ਸਨ।

ਜੰਮੂ-ਕਸ਼ਮੀਰ ਵਿਧਾਨ ਸਭਾ 'ਤੇ ਹਮਲਾ: 1 ਅਕਤੂਬਰ 2001 ਨੂੰ ਜੈਸ਼-ਏ-ਮੁਹੰਮਦ ਦੇ ਤਿੰਨ ਆਤਮਘਾਤੀ ਹਮਲਾਵਰਾਂ ਨੇ ਵਿਧਾਨ ਸਭਾ ਭਵਨ 'ਤੇ ਕਾਰ ਬੰਬ ਹਮਲਾ ਕੀਤਾ ਸੀ। ਇਸ ਵਿੱਚ 38 ਲੋਕ ਮਾਰੇ ਗਏ ਸਨ।

ਅਕਸ਼ਰਧਾਮ ਮੰਦਰ 'ਤੇ ਹਮਲਾ : 24 ਸਤੰਬਰ 2002 ਨੂੰ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੇ ਦੋ ਅੱਤਵਾਦੀ ਮੁਰਤਜ਼ਾ ਹਾਫਿਜ਼ ਯਾਸੀਨ ਅਤੇ ਅਸ਼ਰਫ ਅਲੀ ਮੁਹੰਮਦ ਫਾਰੂਕ ਅਕਸ਼ਰਧਾਮ ਮੰਦਰ ਵਿੱਚ ਦਾਖਲ ਹੋਏ ਅਤੇ ਗੋਲੀਬਾਰੀ ਕੀਤੀ। ਇਸ ਅੱਤਵਾਦੀ ਹਮਲੇ 'ਚ 31 ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ 80 ਲੋਕ ਜ਼ਖਮੀ ਹੋ ਗਏ ਸਨ।

ਦਿੱਲੀ ਵਿੱਚ ਵੀ ਲੜੀਵਾਰ ਧਮਾਕੇ : ਦੀਵਾਲੀ ਤੋਂ ਕੁਝ ਦਿਨ ਪਹਿਲਾਂ 29 ਅਕਤੂਬਰ 2005 ਨੂੰ ਦਿੱਲੀ ਨੂੰ ਤਿੰਨ ਲੜੀਵਾਰ ਧਮਾਕਿਆਂ ਨੇ ਹਿਲਾ ਕੇ ਰੱਖ ਦਿੱਤਾ ਸੀ। ਦੋ ਧਮਾਕੇ ਭੀੜ-ਭੜੱਕੇ ਵਾਲੇ ਬਾਜ਼ਾਰਾਂ ਵਿੱਚ ਹੋਏ ਅਤੇ ਇੱਕ ਧਮਾਕਾ ਬੱਸ ਵਿੱਚ ਹੋਇਆ ਸੀ। ਇਸ ਹਮਲੇ ਵਿਚ 67 ਲੋਕ ਅੱਤਵਾਦੀਆਂ ਦੀ ਦਹਿਸ਼ਤ ਦਾ ਸ਼ਿਕਾਰ ਹੋ ਗਏ ਅਤੇ 200 ਤੋਂ ਵੱਧ ਜ਼ਖ਼ਮੀ ਹੋ ਗਏ। ਇਸ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਰਿਵੋਲਿਊਸ਼ਨਰੀ ਫਰੰਟ ਨੇ ਲਈ ਸੀ। ਇਸ ਦੀਆਂ ਤਾਰਾਂ ਲਸ਼ਕਰ-ਏ-ਤੋਇਬਾ ਨਾਲ ਵੀ ਜੁੜੀਆਂ ਸਨ।

ਮੁੰਬਈ ਟਰੇਨ ਧਮਾਕਾ : 11 ਜੁਲਾਈ 2006 ਨੂੰ ਮੁੰਬਈ ਦੀਆਂ ਲੋਕਲ ਟਰੇਨਾਂ ਵਿੱਚ ਸੱਤ ਵੱਖ-ਵੱਖ ਬੰਬ ਧਮਾਕੇ ਹੋਏ ਸਨ। ਬੰਬ ਲੋਕਲ ਟਰੇਨਾਂ ਵਿੱਚ ਲਗਾਏ ਗਏ ਸਨ, ਜਿਨ੍ਹਾਂ ਵਿੱਚ ਭਾਰੀ ਭੀੜ ਹੈ। ਇਸ ਅੱਤਵਾਦੀ ਹਮਲੇ ਵਿੱਚ 200 ਤੋਂ ਵੱਧ ਲੋਕਾਂ ਮਾਰੇ ਗਏ ਸਨ ਅਤੇ 700 ਲੋਕ ਜ਼ਖਮੀ ਹੋਏ ਸਨ। ਇਨ੍ਹਾਂ ਧਮਾਕਿਆਂ 'ਚ ਇੰਡੀਅਨ ਮੁਜਾਹਿਦੀਨ ਦਾ ਹੱਥ ਸੀ। ਇਸ 'ਚ ਕੁੱਲ 210 ਲੋਕ ਮਾਰੇ ਗਏ ਸਨ ਅਤੇ 715 ਲੋਕ ਜ਼ਖਮੀ ਹੋਏ ਸਨ। ਇਸ ਤੋਂ ਬਾਅਦ ਇਸੇ ਸਾਲ 8 ਸਤੰਬਰ 2006 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਵਿੱਚ ਹੋਏ ਤਿੰਨ ਧਮਾਕਿਆਂ ਵਿੱਚ 32 ਲੋਕ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ ਸਨ।

# ਵਾਰ ਹੀਰੋਜ਼ ਸਟੇਡੀਅਮ ਵਿਖੇ ਚੋਣ ਟਰਾਇਲਾਂ ਦੇ ਪਹਿਲੇ ਦਿਨ ਖਿਡਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ

**ਸੰਗਰੂਰ, (ਦਲਜੀਤ ਕੌਰ)–** ਖੇਡ ਵਿੰਗ ਸਕੂਲਾਂ 'ਚ ਦਾਖਲੇ ਲਈ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਖੇ ਖਿਡਾਰੀਆਂ ਦੇ ਟਰਾਇਲ ਆਰੰਭ ਹੋ ਗਏ ਹਨ। ਖੇਡ ਵਿਭਾਗ ਪੰਜਾਬ ਵੱਲੋਂ ਦੋ ਦਿਨਾਂ ਟਰਾਇਲਾਂ ਦੌਰਾਨ ਹੋਣਹਾਰ ਖਿਡਾਰੀਆਂ ਤੇ ਖਿਡਾਰਨਾਂ ਦੀ ਚੋਣ ਕਰਨ ਦੀਆਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਅੱਜ ਪਹਿਲੇ ਦਿਨ ਜ਼ਿਲ੍ਹਾ ਖੇਡ ਅਫ਼ਸਰ ਰਣਬੀਰ ਸਿੰਘ ਭੰਗੂ ਨੇ ਆਪਣੀ ਨਿਗਰਾਨੀ ਹੇਠ ਟਰਾਇਲ ਕਰਵਾਏ।

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਰਣਬੀਰ ਸਿੰਘ ਭੰਗੂ ਨੇ ਦੱਸਿਆ ਕਿ ਖੇਲੋ ਇੰਡੀਆ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ, ਸਟੇਟ ਮੈਡਲਿਸਟ ਤੇ ਜ਼ਿਲ੍ਹਾ ਮੈਡਲਿਸਟ ਨੂੰ ਇਨ੍ਹਾਂ ਚੋਣ ਟਰਾਇਲਾਂ ਤੋਂ ਛੋਟ ਦਿੰਦੇ ਹੋਏ ਸਿੱਧੇ ਤੌਰ 'ਤੇ ਦਾਖਲਾ ਲੈਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਟਰਾਇਲ ਕੱਲ੍ਹ ਮਿਤੀ 25 ਮਈ ਨੂੰ ਵੀ ਜਾਰੀ ਰਹਿਣਗੇ ਜਿਸ ਵਿੱਚ ਤਿੰਨ ਉਮਰ ਵਰਗ ਦੇ ਖਿਡਾਰੀਆਂ ਦੀ ਚੋਣ ਕੀਤੀ ਜਾ ਰਹੀ ਹੈ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਅਥਲੈਟਿਕਸ, ਮੁੱਕੇਬਾਜ਼ੀ, ਕਿੱਕ ਬਾਕਸਿੰਗ, ਬਾਸਕਟਬਾਲ, ਫੁੱਟਬਾਲ, ਬੈਡਮਿੰਟਨ, ਖੋਹ ਖੋਹ, ਰੋਲਰ ਸਕੇਟਿੰਗ, ਵਾਲੀਬਾਲ ਤੇ ਵੇਟ ਲਿਫਟਿੰਗ ਖੇਡਾਂ ਵਿੱਚ 14, 17 ਅਤੇ 19 ਸਾਲ ਤੋਂ ਘੱਟ ਉਮਰ ਵਰਗਾਂ ਦੇ ਖਿਡਾਰੀ ਟਰਾਇਲਾਂ ਵਿੱਚ ਹਿੱਸਾ ਲੈ ਰਹੇ ਹਨ।


"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

ਭੂਲੇ ਮਾਰਗੁ ਜਿਨਹਿ ਬਤਾਇਆ।। ਐਸਾ ਗੁਰੂ ਵਡਭਾਗੀ ਪਾਇਆ।।

ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਨਿਮਰਤਾ ਦੀ ਮੂਰਤ, ਸ਼ਹਿਣਸ਼ੀਲਤਾ ਦੇ ਭੰਡਾਰ, ਭਾਣਾ ਮਿੱਠਾ ਕਰਕੇ ਮੰਨਣ ਵਾਲੇ, ਪ੍ਰਤੱਖ ਹਰਿ

**ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ**

## ਸ਼ਹੀਦੀ ਦਿਹਾੜਾ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ
**28 ਮਈ 2023 ਦਿਨ ਐਤਵਾਰ ਨੂੰ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ**
ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649

ਪ੍ਰੋਗਰਾਮ ਦੀ ਸੇਵਾ ਸ੍ਰੀ ਰਾਜਿੰਦਰ ਕ੍ਰਿਸ਼ਨਨ ਜੀ ਅਤੇ ਵਿਕਾਸ ਜੱਸਲ ਪਰਿਵਾਰ ਵੱਲੋਂ ਲਈ ਗਈ ਹੈ।

ਸਮੂਹ ਸੇਵਾਦਾਰ ਪਰਿਵਾਰਾਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਬੀਬੀ ਆਇਸ਼ਾ ਵਹਾਬ ਵੱਲੋਂ ਹਾਲ ਹੀ ਵਿਚ ਲਿਆਂਦੇ ਬਿਲ ਐਸ. ਬੀ.403 ਬਾਰੇ ਵਿਸਥਾਰ ਵਿਚ ਜਾਣਕਾਰੀ ਲਈ ਹਾਜ਼ਰੀਆਂ ਭਰੋ ਜੀ।

**ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) 31252 Veasy Street Union City (CA)**


**NSB Insurance**

**NIRMAL SINGH BADHAN**

for Insurance Call:
NIRMAL SINGH BADHAN
707-228-2020

| | |
|---|---|
| HEALTH INSURANCE | RETIREMENT |
| LIFE INSURANCE | COLLEGE PLANNING |
| LONG TERM CARE INS | AUTO * HOME |
| FUNERAL EXPENSE | BUSINESS |



Lic #0144676

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

**RE/MAX® Gold**

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834

# ਪੰਜਾਬ ਦੀ ਸਿਆਸਤ 'ਚ ਬਹੁਜਨ ਸਮਾਜ ਪਾਰਟੀ ਹਾਸ਼ੀਏ 'ਤੇ

**ਜਲੰਧਰ ਤੋਂ ਜੇ. ਸਿੰਘ 'ਭਡਿਆਰ'**

ਪੰਜਾਬ ਵਿੱਚ ਦਲਿਤ ਜਨਗਣਨਾ ਦੇਸ਼ ਵਿੱਚ ਸਭ ਤੋਂ ਵੱਧ ਹੈ। ਪੰਜਾਬ ਤੋਂ ਉੱਠੀ ਬਹੁਜਨ ਸਮਾਜ ਪਾਰਟੀ (ਬਸਪਾ) ਯੂਪੀ ਵਿੱਚ ਤਾਂ ਕਾਮਯਾਬ ਹੋ ਗਈ, ਪਰ ਪੰਜਾਬ ਵਿੱਚ ਨਹੀਂ ਹੋ ਸਕੀ। ਪਿਛਲੇ ਕੁੱਝ ਸਾਲਾਂ 'ਚ ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੀ ਸਿਆਸਤ 'ਚ ਹਾਸ਼ੀਏ 'ਤੇ ਹੈ ਅਤੇ ਇਸ ਦਾ ਵੋਟ ਸ਼ੇਅਰ 2 ਫ਼ੀਸਦੀ ਤੋਂ ਵੀ ਹੇਠਾਂ ਆ ਗਿਆ ਹੈ। ਦੋ ਸਾਲ ਪਹਿਲਾਂ ਭਾਜਪਾ ਨਾਲੋਂ ਨਾਤਾ ਤੋੜਨ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਗਠਜੋੜ ਕਰਨ ਦਾ ਅਕਾਲੀ ਦਲ ਵੱਲੋਂ ਸਿਆਸੀ ਤਜਰਬਾ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਫੇਲ੍ਹ ਸਾਬਿਤ ਹੋਇਆ ਹੈ। ਪੰਜਾਬ ਦੇ ਇੱਕ ਵੱਡੇ ਇਲਾਕੇ ਮਾਲਵੇ ਵਿੱਚ ਜੱਟ ਅਤੇ ਮਜਹਬੀ ਸਿੱਖ ਵੱਡੀ ਗਿਣਤੀ ਵਿੱਚ ਹਨ। ਮਾਝਾ ਖੇਤਰ ਵਿੱਚ ਜ਼ਿਆਦਾਤਰ ਮਜਹਬੀ ਸਿੱਖ ਅਤੇ ਈਸਾਈ ਦਲਿਤ ਹਨ। ਦੋਆਬੇ ਵਿੱਚ ਜੱਟ ਅਤੇ ਵਾਲਮੀਕੀ ਭਾਈਚਾਰੇ ਵੱਡੀ ਗਿਣਤੀ ਵਿੱਚ ਹਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਜੱਟ ਵੋਟਰਾਂ ਦੀਆਂ ਵੋਟਾਂ ਜ਼ਿਆਦਾਤਰ ਕਾਂਗਰਸ ਤੇ ਅਕਾਲੀਆਂ ਨੂੰ ਗਈਆਂ ਹਨ, ਜਦੋਂ ਕਿ ਵਾਲਮੀਕਿ ਅਤੇ ਮਜਹਬੀ ਸਿੱਖ ਵੋਟਰ ਅਕਾਲੀ ਦਲ, ਬਸਪਾ ਅਤੇ ਹੋਰ ਪਾਰਟੀਆਂ ਨੂੰ ਵੋਟਾਂ ਪਾਉਂਦੇ ਰਹੇ ਹਨ। ਦੋਆਬੇ ਦੀਆਂ ਇਕ-ਦੋ ਦਲਿਤ ਬਹੁ-ਗਿਣਤੀ ਸੀਟਾਂ 'ਤੇ ਪਾਰਟੀ ਦਾ ਥੋੜ੍ਹਾ-ਬਹੁਤਾ ਆਧਾਰ ਬਚਿਆ ਸੀ ਅਤੇ ਉਹ ਆਧਾਰ ਵੀ ਇਸ ਉੱਪ ਚੋਣ 'ਚ ਖ਼ਿਸਕ ਗਿਆ ਹੈ। 2017 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਸਿਰਫ਼ 1.52 ਫ਼ੀਸਦੀ ਵੋਟਾਂ ਮਿਲੀਆਂ ਸਨ ਅਤੇ ਅਕਾਲੀ ਦਲ ਨੇ ਸੂਬੇ 'ਚ ਮਹਿਜ਼ 23 ਸੀਟਾਂ 'ਤੇ ਚੋਣ ਲੜ ਕੇ 6 ਫ਼ੀਸਦੀ ਤੱਕ ਵੋਟ ਤੱਕ ਆਧਾਰ ਰੱਖਣ ਵਾਲੀ ਭਾਜਪਾ ਨੂੰ ਛੱਡ ਕੇ ਡੇਢ ਫ਼ੀਸਦੀ ਵੋਟ ਸ਼ੇਅਰ ਰੱਖਣ ਵਾਲੀ ਬਸਪਾ ਨਾਲ ਸਮਝੌਤਾ ਕਰ ਲਿਆ ਸੀ। ਇਕ ਸਮਾਂ ਸੀ, ਜਦੋਂ ਬਸਪਾ ਦਾ ਵੋਟ-ਬੈਂਕ ਕਿਸੇ ਵੀ ਸਹਿਯੋਗੀ ਪਾਰਟੀ ਦੇ ਹੱਕ 'ਚ ਜਲਦੀ ਤਬਾਦਲ ਜਾਂਦਾ ਸੀ ਪਰ ਹੁਣ ਸ਼ਾਇਦ ਬਸਪਾ 'ਚ ਅਜਿਹਾ ਨਹੀਂ ਹੈ ਤੇ ਇਹ ਆਪਣੇ ਭਾਈਵਾਲ ਅਕਾਲੀ ਦਲ ਲਈ ਵੀ ਬੋਝ ਬਣਦਾ ਜਾਪਦਾ ਹੈ।

ਇਸ ਨਾਲ ਅਕਾਲੀ ਦਲ ਨੂੰ ਚੋਣ ਦਰ ਚੋਣ ਇਸ ਦੇ ਨਤੀਜੇ ਭੁਗਤਣੇ ਪਏ। ਇਸ ਤੋਂ ਪਹਿਲਾਂ 2017 'ਚ ਅਕਾਲੀ ਦਲ ਕੋਲ 25 ਫ਼ੀਸਦੀ ਵੋਟ ਬੈਂਕ ਸੀ ਅਤੇ ਭਾਜਪਾ ਦੀਆਂ 6 ਫ਼ੀਸਦੀ ਵੋਟਾਂ ਨੂੰ ਮਿਲਾ ਕੇ ਦੋਵਾਂ ਦੀ ਵੋਟ ਫ਼ੀਸਦੀ 32 ਤੋਂ 33 ਫ਼ੀਸਦੀ ਤੱਕ ਪਹੁੰਚ ਜਾਂਦੀ ਸੀ ਅਤੇ ਸੂਬੇ 'ਚ ਇਸ ਗਠਜੋੜ ਦੀ ਜਿੱਤ ਦਾ ਰਾਹ ਆਸਾਨ ਬਣ ਜਾਂਦਾ ਸੀ ਪਰ 2022 'ਚ ਅਕਾਲੀ ਦਲ ਦਾ ਵੋਟ ਸ਼ੇਅਰ 18.38 ਫ਼ੀਸਦੀ ਤੱਕ ਸੁੰਗੜ ਕੇ ਰਹਿ ਗਿਆ, ਜਦੋਂ ਕਿ ਭਾਜਪਾ 6 ਫ਼ੀਸਦੀ ਵੋਟ ਬੈਂਕ ਆਧਾਰ 'ਤੇ ਕਾਇਮ ਰਹੀ। ਹੁਣ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਵੀ ਅਕਾਲੀ ਦਲ ਦਾ ਵੋਟ ਬੈਂਕ 18 ਫ਼ੀਸਦੀ ਦੇ ਕਰੀਬ ਰਿਹਾ, ਜਦਕਿ ਭਾਜਪਾ ਦਾ ਵੋਟ ਬੈਂਕ ਵੱਧ ਕੇ 15 ਫ਼ੀਸਦੀ ਹੋ ਗਿਆ। ਜੇਕਰ ਇਹ ਵੋਟ ਇਕੱਠੇ ਹੋ ਜਾਣ ਤਾਂ ਸੂਬੇ ਦੀ ਕਿਸੇ ਵੀ ਪਾਰਟੀ ਨੂੰ ਮੁਕਾਬਲਾ ਦੇਣ ਦੇ ਸਮਰੱਥ ਹੈ। ਦੂਜੇ ਪਾਸੇ ਬਸਪਾ ਕੋਲੋਂ ਆਪਣਾ ਵੋਟ ਬੈਂਕ ਵੀ ਨਹੀਂ ਸੰਭਲ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ 'ਚ ਅਕਾਲੀ ਦਲ ਨੂੰ ਕੁੱਲ 3,66,221 ਤੇ ਬਸਪਾ ਉਮੀਦਵਾਰ ਨੂੰ 2,04,783 ਵੋਟਾਂ ਮਿਲੀਆਂ ਸਨ। ਕਾਇਦੇ ਅਨੁਸਾਰ ਇਹ ਵੋਟਾਂ 5 ਲੱਖ 70 ਹਜ਼ਾਰ ਤੋਂ ਉੱਪਰ




ਬਣਦੀਆਂ ਹਨ ਪਰ ਲੋਕ ਸਭਾ ਦੀ ਜ਼ਿਮਨੀ ਚੋਣ 'ਚ ਅਕਾਲੀ ਦਲ ਅਤੇ ਬਸਪਾ ਨੂੰ ਮਿਲ ਕੇ 1,58,445 ਵੋਟਾਂ ਮਿਲੀਆਂ, ਭਾਵ ਨਾ ਤਾਂ ਅਕਾਲੀ ਦਲ ਆਪਣਾ ਵੋਟ ਬੈਂਕ ਸੰਭਾਲ ਸਕਿਆ ਤੇ ਨਾ ਹੀ ਬਸਪਾ ਤੋਂ ਆਪਣਾ ਆਧਾਰ ਵੋਟ ਸੰਭਲ ਰਿਹਾ ਹੈ।

### ਬਹੁਜਨ ਸਮਾਜ ਪਾਰਟੀ ਦਾ ਇਤਿਹਾਸ

1984 ਦੌਰਾਨ ਦਲਿਤਾਂ ਦੀ ਨੁਮਾਇੰਦਾ ਪਾਰਟੀ ਵਜੋਂ ਹੋਂਦ ਵਿੱਚ ਆਈ ਬਸਪਾ ਦੇ ਬਾਨੀ ਕਾਂਸ਼ੀ ਰਾਮ ਦਾ ਸਬੰਧ ਵੀ ਪੰਜਾਬ ਨਾਲ ਹੀ ਸੀ। ਉਹ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਬਹੁਜਨ ਸਮਾਜ ਪਾਰਟੀ ਨੇ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਸਹਿਯੋਗ ਨਾਲ ਫਿਲੌਰ ਲੋਕ ਸਭਾ ਸੀਟ ਜਿੱਤੀ। ਇਸ ਸੀਟ ਤੋਂ ਬਸਪਾ ਉਮੀਦਵਾਰ ਹਰਭਜਨ ਸਿੰਘ ਲਾਖਾ ਜੇਤੂ ਰਹੇ। ਬਸਪਾ ਨੇ 1991 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਇੱਕ ਸੀਟ ਜਿੱਤੀ ਸੀ। ਫਿਰੋਜ਼ਪੁਰ ਲੋਕ ਸਭਾ ਹਲਕਾ ਉਸ ਸਮੇਂ ਬਸਪਾ ਦੇ ਮੋਹਨ ਸਿੰਘ ਫਲੀਆਂ ਵਾਲੇ ਨੇ ਜਿੱਤੀ ਸੀ (ਪੰਜਾਬ ਸੰਤਾਪ ਕਾਰਨ ਉਹ ਚੋਣਾਂ 1992 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਹੋਈਆਂ ਸਨ)। 1992 ਦੀਆਂ ਵਿਧਾਨ ਸਭਾ ਚੋਣਾਂ ਬਸਪਾ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਸੀ। ਉਸ ਚੋਣ ਵਿੱਚ ਬਸਪਾ ਨੇ 9 ਸੀਟਾਂ ਜਿੱਤ ਕੇ ਵਿਰੋਧੀ ਪਾਰਟੀ ਦਾ ਦਰਜਾ ਹਾਸਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਖਾੜਕੂਆਂ ਦੇ ਪ੍ਰਭਾਵ ਕਾਰਣ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ।

### ਦਲਿਤ ਰਾਜਨੀਤੀ ਕੋਲ ਯੋਗ ਲੀਡਰਸ਼ਿਪ ਦੀ ਘਾਟ

ਪੰਜਾਬ ਵਿਚ ਦਲਿਤ ਰਾਜਨੀਤੀ ਦੇ ਪਛੜੇਪਣ ਦਾ ਅਸਲ ਕਾਰਣ ਇਹ ਹੈ ਕਿ ਦਲਿਤ ਸਮਾਜ ਵਿੱਚ ਸਾਹਿਬ ਕਾਂਸ਼ੀਰਾਮ ਵਰਗੇ ਲੀਡਰ ਦੀ ਘਾਟ ਹੈ। ਜੋ ਵੀ ਪੜ੍ਹਿਆ ਲਿਖਿਆ ਵਿਅਕਤੀ, ਰਾਜਸੀ ਸੋਚ ਵਾਲਾ, ਪਹਿਲਾਂ ਦਲਿਤਾਂ ਦੇ ਹੱਕਾਂ ਦੀਆਂ ਵਧ ਚੜ੍ਹ ਕੇ ਗੱਲਾਂ ਕਰਦਾ ਹੈ, ਫਿਰ ਚੋਣਾਂ ਲੜਦਾ ਹੈ ਅਤੇ ਦਲਿਤ ਲੋਕ ਉਸ ਨੂੰ ਆਪਣਾ ਮਸੀਹਾ ਸਮਝ ਕੇ ਵੋਟਾਂ ਪਾਉਂਦੇ ਹਨ; ਉਹੀ ਵਿਅਕਤੀ ਫਿਰ ਆਪਣੀ ਰਾਜਨੀਤਕ ਲਾਹਾ ਲੈ ਕੇ ਕਿਸੇ ਨਾ ਕਿਸੇ ਉਚ ਜਾਤੀ ਵੱਲੋਂ ਚਲਾਈਆਂ ਰਾਜਨੀਤਿਕ ਪਾਰਟੀਆਂ ਦਾ ਹਿੱਸਾ ਬਣ ਕੇ ਰਾਜ ਸੱਤਾ ਦਾ ਹਿੱਸਾ ਬਣ ਜਾਂਦਾ ਹੈ। ਬਸਪਾ ਪਾਰਟੀ ਵਿੱਚੋਂ ਛੱਡ ਕੇ ਗਏ ਸਾਰੇ ਨੇਤਾ ਇਸਦੀ ਉਦਾਹਰਣ ਹਨ। ਰਾਜਨੀਤਿਕ ਪਾਰਟੀਆਂ ਜਿਨ੍ਹਾਂ ਵਿੱਚ ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਹੁਣ ਆਪ ਵੀ ਸ਼ਾਮਲ ਹੈ, ਕਦੀ ਵੀ ਦਲਿਤਾਂ ਨੂੰ ਉਨ੍ਹਾਂ ਦਾ ਸੰਵਿਧਾਨਿਕ ਹੱਕ ਦੇਣ ਲਈ ਤਿਆਰ ਨਹੀਂ ਹਨ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੀ ਗੱਲ ਕਹੀ ਗਈ ਹੈ। ਪਰ ਰਾਜਨੀਤਿਕ ਪਾਰਟੀਆਂ ਤਾਂ ਆਮ ਨਾਗਰਿਕ ਨੂੰ ਇਹ ਨਿਆਂ ਦੇਣ ਤਕ ਦੀ ਵੀ ਗੱਲ ਨਹੀਂ ਕਰਦੀਆਂ, ਹੱਕ ਦੇਣਾ ਤਾਂ ਇੱਕ ਪਾਸੇ ਰਿਹਾ। ਬਸਪਾ ਭਾਵੇਂ ਦਲਿਤਾਂ ਦੇ ਹੱਕਾਂ ਦੀ ਗੱਲ ਕਰਦੀ ਹੈ ਅਤੇ ਵੋਟ ਬੈਂਕ ਵੀ ਇਸ ਪਾਰਟੀ ਦਾ ਸਿਰਫ ਦਲਿਤ ਹੀ ਹਨ ਪਰ ਇਸਦੀ ਸਭ ਤੋਂ ਵੱਡੀ ਘਾਟ ਅਤੇ ਕਮਜ਼ੋਰੀ ਵੀ ਇਹੀ ਹੈ ਕਿ ਜਾਤੀਵਾਦ ਦੀ ਵਜ੍ਹਾ ਕਰਕੇ ਉੱਚ ਜਾਤੀਆਂ ਦੇ ਵੋਟਰ ਬਸਪਾ ਨੂੰ ਦਲਿਤਾਂ ਦੀ ਪਾਰਟੀ ਹੀ ਸਮਝਦੇ ਹਨ। ਇੱਥੋਂ ਤਕ ਕਿ ਦਲਿਤ ਵੀ ਇਸ ਪਾਰਟੀ ਨੂੰ ਵੋਟ ਨਹੀਂ ਪਾਉਂਦੇ। ਲੀਡਰਸ਼ਿੱਪ ਦੀ ਘਾਟ, ਕਾਡਰ ਦੀ ਟ੍ਰੇਨਿੰਗ ਦੀ ਕਮੀ, ਦਲਿਤਾਂ ਵਿੱਚ ਵੀ ਸਿਰਫ ਇੱਕ ਜਾਤੀ ਤਕ ਸੀਮਤ ਹੋ ਕੇ ਰਹਿ ਜਾਣਾ, ਸੋਮਿਆਂ ਦੀ ਅਣਹੋਂਦ, ਬਸਪਾ ਨੂੰ ਕਦੇ ਵੀ ਰਾਜ ਸੁੱਖ ਮਾਨਣ ਦਾ ਮੌਕਾ ਪ੍ਰਦਾਨ ਕਰਦੀ ਨਜ਼ਰ ਨਹੀਂ ਆਉਂਦੀ। ਹਾਂ, ਜੇਕਰ ਕਿਸੇ ਸਿਆਸੀ ਪਾਰਟੀ ਨਾਲ ਹੋਰ ਗੱਠ-ਜੋੜ ਕਰਕੇ ਸੱਤਾ ਵਿੱਚ ਆ ਜਾਵੇ ਤਾਂ ਵੱਖਰੀ ਗੱਲ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਦਲਿਤਾਂ ਨੂੰ ਇੱਕ ਮੰਤਰ ਦਿੱਤਾ ਸੀ ਜਿਸ ਨਾਲ ਉਹ ਸੱਤਾ ਪ੍ਰਾਪਤ ਕਰ ਸਕਦੇ ਸੀ, ਅੱਜ ਵੀ ਪ੍ਰਾਪਤ ਕਰ ਸਕਦੇ ਹਨ, ਉਹ ਮੰਤਰ ਸੀ, "ਪੜ੍ਹੋ, ਜੁੜੋ, ਸੰਘਰਸ਼ ਕਰੋ।" ਇਸ ਮੰਤਰ ਦਾ ਫਾਇਦਾ ਮਨੂੰਵਾਦੀ ਘੱਟ ਗਿਣਤੀ ਵਰਗ ਦੇ ਲੋਕਾਂ ਨੇ ਤਾਂ ਲਿਆ ਪਰ ਦਲਿਤ ਵਰਗ ਦੇ ਲੋਕਾਂ ਨੇ ਨਹੀਂ।

## ਰਾਜੇਸ਼ ਬਾਘਾ ਨੇ ਹਾਦਸੇ ਦੌਰਾਨ ਹੋਏ ਜ਼ਖਮੀਆਂ ਦਾ ਜਾਣਿਆ ਹਾਲਚਾਲੀ

**ਚੰਡੀਗੜ੍ਹ–** ਭਰਾਤੀ ਜਨਤਾ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਰਾਜੇਸ ਬਾਘਾ ਜੀ ਅਤੇ ਉਨ੍ਹਾਂ ਦੇ ਨਾਲ ਸ੍ਰੀਮਤੀ ਲਖਵਿੰਦਰ ਕੌਰ ਗਰਚਾ, ਅਸ਼ੋਕ ਬਾਠ ਜ਼ਿਲ੍ਹਾ ਪ੍ਰਧਾਨ ਨਵਾਂਸ਼ਹਿਰ ਭਾਜਪਾ, ਸਾਬਕਾ ਜ਼ਿਲਾ ਪ੍ਰਧਾਨ ਡਾ. ਪੂਨਮ ਮਾਣਿਕ, ਰਾਮ ਜੀ ਦਾਸ ਨੇ ਬੀਤੇ ਦਿਨੀਂ ਸ੍ਰੀ ਖੁਰਾਲਗੜ ਸਾਹਿਬ ਮੱਥਾ ਟੇਕਣ ਜਾ ਰਹੀ ਸੰਗਤ ਨਾਲ ਵਾਪਰੇ ਦਰਦਨਾਕ ਹਾਦਸੇ ਦੇ ਜ਼ਖਮੀ ਸ਼ਰਧਾਲੂਆਂ ਦਾ ਸਿਵਿਲ ਹਸਪਤਾਲ ਨਵਾਂਸ਼ਹਿਰ ਵਿਖੇ ਪੁੱਜ ਕੇ ਹਾਲਚਾਲ ਜਾਣਿਆ



ਅਤੇ ਘਟਨਾ ਸੰਬੰਧੀ ਸਾਰੀ ਜਾਣਕਾਰੀ ਹਾਸਿਲ ਕੀਤੀ। ਉਹਨਾਂ ਇਸ ਘਟਨਾ 'ਤੇ ਡੂੰਘੇ ਦੁੱਖ਼ ਦਾ ਪ੍ਰਗਟਾਵਾ ਕਰਦੇ ਹੋਏ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਯਾਦ ਰਹੇ ਕਿ ਇਥੇ ਸੰਗਤ ਨੂੰ ਲਿਜਾ ਰਹੀ ਟਰੈਕਟਰ-ਟਰਾਲੀ ਪਲਟ ਗਈ ਸੀ ਅਤੇ ਇਸ ਦਰਦਨਾਕ ਹਾਦਸੇ 'ਚ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ ਸੀ। ਰਾਜੇਸ਼ ਬਾਘਾ ਨੇ ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਇਸ ਹਾਦਸੇ ਵਿੱਚ ਆਪਣੀ ਜਾਣ ਗਵਾਉਣ ਵਾਲੇ ਹਰ ਮ੍ਰਿਤਕ ਦੇ ਪਰਿਵਾਰ ਨੂੰ 25-25 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਅਤੇ ਹਰ ਫੱਟੜ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ। ਇਸ ਦੇ ਨਾਲ ਹੀ ਮ੍ਰਿਤਕਾਂ ਦੇ ਵਾਰਸਾਂ ਨੂੰ ਇਕ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ। ਬਾਘਾ ਨੇ ਕਿਹਾ ਕਿ ਬੜੇ ਦੁੱਖ਼ ਵਾਲੀ ਗੱਲ ਹੈ ਕਿ ਧਾਰਮਿਕ ਸਥਾਨਾਂ 'ਤੇ ਜਾਣ ਵਾਲੀ ਸੰਗਤ ਬਿਲਕੁਲ ਵੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖੁਰਾਲਗੜ ਸਾਹਿਬ ਦੇ ਨੇੜੇ ਹੀ 30 ਬੈਡ ਦਾ ਕਮਿਊਨਟੀ ਹੈਲਥ ਸੈਂਟਰ ਹੋਣ ਦੇ ਬਾਵਜੂਦ ਅੱਜ ਲੋਕਾਂ ਦੇ ਕੰਮ ਨਹੀਂ ਆਇਆ। ਉਨ੍ਹਾਂ ਕਿਹਾ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ, ਇਸ ਤੋਂ ਪਹਿਲਾਂ ਵੀ ਜਦ ਵੀ ਕਦੀ ਇਸ ਇਲਾਕੇ ਵਿੱਚ ਕੋਈ ਸੜਕ ਹਾਦਸਾ ਵਾਪਰਦਾ ਹੈ ਤਾਂ ਇਹੋ ਕੁਝ ਹੁੰਦਾ ਹੈ। ਬਾਘਾ ਨੇ ਕਿਹਾ ਕਿ ਜਿਸ ਥਾਂ 'ਤੇ ਅੱਜ ਇਹ ਹਾਦਸਾ ਵਾਪਰਿਆ ਉਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।







# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਾਉਣ ਦੀ ਸੇਵਾ ਨਿਰੰਤਰ ਜਾਰੀ

## ਸ਼ਰਧਾਲੂਆਂ ਦੇ ਤੇਰਵੇਂ ਜਥੇ ਨੇ ਕੀਤੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੇ ਦਰਸ਼ਨ



**ਫਗਵਾੜਾ 23 ਮਈ (ਬੀ.ਕੇ.ਰੱਤੂ)–** ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ ਭੇਜਿਆ ਗਿਆ 105 ਮੈਂਬਰਾਂ ਦਾ ਤੇਰਵਾਂ ਜੱਥਾ ਦਰਸ਼ਨ ਦੀਦਾਰ ਕਰਕੇ ਦੇਰ ਰਾਤ ਵਾਪਿਸ ਪਰਤ ਆਇਆ।

ਇਹ ਜਾਣਕਾਰੀ ਦਿੰਦਿਆਂ ਹੋਇਆਂ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਕਰੋਨਾ ਕਾਲ ਤੋਂ ਬਾਅਦ ਸਰਕਾਰ ਵਲੋਂ ਜਦੋਂ ਤੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਦੁਬਾਰਾ ਖੋਲਿਆ ਗਿਆ ਹੈ, ਵਾਹਿਗੁਰੂ ਦੀ ਕਿਰਪਾ ਸਦਕਾ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਨਿਰੰਤਰ ਜੱਥੇ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਲਈ ਭੇਜੇ ਜਾ ਰਹੇ ਹਨ। ਇਲਾਕੇ ਭਰ ਦੀਆਂ ਸੰਗਤਾਂ ਵਲੋਂ ਇਨਾ ਜੱਥਿਆਂ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਉਨਾ ਦੱਸਿਆ ਕਿ ਸੰਗਤਾਂ ਦੇ ਵੱਧਦੇ ਰੁਝਾਨ ਨੂੰ ਦੇਖਦੇ ਹੋਏ ਪਿਛਲੇ ਮਹੀਨੇ ਤੋਂ ਦੋ ਦੋ ਜੱਥੇ ਹਰ ਮਹੀਨੇ ਭੇਜੇ ਜਾ ਰਹੇ ਹਨ। ਉਨਾ ਕਿਹਾ ਕਿ ਮਈ ਮਹੀਨੇ ਵਿਚ ਭੇਜਿਆ ਗਿਆ ਇਹ 105 ਸ਼ਰਧਾਲੂਆਂ ਦਾ ਇਹ ਦੂਸਰਾ ਜੱਥਾ ਬਾਬਾ ਬਕਾਲਾ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਡੇਰਾ ਬਾਬਾ ਨਾਨਕ ਟਰਮੀਨਲ ਰਾਹੀਂ ਕਰਤਾਰਪੁਰ ਸਾਹਿਬ ਦਾਖਲ ਹੋਇਆ।



ਗੁਰਦੁਆਰਾ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਗੁਰਦੁਆਰਾ ਮੈਨੇਜਮੈਂਟ, ਸ਼੍ਰੀ ਰਤਨ ਲਾਲ ਮੈਂਬਰ ਧਾਰਮਿਕ ਕਮੇਟੀ ਅਤੇ ਉੱਥੇ ਪਹਿਲਾਂ ਤੋਂ ਪਹੁੰਚੇ ਐਨ ਆਰ ਆਈ ਸ: ਗੁਰਚਰਨ ਸਿੰਘ ਬਨਵੈਤ ਵਲੋਂ ਜੱਥੇ ਦਾ ਪੁਰਜੋਰ ਸਵਾਗਤ ਕੀਤਾ ਗਿਆ। ਜੱਥੇ ਵਲੋਂ ਗੁਰਚਰਨ ਸਿੰਘ ਜੀ ਬਨਵੈਤ ਦੀ ਅਗਵਾਈ ਵਿਚ ਭਾਈ ਮਨਦੀਪ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤਾਂ ਵਲੋਂ ਗੁਰਦੁਆਰਾ ਅੰਗੀਠਾ ਸਾਹਿਬ, ਮਜਾਰ ਸਾਹਿਬ, ਖੂਹ ਸਾਹਿਬ ਅਤੇ ਖੇਤੀ ਸਾਹਿਬ ਦੇ ਦਰਸ਼ਨ ਕੀਤੇ ਗਏ।

ਇਸ ਯਾਤਰਾ ਲਈ ਦੋ ਬੱਸਾਂ ਨਵਾਂਸ਼ਹਿਰ ਅਤੇ ਪਿੰਡ ਧੌਲਾਂ (ਬਲਾਚੌਰ) ਤੋਂ ਭੇਜੀਆਂ ਗਈਆਂ ਸਨ ਜਿਨਾਂ ਵਿਚ ਆਸ ਪਾਸ ਦੇ ਪਿੰਡਾਂ ਵਿਚੋਂ ਵੀ ਸੰਗਤਾਂ ਸ਼ਾਮਲ ਸਨ। ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਅਸਥਾਨ ਦਰਸ਼ਨ ਕਰਨ ਉਪਰੰਤ ਵਾਪਿਸ ਪਰਤੀਆਂ ਸੰਗਤਾਂ ਦੇ ਚਿਹਰਿਆ ਤੇ ਇਕ ਗੌਰਵਮਈ ਮੁਸਕਾਨ ਉਨਾਂ ਦੇ ਅੰਦਰ ਦੀਆਂ ਭਾਵਨਾ ਦੀ ਝਲਕ ਬਿਆਨ ਕਰ ਰਹੀ ਸੀ।

ਸੁਰਜੀਤ ਸਿੰਘ ਹੁਣਾਂ ਨੇ ਇਹ ਵੀ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਅਗਲਾ ਅਤੇ ਚੌਦਵਾਂ ਜੱਥਾ 10 ਜੂਨ ਨੂੰ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਭੇਜਿਆ ਜਾਵੇਗਾ। ਜੱਥੇ ਦੇ ਮੈਂਬਰਾਂ ਵਿਚ ਜਗਦੀਪ ਸਿੰਘ, ਇੰਦਰਜੀਤ ਸਿੰਘ ਬਾਹੜਾ, ਹਰਜਿੰਦਰ ਸਿੰਘ ਧੌਲ, ਡਾ: ਉਜਾਗਰ ਸਿੰਘ ਸੂਰੀ (ਸੂਰੀ ਹਸਪਤਾਲ) ਦਰਸ਼ਨ ਸਿੰਘ ਸੈਣੀ, ਜਸਵੰਤ ਸਿੰਘ ਬਨਵੈਤ, ਕੁਲਤਾਰ ਸਿੰਘ, ਅਮਰਜੀਤ ਸਿੰਘ ਦੁਬਈ, ਜਸਕਰਨ ਸਿੰਘ ਬਾਹੜਾ, ਮਨਜੀਤ ਸਿੰਘ ਗੜ ਪਧਾਣਾ ਅਤੇ ਡਾ: ਕਿਰਪਾਲ ਸਿੰਘ ਹਿਆਲਾ ਤੋਂ ਇਲਾਵਾ ਹੋਰ ਵੀ ਸੰਗਤਾਂ ਵੀ ਸ਼ਾਮਲ ਸਨ।

# ਐਸ.ਸੀ.ਬੀ.ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਨੇ ਸਕੂਲਾਂ ਦਾ ਸਮਾਂ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰਨ ਦੀ ਕੀਤੀ ਮੰਗ

**ਫਗਵਾੜਾ 23 ਮਈ (ਬੀ.ਕੇ.ਰੱਤੂ)–** ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ.ਬੀ.ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਸਿੰਘ ਟੂਰਾ,ਮਨਜੀਤ ਗਾਟ,ਗਿਆਨ ਚੰਦ ਵਾਹਦ, ਲਖਵੀਰ ਚੰਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਕੁਝ ਦਿਨਾਂ ਤੋਂ ਪੰਜਾਬ ਅੰਦਰ ਗਰਮੀ ਦਾ ਪ੍ਰਕੋਪ ਲਗਾਤਾਰ ਵਧ ਰਿਹਾ ਹੈ, ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਸਮੇਂ ਨੂੰ ਘੱਟ ਕਰਨ ਬਾਰੇ ਕੋਈ ਧਿਆਨ ਨਹੀਂ ਦਿੱਤਾ ਗਿਆ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਟੂਰਾ ਨੇ ਕਿਹਾ ਕਿ ਪੰਜਾਬ ਵਿੱਚ ਹਰ ਪਿੰਡ ਵਿੱਚ ਮਿਡਲ ,ਹਾਈ ਅਤੇ ਸੈਕੰਡਰੀ ਸਕੂਲ ਨਹੀਂ ਹੁੰਦਾ, ਇਸ ਕਰਕੇ ਬੱਚਿਆਂ ਨੂੰ ਆਪਣੇ ਪਿੰਡ ਦੇ ਸਕੂਲ ਵਿੱਚ ਪੜ੍ਹਾਈ ਪੂਰੀ ਕਰਨ ਉਪਰੰਤ ਅਗਲੀ ਪੜ੍ਹਾਈ ਲਈ ਦੂਸਰੇ ਪਿੰਡਾਂ ਦੇ ਸਕੂਲਾਂ ਵਿਚ ਜਾਣਾ ਪੈਂਦਾ ਹੈ, ਜਿੱਥੇ ਬੱਚੇ ਪੈਦਲ ਜਾਂ ਸਾਈਕਲ ਉਪਰ ਸਕੂਲ ਜਾਂਦੇ ਹਨ । ਜਿਉਂ-ਜਿਉਂ ਗ਼ਰਮੀ ਵਧ ਰਹੀ ਹੈ ਆਮ ਕਰਕੇ ਪਿੰਡਾਂ



ਵਿਚ 12 ਵਜੇ ਤੋਂ 4 ਵਜੇ ਦੇ ਕਰੀਬ ਆਵਾਜਾਈ ਘੱਟ ਜਾਂਦੀ ਹੈ, ਰਸਤੇ ਸੁੰਨਸਾਨ ਵਾਂਗ ਹੁੰਦੇ ਹਨ। ਜਦੋਂ ਬਾਅਦ ਦੁਪਿਹਰ 2 ਵਜੇ ਛੁੱਟੀ ਹੁੰਦੀ ਹੈ ਤਾਂ ਦੂਸਰੇ ਪਿੰਡਾਂ ਤੋ ਆਉਣ ਵਾਲੇ ਬੱਚੇ ਇੱਕ ਤਾਂ ਗਰਮੀ ਦੀ ਲੂ ਦਾ ਸ਼ਿਕਾਰ ਹੋਣ ਤੋਂ ਨਹੀਂ ਬਚ ਸਕਦੇ ਦੂਸਰਾ ਅਣਸੁਖਾਵੀਆਂ ਘਟਨਾਵਾਂ ਹੋਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ। ਮਨਜੀਤ ਗਾਟ ਅਤੇ ਲਖਵੀਰ ਚੰਦ ਨੇ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਅਪੀਲ ਕੀਤੀ ਕਿ ਭਾਵੇਂ ਗਰਮੀਆਂ ਦੀਆਂ ਛੁੱਟੀਆਂ 1 ਜੂਨ ਤੋਂ ਹੋ ਜਾਣੀਆਂ ਹਨ ਪ੍ਰੰਤੂ ਗਰਮੀ ਦੀ ਲੂ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਦਾ ਸਮਾਂ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕੀਤਾ ਜਾਵੇ ਤਾਂ ਜੋ ਬੱਚਿਆਂ ਦਾ ਗਰਮੀ ਤੋਂ ਕੁਝ ਬਚਾਅ ਹੋ ਸਕੇ। ਜਾਣਕਾਰੀ ਦੇਣ ਸਮੇਂ ਦੀ ਵਿਨੋਦ ਕੁਮਾਰ ,ਬਲਵਿੰਦਰ ਨਿਧੜਕ, ਸਤਨਾਮ ਗਿੱਲ ,ਸੁਰਜੀਤ ਕੁਮਾਰ, ਰਾਮਪਾਲ, ਅਮਰਿੰਦਰ ਸਿੰਘ , ਵੀਜ਼ਾ, ਦੀਸ਼ ਕੁਮਾਰ ਸ਼ਾਮਲ ਸਨ।

# ਬਿਹਤਰੀਨ ਸੇਵਾਵਾਂ ਲਈ ਜ਼ਿਲ੍ਹਾ ਟੀਕਾਕਰਨ ਅਫ਼ਸਰ ਕਪੂਰਥਲਾ ਡਾ. ਰਣਦੀਪ ਸਿੰਘ ਸਟੇਟ ਅਵਾਰਡ ਨਾਲ ਕੀਤਾ ਸਨਮਾਨਿਤ

**ਫਗਵਾੜਾ 23 ਮਈ (ਬੀ.ਕੇ.ਰੱਤੂ)** ਜ਼ਿਲ੍ਹਾ ਟੀਕਾਕਰਨ ਅਫ਼ਸਰ ਕਪੂਰਥਲਾ ਡਾ ਰਣਦੀਪ ਸਿੰਘ ਨੂੰ ਇੱਕ ਰਾਜ ਪੱਧਰੀ ਸਮਾਗਮ ਦੌਰਾਨ ਕਰੋਨਾ ਵੈਕਸੀਨੇਸ਼ਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਟੀਕਾ ਲਗਾਉਣ ਸਬੰਧੀ ਬਿਹਤਰੀਨ ਸੇਵਾਵਾਂ ਨਿਭਾਉਣ ਪ੍ਰਤੀ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਯੂਐਸ ਏਡ ਅਤੇ ਦੋ ਹੋਰ ਅੰਤਤਰਾਸ਼ਟਰੀ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਾਰਡ ਐਨ. ਜੀ.ਓ. ਵੱਲੋਂ ਚੰਡੀਗੜ ਵਿੱਚ ਪੰਜਾਬ ਦੇ ਕੋਵਿਡ ਵੈਕਸੀਨੇਸ਼ਨ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਡਾਕਟਰਾਂ ਨੂੰ ਸਨਮਾਨਿਤ ਕਰਨ ਲਈ ਇੱਕ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਿਹਤ ਮੰਤਰੀ ਡਾ . ਬਲਬੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਜਿਸਦੀ ਪ੍ਰਧਾਨਗੀ ਸਿਹਤ ਵਿਭਾਗ ਦੇ ਡਾਇਰੈਕਟਰ ਡਾ ਆਦਰਸ਼ਪਾਲ ਕੌਰ ਨੇ ਕੀਤੀ। ਜਦਕਿ ਡਾਇਰੈਕਟਰ ਹੈਲਥ ਫੈਮਲੀ ਵੈਲਫੇਅਰ ਪੰਜਾਬ ਡਾ ਰਵਿੰਦਰ ਪਾਲ, ਸਟੇਟ ਇੰਮੂਨਾਈਜੇਸ਼ਨ ਅਫਸਰ ਡਾ ਬਲਵਿੰਦਰ ਕੌਰ , ਨੋਡਲ ਅਫ਼ਸਰ ਡਾ ਐਸ ਪੀ ਸਿੰਘ , ਡਾ ਰਾਜੇਸ਼ ਭਾਸਕਰ , ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਦੌਰਾਨ ਇੱਕ ਸੈਮੀਨਾਰ ਲਰਨਿੰਗ ਐਂਡ ਐਕਸਪੀਰੀਅੰਸ ਸ਼ੇਅਰਿੰਗ ਮੀਟਿੰਗ ਕਰਵਾਇਆ ਗਿਆ। ਜਿਸ ਵਿੱਚ ਸਾਰੇ ਡਾਕਟਰਾਂ ਨੇ ਕਰੋਨਾ ਬਿਮਾਰੀ , ਕਰੋਨਾ ਵੈਕਸੀਨ ਦੀ ਖੋਜ , ਲੋਕਾਂ ਨੂੰ ਵੈਕਸੀਨੇਸ਼ਨ ਪ੍ਰਤੀ ਜਾਗਰੂਕ ਹਾਸਲ ਕਰਨ ਵਿੱਚ ਵਧੀਆ ਸੇਵਾਵਾਂ ਵਾਲੇ ਡਾਕਟਰਾਂ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਮੁੱਖੀਆਂ ਨੂੰ ਸਨਮਾਨਿਤ ਕੀਤਾ ਗਿਆ। ਸਿਹਤ ਮੰਤਰੀ ਡਾ . ਬਲਬੀਰ ਸਿੰਘ ਨੇ ਕੋਵਿਡ ਦੌਰਾਨ ਅਤੇ ਕੋਵਿਡ ਵੈਕਸੀਨੇਸ਼ਨ ਨੂੰ ਸਫ਼ਲ ਬਣਾਉਣ ਲਈ ਸਾਰੇ ਡਾਕਟਰਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਸਨਮਾਨਿਤ ਕਰਦਿਆਂ ਇਸੇ ਤਰਾ ਹੀ ਬੇਹਤਰੀਨ ਡਾਕਟਰੀ ਸੇਵਾਵਾਂ ਦੇਣ ਲਈ ਪ੍ਰੇਰਿਆ। ਰਾਜ ਪੱਧਰੀ ਅਵਾਰਡ ਮਿਲਣ ਤੇ ਜ਼ਿਲ੍ਹਾ ਕਪੂਰਥਲਾ ਦੇ ਜ਼ਿਲ੍ਹਾ ਇੰਮੂਨਾਈਜੇਸ਼ਨ ਅਫਸਰ ਡਾ ਰਣਦੀਪ ਸਿੰਘ ਨੇ ਕਿਹਾ ਕਿ ਇਹ ਐਵਾਰਡ ਸਿਰਫ਼ ਉਹਨਾਂ ਦਾ ਹੀ ਨਹੀਂ ਸਗੋਂ ਜਿਲੇ ਦੇ ਸਮੁੱਚੇ ਡਾਕਟਰਾਂ , ਸਮੂਹ ਸਟਾਫ਼ , ਕਰਮਚਾਰੀਆਂ ਦਾ ਹੈ , ਜਿਨਾਂ ਨੇ ਕੋਵਿਡ ਵੈਕਸੀਨੇਸ਼ਨ ਨੂੰ ਸਫ਼ਲ ਬਣਾਉਣ ਲਈ ਦਿਨ ਰਾਤ ਮਿਹਨਤ ਕੀਤੀ ਉਹਨਾਂ ਇਹ ਐਵਾਰਡ ਮਿਲਣ ' ਤੇ ਜਿਲੇ ਦੇ ਸਮੂਹ ਸਰਕਾਰੀ ਡਾਕਟਰਾਂ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਵਧਾਈ ਦਿੱਤੀ।




# ਪੰਜਾਬੀ ਕਵੀ ਅਤੇ ਗੀਤਕਾਰ ਸੁੱਖੀ ਧਾਲੀਵਾਲ ਅਤੇ ਪਰਿਵਾਰ ਨੂੰ ਪਿਤਾ ਸ. ਗੁਰਚਰਨ ਸਿੰਘ ਧਾਲੀਵਾਲ ਦੇ ਅਕਾਲ ਚਲਾਣੇ 'ਤੇ ਸਦਮਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਕਵੀ ਅਤੇ ਗੀਤਕਾਰ ਸੁੱਖੀ ਧਾਲੀਵਾਲ ਅਤੇ ਸਮੂੰਹ ਧਾਲੀਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਗੁਰ-ਚਰਨ ਸਿੰਘ ਧਾਲੀਵਾਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਨਾਂ ਦੀ ਉਮਰ ਲਗਭਗ 88 ਸਾਲ ਸੀ ਅਤੇ ਪੰਜਾਬ ਤੋਂ ਪਿਛਲਾ ਪਿੰਡ ਬੱਧਨੀ ਖੁਰਦ, ਜਿਲ੍ਹਾਂ ਮੋਗਾ ਸੀ। ਪਿਛਲੇ ਲਗਭਗ 32 ਸਾਲਾਂ ਤੋਂ ਵਧੀਕ ਸਮੇਂ ਤੋਂ ਉਹ ਪਰਿਵਾਰ ਸਮੇਤ ਕਰਮਨ ਸ਼ਹਿਰ ਵਿੱਚ ਰਹਿ ਰਹੇ ਸਨ। ਉਹ ਸੰਤ ਸੁਭਾਅ ਦੇ ਮਾਲਕ ਅਤੇ ਮਿਹਨਤ ਕਰਨ ਵਾਲੇ ਇਨਸਾਨ ਸਨ। ਜਿੰਨਾਂ ਨੇ ਪਹਿਲਾਂ ਪੰਜਾਬ ਵਿੱਚ ਖੇਤੀਬਾੜੀ ਕੀਤੀ ਅਤੇ ਕੈਲੇਫੋਰਨੀਆਂ ਆ ਕੇ ਵੀ ਆਪਣੀ ਸਖਤ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਪੜਾਈ ਵੱਲ ਪ੍ਰੇਰਿਤ ਕਰਦੇ ਹੋਏ ਆਪਣੇ ਪਰਿਵਾਰ ਨੂੰ ਕਾਮਯਾਬ ਕੀਤਾ। ਉਹ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਅਤੇ ਦੋ ਧੀਆਂ ਦੀ ਹੱਸਦੀ-ਖੇਡਦੀ ਪਰਿਵਾਰਕ ਫੁੱਲਵਾੜੀ ਛੱਡ ਗਏ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧ-ਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 31 ਮਈ, 2023 ਦਿਨ ਬੁੱਧਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗਾ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨਾਂ ਦੇ ਪੁੱਤਰ ਸੁੱਖੀ ਧਾਲੀਵਾਲ ਨਾਲ ਫੋਨ ਨੰਬਰ (559) 283-2298 'ਤੇ ਸੰਪਰਕ ਕਰ ਸਕਦੇ ਹੋ।

# ਨਿਊਯਾਰਕ ਪੁਲਸ 'ਚ ਭਾਰਤੀ ਮੂਲ ਦੀ ਪ੍ਰਤਿਮਾ ਨੂੰ ਮਿਲਿਆ ਸਰਵਉੱਚ ਰੈਂਕ



**ਨਿਊਯਾਰਕ–** ਵਿਦੇਸ਼ਾਂ ਵਿਚ ਭਾਰਤੀਆਂ ਨੇ ਆਪਣੀ ਮਿਹਨਤ ਨਾਲ ਉੱਚ ਆਹੁਦੇ ਹਾਸਲ ਕੀਤੇ ਹਨ। ਅਮਰੀਕਾ ਵਿਚ ਨਿਊਯਾਰਕ ਪੁਲਸ ਵਿਭਾਗ ਵਿਚ ਭਾਰਤੀ ਮੂਲ ਦੀ ਅਧਿਕਾਰੀ ਕੈਪਟਨ ਪ੍ਰਤਿਮਾ ਭੁੱਲਰ ਮਾਲਡੋਨਾਡੋ ਸਰਵਉੱਚ ਰੈਂਕ ਵਾਲੀ ਦੱਖਣੀ ਏਸ਼ੀਆਈ ਮਹਿਲਾ ਬਣ ਗਈ ਹੈ। ਪ੍ਰਤਿਮਾ ਨੂੰ ਹਾਲ ਹੀ ਵਿਚ ਇਸ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ। ਮਾਲਡੋਨਾਡੋ ਕੁਈਨਜ਼ ਸਥਿਤ ਸਾਊਥ ਰਿਚਮੰਡ ਹਿੱਲ ਵਿਚ 102ਵੇਂ ਪੁਲਸ ਕੰਪਲੈਕਸ ਵਿਚ ਤਾਇਨਾਤ ਹੈ। ਸੀ.ਬੀ.ਐੱਸ. ਨਿਊਜ਼ ਮੁਤਾਬਕ ਉਨ੍ਹਾਂ ਨੂੰ ਪਿਛਲੇ ਮਹੀਨੇ ਕੈਪਟਨ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਸੀ। ਚਾਰ ਬੱਚਿਆਂ ਦੀ ਮਾਂ ਪ੍ਰਤਿਮਾ ਦਾ ਜਨਮ ਪੰਜਾਬ ਵਿਚ ਹੋਇਆ ਸੀ ਅਤੇ ਉਹ ਉਥੇ 9 ਸਾਲ ਦੀ ਉਮਰ ਤੱਕ ਰਹੀ। ਇਸ ਤੋਂ ਬਾਅਦ ਉਹ ਨਿਊਯਾਰਕ ਦੇ ਕੁਈਨਜ਼ ਆ ਗਈ। ਨਿਊਯਾਰਕ ਪੁਲਸ ਵਿਭਾਗ ਮੁਤਾਬਕ ਉਨ੍ਹਾਂ ਦੇ ਵਿਭਾਗ ਵਿਚ ਕੁੱਲ 33,787 ਮੈਂਬਰ ਹਨ, ਜਿਨ੍ਹਾਂ ਵਿਚੋਂ 10.5 ਫ਼ੀਸਦੀ ਏਸ਼ੀਆਈ ਮੂਲ ਦੇ ਹਨ। ਪ੍ਰਤਿਮਾ ਨੇ ਕਿਹਾ, 'ਮੇਰੇ ਪਿਤਾ ਜੀ ਅਸਲ ਵਿਚ ਕਈ ਸਾਲਾਂ ਤੋਂ ਟੈਕਸੀ ਚਲਾਉਂਦੇ ਸਨ। ਸਾਲ 2006 ਵਿਚ ਮੇਰੇ ਪੁਲਸ ਮੁਲਾਜ਼ਮ ਬਨਣ ਤੋਂ ਪਹਿਲਾਂ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।'

# ਚੀਨ 'ਚ ਨੌਜਵਾਨ ਵਰਗ ਬੇਰੁਜ਼ਗਾਰੀ ਕਾਰਨ ਨਿਰਾਸ਼-ਖੁਲਾਸਾ

**ਬੀਜਿੰਗ–** ਨਿਊਯਾਰਕ ਸਥਿਤ ਟੈਲੀਵਿਜ਼ਨ ਨੈੱਟਵਰਕ ਐਂਨਟੀਡੀ ਦੀ ਰਿਪੋਰਟ ਮੁਤਾਬਕ ਚੀਨ ਵਿੱਚ ਨੌਜਵਾਨ ਨੌਕਰੀਆਂ ਲੱਭਣ ਲਈ ਸੰਘਰਸ਼ ਕਰ ਰਹੇ ਹਨ। ਬਹੁਤ ਸਾਰੇ ਲੋਕਾਂ ਨੇ ਕਿਹਾ ਹੈ ਕਿ ਉਹ ਹੁਣ ਆਪਣੇ ਬ੍ਰੇਕਿੰਗ ਪੁਆਇੰਟ 'ਤੇ ਹਨ। ਏਬੀਸੀ ਨਿਊਜ਼ ਨੇ ਰਿਪੋਰਟ ਕੀਤੀ ਕਿ ਅਧਿਕਾਰੀਆਂ ਦੁਆਰਾ ਕੋਵਿਡ -19 ਮਹਾਮਾਰੀ ਦੀਆਂ ਪਾਬੰਦੀਆਂ ਨੂੰ ਹਟਾਉਣ ਅਤੇ ਇਸ ਦੀਆਂ ਸਰਹੱਦਾਂ ਨੂੰ ਦੁਬਾਰਾ ਖੋਲ੍ਹਣ ਤੋਂ ਕੁਝ ਮਹੀਨਿਆਂ ਬਾਅਦ ਚੀਨ ਵਿੱਚ ਨੌਕਰੀ ਪਾਉਣ ਲਈ ਸੰਘਰਸ਼ ਜਾਰੀ ਹੈ। ਚੀਨ ਦੇ ਨੈਸ਼ਨਲ ਬਿਊਰੋ ਆਫ ਸਟੈਟਿਸਟਿਕਸ ਦੁਆਰਾ ਅਪ੍ਰੈਲ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਨੇ ਦਿਖਾਇਆ ਕਿ ਸਥਿਤੀ ਵਿਗੜ ਰਹੀ ਹੈ। ਅੰਕੜਿਆਂ ਅਨੁਸਾਰ 16-24 ਸਾਲ ਦੇ ਬੱਚਿਆਂ ਲਈ ਰਾਸ਼ਟਰੀ ਬੇਰੁਜ਼ਗਾਰੀ ਦਰ 19.5 ਪ੍ਰਤੀਸ਼ਤ ਸੀ, ਜੋ ਦਸੰਬਰ ਦੇ ਮੁਕਾਬਲੇ ਲਗਭਗ 3 ਪ੍ਰਤੀਸ਼ਤ ਵੱਧ ਹੈ। ਚੀਨ ਵੱਲੋਂ ਕੋਵਿਡ-19 ਪਾਬੰਦੀਆਂ ਹਟਾਉਣ ਦੇ ਬਾਵਜੂਦ ਬੇਰੁਜ਼ਗਾਰੀ ਦਰ ਵਿਚ ਵਾਧਾ ਹੋਇਆ ਹੈ। ਇਕ ਵਿਦਿਆਰਥੀ ਟੋਨੀ ਬੀ ਚੀਨ ਦੇ ਲਗਭਗ 30 ਮਿਲੀਅਨ ਬੇਰੁਜ਼ਗਾਰ ਨੌਜਵਾਨਾਂ ਵਿੱਚੋਂ ਇੱਕ ਹੈ। ਟੋਨੀ ਬੀ ਨੇ ਦੋ ਸਾਲ ਪਹਿਲਾਂ ਚੀਨ ਦੀ ਇੱਕ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ ਸੀ। ਹਾਲਾਂਕਿ ਏਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਉਹ ਅਜੇ ਵੀ ਬੇਰੁਜ਼ਗਾਰ ਹੈ। ਉਸਨੇ ਕਿਹਾ ਕਿ "ਕਈ ਵਾਰ ਉਹ ਸੋਚਦਾ ਹੈ ਕਿ ਉਹ ਯੂਨੀਵਰਸਿਟੀ ਕਿਉਂ ਗਿਆ।" ਟੋਨੀ ਬੀ ਨੇ ਅੱਗੇ ਕਿਹਾ ਕਿ "ਜੇ ਉਸ ਨੂੰ ਹਾਈ ਸਕੂਲ ਤੋਂ ਸਿੱਧਾ ਨੌਕਰੀ ਮਿਲ ਜਾਂਦੀ, ਤਾਂ ਉਹ ਹੁਣ ਮੈਨੇਜਰ



ਹੁੰਦਾ।" 23 ਸਾਲਾ ਨੌਜਵਾਨ ਨੇ ਕਿਹਾ ਕਿ ਉਹ ਅੱਗੇ ਪੜ੍ਹਨਾ ਚਾਹੁੰਦਾ ਸੀ ਕਿਉਂਕਿ ਇਸ ਨਾਲ ਨੌਕਰੀ ਮਿਲਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਹਾਲਾਂਕਿ ਉਸਨੇ ਕਿਹਾ ਕਿ ਯੂਨੀਵਰਸਿਟੀ ਸਥਾਨਾਂ ਲਈ ਮੁਕਾਬਲਾ ਸਖ਼ਤ ਹੈ ਅਤੇ ਉਹ ਕੋਰਸ ਲਈ ਦਾਖਲਾ ਪ੍ਰੀਖਿਆ ਵਿੱਚ ਤਿੰਨ ਵਾਰ ਫੇਲ ਹੋ ਗਿਆ ਹੈ।

ਯੂਨੀਵਰਸਿਟੀ ਆਫ ਵੈਸਟਰਨ ਆਸਟ੍ਰੇਲੀਆ ਦੇ ਚਾਈਨੀਜ਼ ਸਟੱਡੀਜ਼ ਦੇ ਸੀਨੀਅਰ ਲੈਕਚਰਾਰ ਤਾਓ ਯੂ ਨੇ ਕਿਹਾ ਕਿ ਚੀਨ ਦੇ ਨੌਜਵਾਨ ਆਮ ਤੌਰ 'ਤੇ ਇਹ ਮੰਨਦੇ ਹਨ ਕਿ ਚੰਗੀ ਸਿੱਖਿਆ ਨਾਲ ਚੰਗੀ ਤਨਖਾਹ ਵਾਲੀ ਨੌਕਰੀ ਮਿਲੇਗੀ। ਹਾਲਾਂਕਿ ਅਸਲੀਅਤ ਇਹ ਹੈ ਕਿ ਕੋਵਿਡ-19 ਪਾਬੰਦੀਆਂ ਦੁਆਰਾ ਚਲਾਏ ਗਏ ਚੀਨ ਦੇ ਆਰਥਿਕ ਸੰਘਰਸ਼ਾਂ ਦਾ ਮਤਲਬ ਇਹ ਹੈ ਕਿ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਲਈ ਘੱਟ ਨੌਕਰੀਆਂ ਸਨ। ਰਿਪੋਰਟ ਅਨੁਸਾਰ ਕੁਝ ਨੌਜਵਾਨ ਚੀਨੀ ਲੋਕ "996" ਵਰਕ ਕਲਚਰ ਤੋਂ ਬਚਣ ਅਤੇ ਆਪਣੀ ਆਮਦਨੀ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਰਾਤ ਦੇ ਬਾਜ਼ਾਰਾਂ ਵਿੱਚ ਸਟਾਲ ਲਗਾਉਣ ਦੀ ਚੋਣ ਕਰ ਰਹੇ ਹਨ। ਬਹੁਤ ਸਾਰੇ ਹੋਰ ਨੌਜਵਾਨ ਪਰਿਵਾਰ ਦੀ ਸਹਾਇਤਾ 'ਤੇ ਨਿਰਭਰ ਹਨ ਕਿਉਂਕਿ ਚੀਨ ਕੋਲ ਬੇਰੁਜ਼ਗਾਰ ਨੌਜਵਾਨਾਂ ਲਈ ਕੋਈ ਭਲਾਈ ਭੁਗਤਾਨ ਨਹੀਂ ਹੈ। ਤਕਨਾਲੋਜੀ, ਸਿੱਖਿਆ ਅਤੇ ਜਾਇਦਾਦ ਦੇ ਖੇਤਰਾਂ ਵਿੱਚ ਚੀਨੀ ਸਰਕਾਰ ਦੀ ਸਖ਼ਤੀ ਕਾਰਨ ਤਕਨਾਲੋਜੀ, ਸਿੱਖਿਆ ਅਤੇ ਜਾਇਦਾਦ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਹਨ, ਜਿਸ ਕਾਰਨ ਇਨ੍ਹਾਂ ਉਦਯੋਗਾਂ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਨੌਕਰੀ ਤੋਂ ਵਾਂਝੇ ਹੋ ਗਏ ਹਨ। ਚੀਨ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ 'ਤੇ ਆਪਣੀਆਂ ਚਿੰਤਾਵਾਂ ਉਠਾਉਣ ਲਈ ਪ੍ਰੇਰਿਆ ਹੈ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਬਿਆਨ ਤੇਜ਼ੀ ਨਾਲ ਸੈਂਸਰ ਹੋ ਗਏ ਸਨ। ਏਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਬਹੁਤ ਸਾਰੇ ਟੈਕਨਾਲੋਜੀ ਦਿੱਗਜਾਂ ਨੇ ਹਜ਼ਾਰਾਂ ਕਰਮਚਾਰੀਆਂ ਦੀ ਛੁੱਟੀ ਕਰ ਦਿੱਤੀ ਹੈ।

# ਜ਼ੀਰਾ ਸ਼ਰਾਬ ਫੈਕਟਰੀ ਦੇ ਹੇਠਲੇ ਪਾਣੀ 'ਚ ਮਿਲਿਆ ਸਾਈਨਾਇਡ

**ਚੰਡੀਗੜ੍ਹ–** ਕੇਂਦਰੀ ਪ੍ਰਦੂਸ਼ਣ ਕੰਟ੍ਰੋਲ ਬੋਰਡ ਨੇ ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਨੂੰ ਪੱਤਰ ਲਿਖ ਕੇ ਜ਼ੀਰਾ ਸ਼ਰਾਬ ਫੈਕ-ਟਰੀ ਖਿਲਾਫ਼ ਬਣਦੀ ਕਾਰਵਾਈ ਕਰਨ ਨੂੰ ਕਿਹਾ ਹੈ। ਕੇਂਦਰੀ ਬੋਰਡ ਨੇ ਇਹ ਪੱਤਰ ਉਸ ਰਿਪੋਰਟ ਦੇ ਆਧਾਰ 'ਤੇ ਜਾਰੀ ਕੀਤਾ ਹੈ, ਜਿਸ ਵਿਚ ਫੈਕਟਰੀ ਦੀ ਜਾਂਚ-ਪੜਤਾਲ ਦੌਰਾਨ ਕਾਫ਼ੀ ਕਮੀਆਂ ਪਾਈਆਂ ਗਈਆਂ ਹਨ। ਰਿਪੋਰਟ ਵਿਚ ਹੈਰਾਨੀਜਨਕ ਗੱਲ ਇਹ ਹੈ ਕਿ ਜਾਂਚ-ਪੜਤਾਲ ਦੌਰਾਨ ਫੈਕ-ਟਰੀ ਦੇ ਨਜ਼ਦੀਕ ਪਿੰਡ ਰਤੋਲ ਰੋਹੀ ਦੇ ਜ਼ਮੀਨ ਹੇਠਲੇ ਪਾਣੀ ਵਿਚ ਸਾਈਨਾਈਡ ਹੋਣ ਦੇ ਸਬੂਤ ਮਿਲੇ ਹਨ। ਪਿੰਡ ਦੇ ਬੋਰਵੈਲ ਵਿਚ 0.2 ਐੱਮ.ਜੀ./ਐੱਲ ਦੀ ਮਾਤਰਾ ਪਾਈ ਗਈ ਹੈ, ਜੋ ਤੈਅ ਮਾਪਦੰਡਾਂ ਤੋਂ ਚਾਰ ਗੁਣਾ ਜ਼ਿਆਦਾ ਹੈ। ਇਸ ਕੜੀ ਵਿਚ ਨਜ਼ਦੀਕੀ ਪਿੰਡ ਮਹੀਂਵਾਲਾ ਦੇ 250 ਮੀਟਰ ਤਕ ਡੂੰਘਾਈ ਵਾਲੇ ਬੋਰਵੈੱਲ ਵਿਚ ਸਿਲੇਨਿਮੇ, ਮੈਂਗਨੀਜ਼ ਅਤੇ ਆਇਰਨ ਵਰਗੇ ਤੱਤ ਤੈਅ ਮਾਤਰਾ ਤੋਂ ਜ਼ਿਆਦਾ ਪਾਏ ਗਏ ਹਨ।



ਖਾਸ ਗੱਲ ਇਹ ਹੈ ਕਿ ਫੈਕਟਰੀ ਦੇ ਅੰਦਰ 2 ਬੋਰਵੈੱਲਾਂ ਵਿਚ ਆਰਸੇਨਿਕ, ਮੈਂਗਨੀਜ਼, ਸਿਲੇਨੀਅਮ, ਲੈਂਡ, ਨਿੱਕਲ, ਕਾਪਰ, ਆਇਰਨ, ਕਰੋਮੀਅਮ ਵਰਗੇ ਤੱਤ ਬਹੁਤ ਜ਼ਿਆਦਾ ਮਾਤਰਾ ਵਿਚ ਪਾਏ ਗਏ ਹਨ। ਇਨਾਂ ਬੋਰਵੈੱਲਾਂ ਦਾ ਜਦੋਂ ਸੈਂਪਲ ਲਿਆ ਗਿਆ, ਤਾਂ ਇਨ੍ਹਾਂ ਦਾ ਪਾਣੀ ਕਾਲਾ ਨਿਕਲਿਆ। ਕਈ ਤੱਤ ਅਜਿਹੇ ਪਾਏ ਗਏ, ਜੋ ਨਿਰਧਾਰਿਤ ਮਾਪਦੰਡਾਂ ਦੀ ਤੁਲਨਾ 11-12 ਫੀਸਦੀ ਜ਼ਿਆਦਾ ਹਨ। ਪੱਤਰ ਵਿਚ ਲਿਖਿਆ ਗਿਆ ਹੈ ਕਿ ਫੈਕਟਰੀ ਵਿਚ 10 ਬੋਰਵੈੱਲ ਅਤੇ 6 ਪੇਜੋਮੀਟਰ ਪਾਏ ਗਏ। ਫੈਕਟਰੀ ਦੇ ਪ੍ਰਤੀਨਿਧੀਆਂ ਨੇ 4 ਬੋਰਵੈੱਲ ਅਤੇ 2 ਪੇਜੋਮੀਟਰ ਦੀ ਆਗਿਆ ਹੋਣ ਦਾ ਦਾਅਵਾ ਕੀਤਾ ਪਰ ਇਨ੍ਹਾਂ ਦੀ ਆਗਿਆ ਦਾ ਦਸਤਾਵੇਜ਼ ਵੀ ਪੇਸ਼ ਨਹੀਂ ਕਰ ਸਕੇ। ਇਥੋਂ ਤਕ ਕਿ ਫੈਕਟਰੀ ਪ੍ਰਤੀਨਿਧੀਆਂ ਨੇ ਬੋਰਵੈੱਲ ਦੀ ਤਰੀਕ ਤਕ ਉਪਲਬਧ ਨਹੀਂ ਕਰਵਾਈ। ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਇਸ ਫੈਕਟਰੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਸੀ।



# ਸ. ਤੀਰਥ ਸਿੰਘ ਅਟਵਾਲ 'ਨਿਊਜ਼ੀਲੈਂਡ ਐਮਚੁਰ ਸਪੋਰਟਸ ਐਸੋਸੀਏਸ਼ਨ' ਦੇ ਬੋਰਡ ਮੈਂਬਰ ਬਣੇ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਖੇਡ ਦੇ ਮੈਦਾਨ ਦੇ ਵਿਚ ਜਿੱਥੇ ਦੋ ਤਰ੍ਹਾਂ ਦੇ ਖਿਡਾਰੀ ਜਿਵੇਂ ਸ਼ੌਂਕੀਆਂ ਅਤੇ ਪ੍ਰੋਫੈਸ਼ਨਲ (ਪੈਸੇ ਲਈ) ਖੇਡਦੇ ਹਨ, ਉਸੇ ਤਰ੍ਹਾਂ ਉਥੇ ਖੇਡ ਦੇ ਮੈਦਾਨ ਦੇ ਬਾਹਰ ਵੀ ਦਰਸ਼ਕਾਂ ਤੋਂ ਇਲਾਵਾ ਦੋ ਤਰ੍ਹਾਂ ਦੇ ਹੋਰ ਲੋਕ ਹੁੰਦੇ ਹਨ ਜੋ ਖੇਡ ਮੈਦਾਨ ਦੇ ਕੰਮਾਂ, ਸਾਂਭ-ਸੰਭਾਲ, ਖਿਡਾਰੀਆਂ ਅਤੇ ਖੇਡ ਕਲੱਬਾਂ ਦੀ ਦੇਖ-ਭਾਲ ਕਰਦੇ ਹਨ। ਬਿਨਾਂ ਪੈਸਾ ਲਏ ਖੇਡਾਂ ਅਤੇ ਖਿਡਾਰੀਆਂ ਦੀ ਸੰਭਾਲ ਏਥੋਂ ਤੱਕ ਆਪਣੇ ਕੋਲੋਂ ਪੈਸਾ ਖਰਚ ਕੇ ਇਨ੍ਹਾਂ ਖਿਡਾਰੀਆਂ ਦੀ ਪਿੱਠ ਥਪਾਉਣ ਵਾਲਿਆਂ ਦੀ ਨਿਊਜ਼ੀ-ਲੈਂਡ ਦੇ ਵਿਚ ਗੋਰਿਆਂ ਦੀ ਇਕ ਸੰਸਥ ਹੈ 'ਨਿਊਜ਼ੀਲੈਂਡ ਐਮਚੁਰ ਸਪੋਰਟਸ ਐਸੋਸੀਏਸ਼ਨ'। 'ਐਮਚੁਰ' ਅੰਗਰੇਜ਼ੀ ਦਾ ਸ਼ਬਦ ਹੈ ਅਤੇ ਇਸਦੇ ਅੱਖਰੀ ਅਰਥ ਹਨ 'ਸ਼ੌਕੀਨ ਜਾਂ ਉਹ ਲੋਕ ਜੋ ਖੇਡਾਂ ਦੀ ਪ੍ਰਫੁਲਤਾ ਲਈ ਨਿਰਸਵਾਰਥ ਆਪਣਾ ਯੋਗਦਾਨ ਪਾਉਂਦੇ ਹਨ ਜਾਂ ਉਹ ਅਥਲੀਟ ਜੋ ਪੈਸੇ ਲਈ ਨਹੀਂ ਖੇਡਦਾ ਜਾਂ ਫਿਰ ਪੰਜਾਬੀ ਵਿਚ ਸਪਸ਼ਟ ਕਰਨਾ ਹੋਵੇ ਤਾਂ ਕਿਹਾ ਜਾਂ ਸਕਦਾ ਹੈ ਕਿ ਖੇਡ ਦੇ ਮੈਦਾਨ ਦੇ ਬਾਹਰ ਜੋ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਦੀ ਸੰਭਾਲ ਕਰਦਾ ਹੈ। ਭਾਰਤੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਸ। ਤੀਰਥ ਸਿੰਘ ਅਟਵਾਲ ਨੂੰ 'ਨਿਊਜ਼ੀਲੈਂਡ ਐਮਚੁਰ ਸਪੋਰਟਸ ਐਸੋਸੀਏਸ਼ਨ' ਵੱਲੋਂ ਬੋਰਡ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੀ ਐਸੋਸੀਏਸ਼ਨ ਦੀ ਨੈਸ਼ਨਲ ਬਾਡੀ ਦੀ ਮਾਨਤਾ ਪ੍ਰਾਪਤੀ ਵਜੋਂ ਦਿੱਤੀ ਗਈ ਹੈ, ਜਿਸ ਦੇ ਨਾਲ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦਾ ਕੱਦ ਹੋਰ ਉਚਾ ਹੋ ਜਾਂਦਾ ਹੈ। ਬੀਤੇ ਦਿਨੀਂ ਵਲਿੰਗਟਨ ਵਿਖੇ ਇਹ ਨਿਯੁਕਤੀ ਕੀਤੀ ਗਈ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕਿਸੇ ਭਾਰਤੀ ਨੂੰ ਬੋਰਡ ਮੈਂਬਰ ਬਣਾਇਆ ਗਿਆ ਹੋਵੇ। ਪਿੰਡ ਕੰਗਾਂ (ਸ਼ਹੀਦ ਭਗਤ ਸਿੰਘ ਨਗਰ) ਵਾਲੇ ਅਟਵਾਲ ਭਰਾਵਾਂ ਦੀ ਕੋਈ ਰਸਮੀ ਪਹਿਚਾਣ ਕਰਾਉਣ ਦੀ ਭਾਈਚਾਰੇ ਵਿਚ ਲੋੜ ਨਹੀਂ ਹੈ ਪਰ ਫਿਰ ਵੀ ਥੋੜ੍ਹੀ ਪੰਛੀ ਝਾਤ ਮੁਤਾਬਿਕ ਸ। ਤੀਰਥ ਸਿੰਘ ਅਟਵਾਲ ਇਸ ਵੇਲੇ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਸਕੱਤਰ ਹਨ। ਬਹੁਕ ਸਾਰੇ ਖੇਡ ਕਲੱਬ ਅਤੇ ਖੇਡ ਮੇਲੇ ਇਸੇ ਫੈਡਰੇਸ਼ਨ ਦੀ ਨਿਯਮਾਂਵਾਲੀ ਅਨੁਸਾਰ ਹੁੰਦੇ ਹਨ। ਪੰਜਾਬ ਹੋਵੇ ਚਾਹੇ ਨਿਊਜ਼ੀਲੈਂਡ ਹੋਵੇ, ਮਾਂ ਖੇਡ ਕਬੱਡੀ ਹੋਵੇ, ਕਿਤੇ ਵੀ ਦੇਸੀ ਖੇਡਾਂ ਹੋਣ, ਨਿਊਜ਼ੀਲੈਂਡ ਸਿੱਖ ਖੇਡਾਂ ਹੋਣ, ਸਭਿਆਚਾਰਕ ਮੇਲੇ ਹੋਣ, ਅਟਵਾਲ ਭਰਾਵਾਂ ਦੀ ਸੁਪਰੋਟ ਅਤੇ ਸਹਿਯੋਗ ਕਦੇ ਵੀ ਆਪਣੇ ਬੂਹੇ ਬੰਦ ਨਹੀਂ ਕਰਦੀ। ਪੰਜਾਬ ਦੇ ਖੇਡ ਮੇਲਿਆਂ ਦੇ ਵਿਚ ਜਿੱਥੇ ਖੇਡ ਸਿਤਾਰਿਆਂ ਦੀਆਂ ਤਸਵੀਰਾਂ, ਪੁਲਿਸ ਅਫਸਰਾਂ ਦੀਆਂ ਤਸਵੀਰਾਂ ਛਪੀਆਂ ਹੁੰਦੀਆਂ, ਉਥੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਸ਼ਹਿਰਾਂ ਦੇ ਦਰਸ਼ਨੀ ਗੇਟਾਂ ਉਤੇ ਲੱਗੇ ਪੋਸਟਰਾਂ ਵਿਚ ਅਟਵਾਲ ਭਰਾਵਾਂ ਦੀ ਤਸਵੀਰ ਵੀ ਤੁਹਾਨੂੰ ਨਜ਼ਰ ਆਉਂਦੀ ਹੈ। ਸੌਦੇ-ਪੱਤਿਆਂ ਮਤਲਬ ਕਿ ਗਰੋਸਰੀ ਦੇ ਲੈਣ-ਦੇਣ ਦੇ ਵਿਚ ਇਨ੍ਹਾਂ ਨੇ ਭਾਰਤੀ ਭਾਈਚਾਰੇ ਦੀ ਬਹੁਤਾਤ ਜਨਸੰਖਿਆ ਵਾਲੇ ਇਲਾਕਿਆਂ ਵਿਚ ਜਿੱਥੇ ਵਧੀਆ ਹੱਟੀਆਂ ਖੋਲ੍ਹੀਆਂ ਹੋਈਆਂ ਹਨ ਉਥੇ ਮਨੀਗ੍ਰਾਮ ਰਾਹੀਂ ਮਾਇਆ ਵੀ ਕਿਤੇ ਦੀ ਕਿਤੇ ਪਹੁੰਚਾ ਦਿੰਦੇ ਹਨ।



ਇਕ ਵਕਾਰੀ ਸੰਸਥਾ 'ਨਿਊਜ਼ੀਲੈਂਡ ਐਮਚੁਰ ਸਪੋਰਟਸ ਐਸੋਸੀਏਸ਼ਨ' ਦੇ ਬੋਰਡ ਮੈਂਬਰ ਨਿਯੁਕਤ ਹੋਣ 'ਤੇ ਸ. ਤੀਰਥ ਸਿੰਘ ਅਟਵਾਲ ਨੂੰ ਪੰਜਾਬੀ ਮੀਡੀਆ ਕਰਮੀਆਂ ਅਤੇ ਭਾਰਤੀਆਂ ਵੱਲੋਂ ਵਧਾਈ ਹੋਵੇ! ਅਖੀਰ ਵਿਚ ਇਹ ਕਹਿ ਸਕਦੇ "ਸ. ਤੀਰਥ ਸਿੰਘ ਅਟਵਾਲ ਦਾ ਪੱਕਾ ਹੈ ਸਟੈਂਡ ਚਾਹੇ ਹੋਵੇ ਪੰਜਾਬ ਚਾਹੇ ਨਿਊਜ਼ੀਲੈਂਡ।"

# ਡੈਲੀਗੇਟਜ਼ ਨੇ ਸ਼੍ਰੀਨਗਰ ਦੀ ਡਲ ਝੀਲ 'ਚ ਸ਼ਿਕਾਰਾ ਦੀ ਸਵਾਰੀ ਦਾ ਲਿਆ ਆਨੰਦ






**ਸ਼੍ਰੀਨਗਰ (ਬਿਊਰੋ)-** ਜੀ-20 ਡੈਲੀਗੇਟਾਂ ਨੂੰ ਸੋਮਵਾਰ ਨੂੰ ਜੰਮੂ-ਕਸ਼ਮੀਰ ਦੇ ਸ਼੍ਰੀਨਗਰ 'ਚ ਡੱਲ ਝੀਲ 'ਤੇ ਸ਼ਿਕਾਰਾ ਦੀ ਸਵਾਰੀ ਦਾ ਆਨੰਦ ਲੈਂਦੇ ਦੇਖਿਆ ਗਿਆ। ਜੀ-20 ਵਰਕਿੰਗ ਗਰੁੱਪ ਦੀ ਮੀਟਿੰਗ ਸੋਮਵਾਰ ਤੋਂ ਬੁੱਧਵਾਰ ਤੱਕ ਸੰਘੀ ਪ੍ਰਸ਼ਾਸਿਤ ਖੇਤਰ ਦੀ ਗਰਮੀਆਂ ਦੀ ਰਾਜਧਾਨੀ ਸ਼੍ਰੀਨਗਰ ਵਿੱਚ ਹੋ ਰਹੀ ਹੈ। ਇਸ ਸਮਾਗਮ ਵਿੱਚ ਜੀ-20 ਮੈਂਬਰ ਦੇਸ਼ਾਂ ਦੇ 60 ਤੋਂ ਵੱਧ ਪ੍ਰਤੀਨਿਧਾਂ ਦੇ ਭਾਗ ਲੈਣ ਦੀ ਉਮੀਦ ਹੈ। ਨਾਲ ਹੀ, ਜੀ-20 ਬੈਠਕ ਤੋਂ ਪਹਿਲਾਂ ਸ਼੍ਰੀਨਗਰ ਸ਼ਹਿਰ ਅਤੇ ਸ਼ੇਰ-ਏ-ਕਸ਼ਮੀਰ ਇੰਟਰਨੈਸ਼ਨਲ ਕਨਵੈਨਸ਼ਨ ਸੈਂਟਰ (SKICC) ਨੂੰ ਜਾਣ ਵਾਲੀਆਂ ਸੜਕਾਂ ਨੇ ਹੈਰਾਨੀਜਨਕ ਮੋੜ ਲਿਆ ਹੈ। ਜੀ20 ਵੀਡੀਓ ਵਿੱਚ ਨਾਟੂ ਨਾਟੂ: ਰਾਮ ਚਰਨ ਸ਼੍ਰੀਨਗਰ ਵਿੱਚ ਜੀ20 ਸੰਮੇਲਨ ਵਿੱਚ ਆਰਆਰਆਰ ਮੂਵੀ ਗੀਤ 'ਤੇ ਡਾਂਸ ਕਰਦਾ ਹੈ।




ਪੰਜਾਬ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅੱਜ ਤੋਂ ਬਣੇ ਡਾ. ਚਰਨਜੀਤ ਸਿੰਘ ਚੰਨੀ। ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ. ਦੀ ਡਿਗਰੀ ਕੀਤੀ ਹਾਸਿਲ।

# ਕਾਮਰੇਡ ਵਿਚਾਰਾਂ ਦੇ ਧਾਰਨੀ ਮਾਤਾ ਅਮਰ ਕੌਰ



ਕਾਮਰੇਡ ਵਿਚਾਰਾਂ ਦੇ ਧਾਰਣੀ ਮਾਤਾ ਅਮਰ ਕੌਰ ਦਾ ਜਨਮ ਪਿਤਾ ਸਵ: ਮਿਹਰ ਸਿੰਘ ਅਕਾਲੀ ਦੇਘਰ ਮਾਤਾ ਸਵ: ਸੰਤ ਕੌਰ ਦੀ ਕੁੱਖੋਂ ਮੀਮਸਾ (ਸੰਗਰੂਰ) ਵਿਖੇ ਜਨਵਰੀ 1933 ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਉਨ੍ਹਾਂ ਸਮਿਆਂ 'ਚ ਜਥੇਦਾਰ ਜੰਗੀਰ ਸਿੰਘ ਕੌਲਸੇੜੀ, ਕਾਮਰੇਡ ਹਰਨਾਮ ਸਿੰਘ ਚਮਕ , ਕਾਮਰੇਡ ਹਰਦਿੱਤ ਸਿੰਘ ਭੱਠਲ ਅਤੇ ਹੋਰ ਅਨੇਕਾਂ ਆਗੂਆਂ ਨਾਲ ਮੁਜ਼ਾਰਾ ਲਹਿਰ ਸਮੇਂ ਤੋਂ ਸੰਘਰਸ਼ ਦੇ ਸਾਥੀ ਰਹੇ।ਇਨ੍ਹਾਂ ਸੰਘਰਸ਼ੀ ਨੇਤਾਵਾਂ ਦੇ ਪ੍ਰਭਾਵ ਕਾਰਨ ਮਾਤਾ ਜੀ ਦੇ ਦੋ ਭਰਾ ਕਾਮਰੇਡ ਮੁਖਤਿਆਰ ਸਿੰਘ ਅਤੇ ਮਾਸਟਰ ਅਮਰ ਸਿੰਘ ਕਮਿਊਨਿਸਟ ਪਾਰਟੀ ਦੇ ਨਾਲ ਜੁੜ ਕੇ ਸੰਘਰਸ਼ ਕਰਦੇ ਰਹੇ। ਮਾਤਾ ਅਮਰ ਕੌਰ ਦਾ ਵਿਆਹ 1959 ਵਿੱਚ ਕਾਮਰੇਡ ਨਛੱਤਰ ਸਿੰਘ ਪੁੱਤਰ ਸਵ: ਕਰਮ ਸਿੰਘ ਨਾਲ ਪਿੰਡ ਗੁਰਦਿੱਤਪੁਰਾ (ਨਾਭਾ) ਵਿਖੇ ਹੋਇਆ। ਮੀਮਸਾ ਪ੍ਰੀਵਾਰ ਦੇ ਸੰਘਰਸ਼ਸ਼ੀਲ ਹੋਣ ਕਾਰਨ ਮਾਤਾ ਜੀ ਦੇ ਪਤੀ ਕਾਮਰੇਡ ਨਛੱਤਰ ਸਿੰਘ ਪ੍ਰਭਾਵਿਤ ਹੋ ਕੇ ਕਮਿਊਨਿਸਟ ਵਿਚਾਰਾਂ ਦੇ ਧਾਰਨੀ ਬਣ ਗਏ।

ਮਾਤਾ ਜੀ ਦੇ ਵੱਡੇ ਪੁੱਤਰ ਸਵ: ਰਘਵੀਰ ਸਿੰਘ ਦੀ ਇੱਕ ਬੇਟੀ ਸੰਦੀਪ ਕੌਰ ਪਟਿਆਲਾ ਦੇ ਮਨਦੀਪ ਸਿੰਘ ਨਾਲ ਵਿਆਹ ਹੋਣ ਉਪਰੰਤ ਹੁਣ ਕਨੇਡਾ ਵਿਖੇ ਆਪਣੇ ਪ੍ਰੀਵਾਰ ਨਾਲ ਸੈਟਲ ਹੈ। ਦੂਸਰੀ ਬੇਟੀ ਮਨਪ੍ਰੀਤ ਕੌਰ ਕਕਰਾਲਾ (ਨਾਭਾ) ਵਿਖੇ ਸੁਖਵਿੰਦਰ ਸਿੰਘ ਗੋਰਾ ਨਾਲ ਵਿਆਹੀ ਹੋਈ ਹੈ ਅਤੇ ਬੇਟਾ ਜਸ਼ਨਦੀਪ ਸਿੰਘ ਇਟਲੀ ਵਿਖੇ ਸੈਟਲ ਹੈ। ਮਾਤਾ ਜੀ ਦੇ ਪ੍ਰੀਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਨੌਜਵਾਨ ਬੇਟੇ ਨਰਿੰਦਰ ਸਿੰਘ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਉਨ੍ਹਾਂ ਦੀ ਅਗਾਂਹਵਧੂ ਸੋਚ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਪੁੱਤਰੀ ਕੁਲਵੰਤ ਕੌਰ ਆਗਣਵਾੜੀ ਵਰਕਰ ਯੂਨੀਅਨ ਵਿੱਚ ਕੰਮ ਕਰ ਰਹੀ ਹੈ।

ਮਾਤਾ ਜੀ ਦੇ ਦੋਹਤੇ ਚਮਕੌਰ ਸਿੰਘ ਅਤੇ ਮਨਜਿੰਦਰ ਸਿੰਘ ਸਰਪੰਚ ਲੱਧਾਹੇੜੀ ਘੁਲਾਲ (ਸਮਰਾਲਾ) ਵਿਖੇ ਵਿਆਹੇ ਹੋਏ ਹਨ। ਅਤੇ ਉਨ੍ਹਾਂ ਦੇ ਛੋਟੇ ਪੁੱਤਰ ਮਾਸਟਰ ਸੁਖਵਿੰਦਰ ਸਿੰਘ ਗੋਰਮਿੰਟ ਟੀਚਰਜ਼ ਯੂਨੀਅਨ ਵਿੱਚ ਜਿਲ੍ਹਾ ਪਟਿਆਲਾ ਦੇ ਸੀਨੀ: ਮੀਤ ਪ੍ਰਧਾਨ ਵਜੋਂ ਤਨਦੇਹੀ ਨਾਲ ਸੇਵਾਵਾਂ ਨਿਭਾ ਰਹੇ ਹਨ। ਸੁਖਵਿੰਦਰ ਸਿੰਘ ਦਾ ਵਿਆਹ ਪੌਹੀੜ (ਅਹਿਮਦਗੜ੍ਹ ਮੰਡੀ) ਵਿਖੇ ਮਹਿੰਦਰ ਸਿੰਘ ਦੀ ਬੇਟੀ ਰਣਧੀਰ ਕੌਰ ਨਾਲ ਹੋਇਆ। ਉਨ੍ਹਾਂ ਦਾ ਬੇਟਾ ਜਗਦੀਪ ਸਿੰਘ ਐਮ.ਬੀ.ਏ. ਦੀ ਪੜ੍ਹਾਈ ਲਈ ਇੰਗਲੈਂਡ ਅਤੇ ਬੇਟੀ ਅਵਨੀਤ ਕੌਰ ਕਨੇਡਾ ਪੀ. ਆਰ. ਹੈ। ਮਾਤਾ ਜੀ ਦੇ ਵਿਆਹ ਤੋਂ ਬਾਅਦ ਹੁਣ ਤੱਕ ਕਾਮਰੇਡ ਨਛੱਤਰ ਸਿੰਘ ਦੱਬੇ ਕੁੱਚਲੇ ਲੋਕਾਂ ਲਈ ਸੰਘਰਸ਼ ਕਰ ਰਹੇ ਹਨ। ਉਹ ਸੂਬਾ ਪ੍ਰਧਾਨ, ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ਅਤੇ ਸੂਬਾ ਮੀਤ ਪ੍ਰਧਾਨ, ਸੀ.ਆਈ.ਟੀ.ਯੂ. ਪੰਜਾਬ 'ਚ ਸੇਵਾਵਾਂ ਨਿਭਾ ਰਹੇ ਹਨ।

ਮਾਤਾ ਅਮਰ ਕੌਰ ਮਿੱਠ ਬੋਲੜੇ, ਮਿ-ਲਣਸਾਰ, ਸਮਾਜ ਦੇ ਦੱਬੇ ਕੁਚਲੇ ਲੋਕਾਂ ਲਈ ਮਦ-ਦਗਾਰ ਦੇ ਨਾਲ ਔਰਤਾਂ ਲਈ ਰਾਹ ਦਸ਼ੇਰਾ ਸਨ। ਪ੍ਰਮਾਤਮਾ ਉਨ੍ਹਾਂ ਦੇ ਪ੍ਰੀਵਾਰ ਨੂੰ ਭਾਣਾ ਮੰਨਣ ਅਤੇ ਉਨ੍ਹਾਂ ਦੀ ਸੰਘਰਸ਼ੀ ਸੋਚ ਨੂੰ ਅੱਗੇ ਤੋਰਨ ਦਾ ਬਲ ਬਖਸ਼ੇ। ਉਨ੍ਹਾਂ ਨਮਿਤ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਅੰਤਿਮ ਅਰਦਾਸ ਗੁਰੂਦੁਆਰਾ ਸਾਹਿਬ ਬਾਬਾ ਅਜਾਪਾਲ ਸਿੰਘ ਜੀ (ਘੋੜਿਆਂ ਵਾਲਾ) ਨਾਭਾ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ 12 ਤੋਂ 1.30 ਵਜੇ ਤੱਕ ਹੋਵੇਗੀ।

**ਮੇਜਰ ਸਿੰਘ ਨਾਭਾ**
**91-94635-53962**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੁੱਕੀਕੋਹੀ ਕਿਸਾਨਾਂ ਦੇ ਸਲਾਨਾ ਸਮਾਗਮ 'ਚ ਰਾਜਪ੍ਰੀਤ ਸਿੰਘ ਨੇ ਜਿੱਤਿਆ 'ਬੈਸਟ ਸਪੀਚ ਐਵਾਰਡ'

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਪੁੱਕੀਕੋਹੀ ਇਲਾਕਾ ਸਬਜ਼ੀਆਂ ਅਤੇ ਕਿਸਾਨੀ ਦਾ ਘਰ ਕਿਹਾ ਜਾਂਦਾ ਹੈ। ਇਸ ਇਲਾਕੇ ਦੇ ਵਿਚ ਕਿਸਾਨੀ ਕਾਰੋਬਾਰ ਨੂੰ ਹੋਰ ਆਧੁਨਿਕਤਾ ਦੇ ਹਾਣੀ ਬਨਾਉਣ ਦੇ ਲਈ ਅਤੇ ਨੌਜਵਾਨ ਬੱਚੇ-ਬੱਚੀਆਂ ਨੂੰ ਇਸ ਕਿੱਤੇ ਵਿਚ ਸ਼ਾਮਿਲ ਹੋਣ ਲਈ ਪ੍ਰੇਰਨਾਮਈ ਕਈ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਇਕ ਸਲਾਨਾ ਵੱਡਾ ਸਮਾਗਮ 'ਯੰਗ ਗਰੋਅਰ ਆਫ ਆਫ ਦਾ ਯੀਅਰ' ਵੀ ਹੁੰਦਾ ਹੈ ਜਿਸ ਦੇ ਵਿਚ ਸਾਰਾ ਦਿਨ ਕਈ ਵਿਸ਼ਿਆਂ ਦੇ ਵਿਚੋਂ ਨਿਕਲ ਕੇ ਫਿਰ ਰਾਤਰੀ ਭੋਜ ਉਤੇ ਸੈਂਕੜੇ ਕਿਸਾਨਾ ਦੇ ਸਾਹਮਣੇ ਅਤੇ ਵੱਡੀਆਂ ਕੰਪਨੀਆਂ ਦੇ ਸਾਹਮਣੇ ਚੁਣੇ ਗਏ ਨੌਜਵਾਨਾਂ ਨੇ ਭਾਸ਼ਣ ਦੇਣਾ ਹੁੰਦਾ ਹੈ, ਪ੍ਰਸ਼ਨਾਂ ਦੇ ਉਤਰ ਦੇਣੇ ਹੁੰਦੇ ਹਨ। ਅਕਸਰ ਇਸ ਦੇ ਵਿਚ ਸਥਾਨਿਕ ਕਿਸਾਨ ਤੇ ਵੱਡੀਆਂ ਕੰਪਨੀਆਂ ਦੇ ਲੋਕ ਹੀ ਸ਼ਾਮਿਲ ਹੁੰਦੇ ਹਨ ਪਰ ਫਿਰ ਵੀ ਚੰਦ ਕੁ ਭਾਰਤੀ ਕਿਸਾਨਾਂ ਦੀ ਗਿਣਤੀ ਕਿਤੇ ਨਾ ਕਿਤੇ ਭਾਰਤੀ ਕਿਸਾਨ ਹੋਣ ਦਾ ਮਾਣ ਦਿਵਾ ਹੀ ਜਾਂਦੀ ਹੈ। ਅੱਜ ਦੇ ਸਮਾਗਮ ਦੇ ਵਿਚ ਆਖਰੀ 8 ਪ੍ਰਤੀਯੋਗੀਆਂ ਦੇ ਵਿਚ ਦੋ ਭਾਰਤੀਆਂ ਜਨਾਰਦਨ ਭਾਨਾ (28) ਅਤੇ ਪੰਜਾਬੀ ਨੌਜਵਾਨ ਰਾਜਪ੍ਰੀਤ ਸਿੰਘ (25) ਨੂੰ ਵੀ ਚੁਣਿਆ ਹੋਇਆ ਸੀ।




ਰਾਜਪ੍ਰੀਤ ਸਿੰਘ ਨੇ ਲਾਈਵ ਡਿਸਕਸ਼ਨ ਸੈਸ਼ਨ ਦੌਰਾਨ ਜਿੱਥੇ ਸਾਰੇ ਪ੍ਰਸ਼ਨਾਂ ਦੇ ਉਤਰ ਬੜੇ ਸਮਾਟ ਤਰੀਕੇ ਨਾਲ ਦਿੱਤੇ ਉਥੇ ਆਪਣੇ ਭਾਸ਼ਣ ਦੇ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਵੀ ਖਿਚਿਆ ਅਤੇ ਤਾੜੀਆਂ ਦੀ ਗੂੰਜ ਹਾਲ ਵਿਚ ਸੁਣਾਈ ਦਿੱਤੀ। ਭਾਰਤੀਆਂ ਦੀ ਖੁਸ਼ੀ ਉਦੋਂ ਦੂਣੀ ਹੋ ਗਈ ਜਦੋਂ ਐਵਾਰਡ ਵਿਤਰਣ ਵੇਲੇ ਰਾਜਪ੍ਰੀਤ ਸਿੰਘ ਨੂੰ 'ਬੈਸਟ ਸਪੀਚ ਐਵਾਰਡ' ਦੇ ਸਰਟੀਫਿਕੇਟ ਦੇ ਨਾਲ ਸਨਮਾਨਿਤ ਕੀਤਾ ਗਿਆ। ਰਾਜਪ੍ਰੀਤ ਸਿੰਘ ਸ। ਲਖਬੀਰ ਸਿੰਘ ਢੀਂਡਸਾ (ਵੈਜ਼ੀ ਸ਼ਾਪ ਵਾਲਿਆਂ) ਦਾ ਬੇਟਾ ਹੈ। ਅੱਜਕਲ੍ਹ ਇਹ ਪਰਿਵਾਰ ਪੁੱਕੀਕੋਹੀ ਵਾਲੇ ਪਾਸੇ 'ਢੀਂਡਸਾ ਫਾਰਮ' ਨਾਂਅ ਹੇਠ ਮੌਸਮੀ ਫਸਲੰ ਅਤੇ ਸਬਜ਼ੀਆਂ ਦੀ ਖੇਤੀ ਦਾ ਕੰਮ ਕਰਦਾ ਹੈ। ਮਿਹਨਤੀ ਪਰਿਵਾਰ ਦੇ ਹੋਣਹਾਰ ਬੱਚੇ ਜੇਕਰ ਕਿਸਾਨੀ ਦੇ ਵਿਚ ਸਾਥ ਦੇ ਕੇ ਵੱਡੀਆਂ ਕੰਪਨੀਆਂ ਦੇ ਸਾਹਮਣੇ ਮਾਪਿਆਂ ਦੀ ਤਰਜ਼ਮਾਨੀ ਕਰਦੇ ਹਨ ਤਾਂ ਇਹ ਜਿੱਥੇ ਪਰਿਵਾਰ ਦੇ ਲਈ ਮਾਣ ਵਾਲੀ ਗੱਲ ਹੈ ਉਤੇ ਕਮਿਊਨਿਟੀ ਦੇ ਲਈ ਵੀ ਮਾਣ ਵਾਲੀ ਗੱਲ ਹੈ। ਮੇਜਾਂ ਦੇ ਉਤੇ ਰੱਖੀ ਕਿਤਾਬ ਦੇ ਵਿਚ ਛਪੇ ਇਸ ਨੌਜਵਾਨ ਨੇ ਆਪਣੀ ਪ੍ਰੋਫਾਈਲ ਦੇ ਵਿਚ ਲਿਖਿਆ ਸੀ ਕਿ ਉਹ ਨਿਊਜ਼ੀਲੈਂਡ ਜਨਮਿਆ ਹੈ ਪਰ ਉਸਦੇ ਮਾਤਾ-ਪਿਤਾ ਪੰਜਾਬੀ ਪ੍ਰਵਾਸੀ ਹਨ। ਕਈ ਵਾਰ ਬੱਚੇ ਆਪਣੀ ਪੰਜਾਬੀ ਪਹਿਚਾਣ ਲੁਕੋਣ ਦੀ ਵੀ ਕੋਸ਼ਿਸ਼ ਕਰਦੇ ਹਨ, ਪਰ ਇਸਨੇ ਆਪਣੀ ਪਹਿਚਾਣ ਮਾਪਿਆਂ ਤੋਂ ਸ਼ੁਰੂ ਕੀਤੀ ਹੋਈ ਸੀ। ਇਸ ਨੌਜਵਾਨ ਨੇ ਬੀ। ਕਾਮ ਅਤੇ ਬੀ। ਐਸ। ਸੀ। ਕੰਪਿਊਟਰ ਦੀ ਉਚ ਪੜ੍ਹਾਈ ਕੀਤੀ ਹੋਈ ਹੈ। ਢੀਂਡਸਾ ਫਾਰਮ ਦੇ ਲਈ ਉਹ 'ਬਿਜ਼ਨਸ ਡਿਵੈਲਪਮੈਂਟ ਮੈਨੇਜਰ' ਵਜੋਂ ਕੰਮ ਕਰਕੇ ਆਪਣੇ ਕਿਸਾਨੀ ਕਾਰੋਬਾਰ ਨੂੰ ਵੱਡੀ ਸਟੇਜ ਤੱਕ ਲੈ ਗਿਆ ਹੈ। ਅੱਜ ਉਸਦੇ ਮਾਤਾ-ਪਿਤਾ ਅਤੇ ਛੋਟਾ ਭਰਾ ਕਾਫੀ ਖੁਸ਼ ਨਜ਼ਰ ਆ ਰਹੇ ਸਨ। ਪੰਜਾਬੀ ਕਿਸਾਨਾਂ ਚੋਂ ਉਥੇ 'ਡਰੂਰੀ ਫ੍ਰੈਸ਼' ਤੋਂ ਪਹੁੰਚੇ ਸ। ਬਲਬੀਰ ਸਿੰਘ ਪਾਬਲਾ, ਅਵਤਾਰ ਬਸਿਆਲਾ, ਪਵਨ ਕੁਮਾਰ ਸੈਣੀ ਅਤੇ ਤਰਨਦੀਪ ਸਿੰਘ ਹੋਰਾਂ ਨੇ ਢੀਂਡਸਾ ਪਰਿਵਾਰ ਨੂੰ ਵਧਾਈ ਦਿੱਤੀ। ਇਸ ਵਾਰ 'ਯੰਗ ਗਰੋਅਰ ਆਫ ਦਾ ਯੀਅਰ' ਐਵਾਰਡ ਸ੍ਰੀ ਟੇਲਰ ਲੀਅਬੌਰਨ ਦੇ ਨਾਂਅ ਰਿਹਾ, ਦੂਜੇ ਨੰਬਰ ਉਤੇ ਮਾਈਲਸ ਫੌਂਗ ਰਿਹਾ ਅਤੇ ਤੀਜੇ ਨੰਬਰ ਉਤੇ ਕ੍ਰਿਸ ਲੋਅ ਰਿਹਾ। ਜਨਾਰਦਿਨ ਭਾਨਾ ਨੂੰ ਬੈਸਟ ਪ੍ਰੈਕਟੀਕਲ ਐਵਾਰਡ ਦਿੱਤਾ ਗਿਆ।



# ਡਿਪਟੀ ਕਮਿਸ਼ਨਰ ਨੇ ਬੈਡਮਿੰਟਨ ਵਿੱਚ ਸੂਬੇ ਦਾ ਨਾਂ ਰੌਸ਼ਨ ਕਰਨ ਵਾਲੀਆਂ ਭੈਣਾਂ ਰਾਧਿਕਾ ਅਤੇ ਤਨਵੀ ਨੂੰ ਕੀਤਾ ਸਨਮਾਨਿਤ

## ਲੁਧਿਆਣਾ ਬੈਵਰੇਜਿਜ਼ ਦੇ ਸਹਿਯੋਗ ਨਾਲ ਬੈਡਮਿੰਟਨ ਖਿਡਾਰਨ ਰਾਧਿਕਾ ਸ਼ਰਮਾ ਨੂੰ ਦਿੱਤਾ 2 ਲੱਖ ਰੁਪਏ ਦਾ ਚੈੱਕ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਬੈਡਮਿੰਟਨ ਵਿੱਚ ਜ਼ਿਲ੍ਹੇ ਦਾ ਨਾਂ ਰੌਸ਼ਨ ਕਰਨ ਵਾਲੀਆਂ ਦੋ ਭੈਣਾਂ ਰਾਧਿਕਾ ਸ਼ਰਮਾ ਅਤੇ ਤਨਵੀ ਸ਼ਰਮਾ ਨੂੰ ਆਪਣੇ ਦਫ਼ਤਰ ਬੁਲਾ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਅਗਲੇ ਮੈਚਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਲੁਧਿਆਣਾ ਬੈਵਰੇਜਿਜ਼ ਪ੍ਰਾਈਵੇਟ ਲਿਮਟਿਡ ਦੇ ਸਹਿਯੋਗ ਨਾਲ ਰਾਧਿਕਾ ਸ਼ਰਮਾ ਨੂੰ ਉਸ ਦੀ ਇਸ ਪ੍ਰਾਪਤੀ ਲਈ 2 ਲੱਖ ਰੁਪਏ ਦਾ ਚੈੱਕ ਸੌਂਪਿਆ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ ’ਤੇ ਬੈਡਮਿੰਟਨ ਖੇਡਣ ਵਾਲੀਆਂ ਇਨ੍ਹਾਂ ਦੋਵਾਂ ਭੈਣਾਂ ਨੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ, ਜਿਸ ’ਤੇ ਜ਼ਿਲ੍ਹੇ ਦੇ ਲੋਕਾਂ ਨੂੰ ਮਾਣ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 10 ਤੋਂ 17 ਮਈ ਤੱਕ ਗੁਵਾਹਾਟੀ (ਅਸਾਮ) ਵਿਖੇ ਕਰਵਾਏ ਗਏ ਆਲ ਇੰਡੀਆ ਰੈਂਕਿੰਗ ਟੂਰਨਾਮੈਂਟ ਵਿੱਚ ਤਨਵੀ ਨੇ ਸਿੰਗਲਜ਼ ਵਿੱਚ ਸੋਨ, ਤਨਵੀ ਅਤੇ ਰਾਧਿਕਾ ਨੇ ਡਬਲਜ਼ ਵਿੱਚ ਕਾਂਸੀ ਦਾ ਤਗ਼ਮਾ ਅਤੇ ਰਾਧਿਕਾ ਨੇ ਮਿਕਸਡ ਡਬਲਜ਼ ਅੰਡਰ-19 ਵਿੱਚ ਸੋਨ ਤਗ਼ਮਾ ਜਿੱਤਿਆ। ਇਸ ਦੌਰਾਨ ਬੈਡਮਿੰਟਨ ਖਿਡਾਰਨਾਂ ਰਾਧਿਕਾ ਸ਼ਰਮਾ ਅਤੇ ਤਨਵੀ ਸ਼ਰਮਾ ਨਾਲ ਉਨ੍ਹਾਂ ਦੀਆਂ ਖੇਡਾਂ ਬਾਰੇ ਵਿਸਥਾਰ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਰਾਧਿਕਾ ਅਤੇ ਤਨਵੀ ਦੀ ਮਾਤਾ ਮੀਨਾ ਸ਼ਰਮਾ ਅਤੇ ਪਿਤਾ ਵਿਕਾਸ ਸ਼ਰਮਾ (ਸੁਪਰਡੈਂਟ ਏ.ਡੀ.ਸੀ. ਦਫ਼ਤਰ) ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਰਾਹੀਂ ਖੇਡਾਂ ਅਤੇ ਖਿਡਾਰੀਆਂ ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਖੁਸ਼ੀ ਹੈ ਕਿ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਹੁਸ਼ਿਆਰਪੁਰ ਨੇ ਆਪਣੀ ਸ਼ਾਨਦਾਰ ਕਾਰਜਸ਼ੈਲੀ ਕਾਰਨ ਪੂਰੇ ਸੂਬੇ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਦੋਵਾਂ ਖਿਡਾਰਨਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਿਆਂ ਜ਼ਿਲ੍ਹੇ ਦੇ ਹੋਰਨਾਂ ਨੌਜਵਾਨਾਂ ਨੂੰ ਵੀ ਇਨ੍ਹਾਂ ਵਾਂਗ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਉਹ ਸਖ਼ਤ ਮਿਹਨਤ ਕਰਕੇ ਵੱਖ-ਵੱਖ ਖੇਡਾਂ ਵਿੱਚ ਵੀ ਆਪਣਾ ਅਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਅਨੁਸ਼ਾਸਨ ਅਤੇ ਅਗਵਾਈ ਸਿਖਾਉਂਦੀਆਂ ਹਨ, ਉੱਥੇ ਇਹ ਸਾਡਾ ਸਰੀਰਕ ਅਤੇ ਮਾਨਸਿਕ ਵਿਕਾਸ ਵੀ ਕਰਦੀਆਂ ਹਨ। ਰਾਧਿਕਾ ਅਤੇ ਤਨਵੀ ਨੇ ਦੱਸਿਆ ਕਿ ਉਨ੍ਹਾਂ ਦਾ ਉਦੇਸ਼ ਭਾਰਤ ਲਈ ਓਲੰਪਿਕ ’ਚ ਸੋਨਾ ਲਿਆਉਣਾ ਹੈ, ਜਿਸ ਲਈ ਉਹ ਲਗਾਤਾਰ ਮਿਹਨਤ ਕਰ ਰਹੀਆਂ ਹਨ। ਇਸ ਦੌਰਾਨ ਸਹਾਇਕ ਮੈਨੇਜਰ ਲੁਧਿਆਣਾ ਬੈਵਰੇਜਿਜ਼ ਪ੍ਰਾਈਵੇਟ ਲਿਮਟਿਡ ਦੇ ਸਹਾਇਕ ਮੈਨੇਜਰ ਗੁਰਮੀਤ ਸਿੰਘ ਨੇ ਕਿਹਾ ਕਿ ਭਵਿੱਖ ਵਿੱਚ ਵੀ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪ੍ਰੀਤ ਕੋਹਲੀ, ਤਨਵੀ ਅਤੇ ਰਾਧਿਕਾ ਦੀ ਮਾਂ ਮੀਨਾ ਸ਼ਰਮਾ ਅਤੇ ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ ਤੋਂ ਰਾਘਵ ਬਾਂਸਲ ਵੀ ਹਾਜ਼ਰ ਸਨ।

# ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਛੇੜੀ ਜਾਵੇਗੀ ਵਿਸ਼ੇਸ਼ ਮੁਹਿੰਮ : ਡਿਪਟੀ ਕਮਿਸ਼ਨਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮਨੁੱਖੀ ਸਿਹਤ ’ਤੇ ਤੰਬਾਕੂ ਦੇ ਸੇਵਨ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਲੜੀ ਵਜੋਂ ਵਿਸ਼ਵ ਤੰਬਾਕੂ ਰਹਿਤ ਦਿਵਸ ਪੰਦਰਵਾੜਾ 31 ਮਈ ਤੱਕ ਜ਼ਿਲ੍ਹੇ ’ਚ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਕੋਟਪਾ ਅਧੀਨ ਗਠਿਤ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਕਿਹਾ ਕਿ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੇ ਹਾਨੀਕਾਰਕ ਪ੍ਰਭਾਵਾਂ ਦੇ ਮੱਦੇਨਜ਼ਰ ਸਿਗਰੇਟ ਐਂਡ ਅਦਰ ਤੰਬਾਕੂ ਉਤਪਾਦ ਐਕਟ- 2003 (ਕੋਟਪਾ) ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ਅਤੇ ਇਸ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਵਿਅਕਤੀ ਨੂੰ ਜੁਰਮਾਨਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਕੋਟਪਾ ਐਕਟ ਤਹਿਤ ਆਪਣੇ ਅਧੀਨ ਦਫ਼ਤਰਾਂ ਦੇ ਬਾਹਰ ‘ਸਿਗਰਟਨੋਸ਼ੀ ’ਤੇ ਪਾਬੰਦੀ’ ਸਲੋਗਨ ਵਾਲੇ ਡਿਸਪਲੇਅ ਬੋਰਡ ਜਾਂ ਬੈਨਰ ਲਗਵਾਉਣੇ ਯਕੀਨੀ ਬਣਾਉਣ।

ਉਨ੍ਹਾਂ ਨੇ ਜ਼ਿਲ੍ਹੇ ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਉਲੰਘਣਾ ਕਰਨ ਵਾਲਿਆਂ ’ਤੇ ਸਖਤ ਕਾਰਵਾਈ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਜਿਹੜੀਆਂ ਗੈਰ-ਤੰਬਾਕੂ ਦੁਕਾਨਾਂ ’ਤੇ ਤੰਬਾਕੂ ਉਤਪਾਦ ਵੇਚੇ ਜਾਂਦੇ ਹਨ, ਉਨ੍ਹਾਂ ’ਤੇ ਛਾਪੇਮਾਰੀ ਕਰਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਤੰਬਾਕੂ ਰੋਕੂ ਕਾਨੂੰਨ ਤਹਿਤ ਵਿਦਿਅਕ ਸੰਸਥਾਵਾਂ ਦੇ 100 ਗਜ਼ ਘੇਰੇ ਨੂੰ ਤੰਬਾਕੂ ਮੁਕਤ ਐਲਾਨਿਆ ਗਿਆ ਹੈ, ਇਸ ਲਈ ਸਿਹਤ ਵਿਭਾਗ ਸਿਗਰੇਟ ਐਂਡ ਅਦਰ ਤੰਬਾਕੂ ਉਤਪਾਦ ਐਕਟ- 2003 ਨੂੰ ਸਖ਼ਤੀ ਨਾਲ ਲਾਗੂ ਕਰਨਾ ਯਕੀਨੀ ਬਣਾਉਣ ਅਤੇ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਕੇ ਤੰਬਾਕੂ ਦੀ ਵਰਤੋਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਜਨਤਕ ਥਾਵਾਂ ’ਤੇ ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਲਈ ਠੋਸ ਕਦਮ ਉਠਾਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਪੁਲਿਸ ਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਕੋਟਪਾ (ਐਕਟ) ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਮੁਹਿੰਮ ਵਿਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਜੋੜਿਆ ਜਾਵੇ। ਸਿਵਲ ਸਰਜਨ ਡਾ ਜਸਪ੍ਰੀਤ ਕੌਰ ਨੇ ਕੋਟਪਾ ਐਕਟ ਦੀਆਂ ਧਾਰਾਵਾਂ ਤਹਿਤ ਹੋਣ ਵਾਲੀਆਂ ਵੱਖ-ਵੱਖ ਸਜ਼ਾਵਾਂ ਬਾਰੇ ਦੱਸਿਆ ਕਿ ਧਾਰਾ 4 ਤਹਿਤ ਜਨਤਕ ਸਥਾਨਾਂ ’ਤੇ ਤੰਬਾਕੂਨੋਸ਼ੀ ’ਤੇ 200 ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਸੈਕਸ਼ਨ 6-(ਏ) ਦੇ ਤਹਿਤ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸਿਗਰਟ ਜਾਂ ਹੋਰ ਤੰਬਾਕੂ ਉਤਪਾਦ ਵੇਚਣ/ਖਰੀਦਣ ਤੇ ਮਨਾਹੀ ਹੈ ਅਤੇ ਧਾਰਾ 6ਬੀ ਅਨੁਸਾਰ ਵਿਦਿਅਕ ਅਦਾਰਿਆਂ ਦੇ 100 ਗਜ਼ ਦੇ ਘੇਰੇ ਦੇ ਅੰਦਰ ਤੰਬਾਕੂ ਉਤਪਾਦਾਂ ਦੀ ਵਿਕਰੀ ਅਤੇ ਸੇਵਨ ਕਰਨਾ ਅਪਰਾਧ ਹੈ। ਧਾਰਾ 5 ਅਧੀਨ ਕਿਸੇ ਵੀ ਤੰਬਾਕੂ ਪਦਾਰਥ ਦੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਮਸ਼ਹੂਰੀ ਨਹੀਂ ਕੀਤੀ ਜਾ ਸਕਦੀ। ਧਾਰਾ 7 ਅਧੀਨ ਬਿਨਾਂ ਸਿਹਤ ਚੇਤਾਵਨੀ ਤੋਂ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ’ਤੇ ਰੋਕ ਹੈ। ਸਿਵਲ ਸਰਜਨ ਨੇ ਦੱਸਿਆ ਕਿ ਤੰਬਾਕੂ ਦੀ ਵਰਤੋਂ ਨੂੰ ਰੋਕਣ ਲਈ ਕਾਊਸਲਿੰਗ ਦੇ ਨਾਲ-ਨਾਲ ਇਲਾਜ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਸਰਕਾਰੀ ਹਸਪਤਾਲ ਵਿੱਚ ‘ਤੰਬਾਕੂ ਰੋਕੂ ਕੇਂਦਰ’ ਸਥਾਪਤ ਕੀਤਾ ਗਿਆ ਹੈ।






# ਮੁਲਾਜ਼ਮ ਵਰਗ ਦੇ ਮਸਲਿਆਂ ਤੇ ਸਰਕਾਰ ਦੀ ਡੰਗ-ਟਪਾਊ ਨੀਤੀ ਦਾ ਮੁਲਾਜ਼ਮਾਂ ਵਿਚ ਭਾਰੀ ਰੋਸ- ਟੂਰਾ

## ਮੁਲਾਜ਼ਮ ਵਰਗ ਦੇ 6ਵੇਂ ਤਨਖਾਹ ਕਮਿਸ਼ਨ ਦੇ ਬਕਾਏ ਜਾਰੀ ਨਾ ਕਰਨ ਤੇ ਮੁਲਾਜਮਾਂ ਵਿਚ ਭਾਰੀ ਰੋਸ

**ਫਗਵਾੜਾ 19 ਮਈ (ਬੀ ਕੇ ਰੱਤੂ)–** ਐਸ।ਸੀ/ਬੀ।ਸੀ ਸਮਾਜ ਅਤੇ ਮੁਲਾਜ਼ਮ ਵਰਗ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ/ਬੀ।ਸੀ ਇੰਪਲਾਈਜ਼ ਵੈੱਲਫੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸ੍ਰੀ ਸਤਵੰਤ ਸਿੰਘ ਟੂਰਾ, ਸ੍ਰੀ ਮਨਜੀਤ ਗਾਟ, ਲਖਵੀਰ ਚੰਦ, ਵਿਨੋਦ ਕੁਮਾਰ, ਸਤਨਾਮ ਗਿੱਲ, ਬਲਵਿੰਦਰ ਨਿਧੜਕ, ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਨੂੰ ਲਗਭਗ ਇੱਕ ਸਾਲ ਤੋਂ ਵੱਧ ਸਮਾਂ ਸੱਤਾ ਸੰਭਾਲਿਆਂ ਹੋ ਚੁੱਕਾ ਹੈ, ਪ੍ਰੰਤੂ ਮੁਲਾਜ਼ਮ ਵਰਗ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਡੰਗ-ਟਪਾਊ ਨੀਤੀ ਦਾ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਮੁਲਾਜ਼ਮ ਵਰਗ ਦੀਆਂ ਮੁੱਖ ਭਖਦੀਆਂ ਮੰਗਾਂ ਨੂੰ ਵੱਖ ਵੱਖ ਵਿਭਾਗਾਂ ਦੇ ਕੈਬਨਿਟ ਮੰਤਰੀਆਂ ਅਤੇ ਇਥੋਂ ਤੱਕ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ,ਪਰ ਅਜੇ ਤੱਕ ਕੋਈ ਸਾਰਥਿਕ ਨਤੀਜਾ ਸਾਹਮਣੇ ਨਹੀਂ ਆਇਆ। ਸ੍ਰੀ ਟੂਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਰਕਾਰ ਦੇ ਮੁਲਾਜ਼ਮਾਂ ਪ੍ਰਤੀ ਹਰ ਐਲਾਨ ਦਾ ਅਸੀਂ ਸਵਾਗਤ ਕਰਦੇ ਹਾਂ ਪਰ ਨਿਰਾਸ਼ਾ ਇਸ ਗੱਲ ਦੀ ਹੈ ਕਿ ਅਜੇ ਤੱਕ ਕਿਸੇ ਵੀ ਐਲਾਨ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਕਿਸੇ ਵੀ ਮੁਲਾਜ਼ਮ ਨੂੰ ਰੈਗੂਲਰ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ ਗਿਆ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਵੀ ਐਲਾਨ ਅੱਗੇ ਵੱਧ ਰਹੇ ਹਨ ਪ੍ਰੰਤੂ ਨਤੀਜਾ ਕੁਝ ਨਹੀਂ, ਐਸਸੀ ਮੁਲਾਜ਼ਮ ਵਰਗ ਦੀਆਂ ਮੰਗਾਂ 85ਵੀਂ ਸੰਵਿਧਾਨਕ ਸੋਧ ਨੂੰ ਬਹਾਲ ਕਰਵਾਉਣਾ ਅਤੇ 10 ਅਕਤੂਬਰ 2014 ਦਾ ਗੈਰ ਸੰਵਿਧਾਨਕ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਵਾਉਣਾ ਜਿਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਦੇ 2 ਵਾਰੀ ਧਿਆਨ ਵਿੱਚ ਲਿਆਂਦਾ ਚੁੱਕਾ ਹੈ ਮੁੱਖ ਹਨ।

ਮਨਜੀਤ ਗਾਟ ਅਤੇ ਲਖਵੀਰ ਚੰਦ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਮੁਲਾਜ਼ਮ ਵਰਗ ਦੀ 6ਵੇਂ ਤਨਖਾਹ ਕਮਿਸ਼ਨ ਰਿਪੋਰਟ ਜੋ ਕਿ ਤੋਂ 01-01-2016 ਬਣਦੀ ਹੈ ਨੂੰ ਪਿਛਲੀ ਸਰਕਾਰ ਵੱਲੋਂ 01 ਜੁਲਾਈ 2021 ਲਾਗੂ ਕਰਕੇ ਮੁਲਾਜ਼ਮਾਂ ਦੇ ਬਹੁਤ ਸਾਰੇ ਭੱਤੇ ਬੰਦ ਕਰ ਦਿੱਤੇ,ਜਿਨ੍ਹਾਂ ਵਿੱਚ ਏਸੀਪੀ ਸਕੀਮ, 4-9-14 ਅਤੇ ਪੇਂਡੂ ਭੱਤਾ ਮੁੱਖ ਹਨ, ਤੇ ਪੰਜਾਬ ਸਰਕਾਰ ਵੱਲ ਮੁਲਾਜ਼ਮਾਂ ਦਾ ਲੱਖਾਂ ਰੁਪਏ ਬਕਾਇਆ ਪਿਆ ਹੈ। ਤਨਖਾਹ ਕਮਿਸ਼ਨ ਦੇ ਇਸ ਬਕਾਏ ਨੂੰ ਜਾਰੀ ਕਰਨ ਬਾਰੇ ਵੀ ਪੰਜਾਬ ਸਰਕਾਰ ਵੱਲੋਂ ਚੁੱਪ ਧਾਰੀ ਹੋਈ ਹੈ ਜਿਸ ਕਰਕੇ ਮੁਲਾਜ਼ਮਾਂ ਵਿਚ ਕਾਫੀ ਨਿਰਾਸ਼ਾ ਤੇ ਰੋਸ ਪਾਇਆ ਜਾ ਰਿਹਾ।

ਉਨ੍ਹਾਂ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਅਤੇ ਖਜ਼ਾਨਾ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਮੁਲਾਜ਼ਮਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ ਤਾਂ ਜੋ ਮੁਲਾਜ਼ਮਾਂ ਵਿੱਚ ਪਾਇਆ ਜਾ ਰਿਹਾ ਰੋਸ ਸ਼ਾਂਤ ਹੋ ਸਕੇ।

ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਗਿਆਨ ਚੰਦ ਵਾਹਦ, ਸੁਰਜੀਤ ਲਾਲ, ਅਸ਼ੋਕ ਮੂਲਨਿਵਾਸੀ, ਅਮਰਿੰਦਰ ਸਿੰਘ, ਪਰਵੀਨ ਭੁੱਟਾ, ਗੁਰਸੇਵਕ ਸਿੰਘ, ਰਾਮਪਾਲ, ਵਿਜੈ ਕੁਮਾਰ, ਗਿਆਨ ਸਿੰਘ, ਰਮਨ ਕੁਮਾਰ, ਜਸਵੀਰ ਕੁਮਾਰ, ਦੀਸ਼ ਕੁਮਾਰ, ਕੁਲਦੀਪ ਰਾਮ, ਰਜਿੰਦਰ ਕੁਮਾਰ ਬਘਾਣਾ, ਕਮਲੇਸ਼ ਕੌਰ, ਮਨਿੰਦਰ ਕੌਰ, ਅਨੁਪਮ ਕੰਵਲ, ਕੁਲਵਿੰਦਰ ਕੌਰ ਆਦਿ ਸ਼ਾਮਿਲ ਸਨ।

# 28 ਤੋਂ 30 ਮਈ ਤੱਕ 223 ਬੂਥਾਂ ’ਤੇ 55864 ਬੱਚਿਆਂ ਨੂੰ ਪਿਲਾਈਆਂ ਜਾਣਗੀਆਂ ‘ਪੋਲੀਓ ਰੋਕੂ ਬੂੰਦਾਂ’ - ਡੀ ਸੀ ਰੰਧਾਵਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਵਿਚ 28 ਮਈ ਤੋਂ 30 ਮਈ ਤੱਕ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੌਰਾਨ 0 ਤੋਂ 5 ਸਾਲ ਤੱਕ ਦੇ 55864 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣ ਦਾ ਟੀਚਾ ਮਿਥਿਆ ਗਿਆ ਹੈ, ਜਿਸ ਤਹਿਤ 223 ਬੂਥਾਂ ਤੋਂ ਇਲਾਵਾ 16 ਟ੍ਰਾਂਜ਼ਿਟ ਟੀਮਾਂ ਅਤੇ 7 ਮੋਬਾਇਲ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਇਸ ਮੁਹਿੰਮ ਦੌਰਾਨ ਪਹਿਲੇ ਦਿਨ ਰਹਿ ਗਏ ਬੱਚਿਆਂ ਨੂੰ 29 ਤੇ 30 ਮਈ ਨੂੰ ਘਰ-ਘਰ ਜਾ ਕੇ ਪੋਲੀਓ ਬੂੰਦਾਂ ਪਿਲਾਉਣ ਲਈ 447 ਟੀਮਾਂ ਕੰਮ ਕਰਨਗੀਆਂ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਜ਼ਿਲ੍ਹਾ ਪ੍ਰਸਾਸ਼ਕੀ ਕੰਪਲੈਕਸ ਵਿਖੇ ਪਲਸ ਪੋਲੀਓ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਵਿਚ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਨਾਲ ਜੁੜੇ ਸਾਰੇ ਪ੍ਰਬੰਧਾਂ ਦੀ



ਸਮੀਖਿਆ ਕਰਨ ਉਪਰੰਤ ਕੀਤਾ। ਡਿਪਟੀ ਕਮਿਸ਼ਨਰ ਸ. ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਵਿਚ ਸਿਹਤ ਵਿਭਾਗ ਸਮੇਤ ਸਿੱਖਿਆ ਵਿਭਾਗ ਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ, ਪੰਜਾਬ ਪੁਲਿਸ, ਜ਼ਿਲ੍ਹਾ ਟਰਾਂਸਪੋਰਟ, ਆਈ ਸੀ ਡੀ ਐੱਸ, ਪੰਚਾਇਤ ਵਿਭਾਗ, ਬਿਜਲੀ ਵਿਭਾਗ, ਨਗਰ ਕੌਂਸਲ ਅਤੇ ਇੰਡੀਅਨ ਮੈਡੀਕਲ ਕੌਂਸਲ ਸਮੇਤ ਵੱਖ-ਵੱਖ ਭਾਈਵਾਲ ਵਿਭਾਗਾਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਾਰੇ ਵਿਭਾਗਾਂ ਦਾ ਰੋਲ ਮਹੱਤਵਪੂਰਨ ਹੈ। ਇਸ ਲਈ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨਾਲ ਤਾਲਮੇਲ ਕਰਕੇ ਹਰ ਪੱਖ ਤੋਂ ਸਹਿਯੋਗ ਕੀਤਾ ਜਾਵੇ ਤਾਂ ਜੋ ਜ਼ਿਲ੍ਹੇ ਵਿੱਚ 0 ਤੋਂ 5 ਸਾਲ ਤੱਕ ਕੋਈ ਵੀ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਇਸ ਮੁਹਿੰਮ ਦੌਰਾਨ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਲਾਪ੍ਰਵਾਹੀ ਨਾ ਵਰਤੀ ਜਾਵੇ। ਝੁੱਗੀ-ਝੌਂਪੜੀ ਵਾਲੇ ਖੇਤਰਾਂ, ਇੱਟਾਂ ਦੇ ਭੱਠਿਆਂ, ਪੋਲਟਰੀ ਫਾਰਮਾਂ, ਗੁੱਜਰਾਂ ਦੇ ਡੇਰਿਆਂ, ਕਾਰਖਾਨਿਆਂ, ਦਾਣਾ ਮੰਡੀਆਂ ਅਤੇ ਉਸਾਰੀ ਵਾਲੀਆਂ ਥਾਵਾਂ ’ਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਤੱਕ ਵਿਸ਼ੇਸ਼ ਪਹੁੰਚ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਇਹ ਵੀ ਯਕੀਨੀ ਬਣਾਏਗਾ ਕਿ ਜ਼ਿਲ੍ਹੇ ਦੇ ਜ਼ੀਰੋ ਤੋਂ ਪੰਜ ਸਾਲ ਦੇ ਸਾਰੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਿਲਾਈਆਂ ਜਾਣ। ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੌਰਾਨ ਪੋਲੀਓ ਬੂੰਦਾਂ ਤੋਂ ਕੋਈ ਵੀ ਬੱਚਾ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਬੱਚਿਆਂ ਨੂੰ ਬੂੰਦਾਂ ਪਿਲਾਉਣ ਵੇਲੇ ਉਨ੍ਹਾਂ ਨੂੰ ਛੂਹਿਆ ਨਾ ਜਾਵੇ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਗੋਦ ਵਿਚ ਹੀ ਬੂੰਦਾਂ ਪਿਲਾਈਆਂ ਜਾਣ।

ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਦੀ ਨਿਗਰਾਨੀ ਲਈ ਕੁੱਲ 45 ਨਿਗਰਾਨ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਇਸ ਤਿੰਨ ਦਿਨਾਂ ਮੁਹਿੰਮ ਦੌਰਾਨ 1,37958 ਘਰਾਂ, 17 ਅਨਾਜ ਮੰਡੀਆਂ, 16 ਫੈਕਟਰੀਆਂ, 70 ਇੱਟਾਂ ਦੇ ਭੱਠਿਆਂ ਅਤੇ 77 ਉੱਚ ਜੋਖਮ (ਹਾਈ ਰਿਸਕ) ਵਾਲੇ ਖੇਤਰਾਂ ਨੂੰ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੋਬਾਈਲ ਟੀਮਾਂ ਅਰਧ-ਸ਼ਹਿਰੀ ਖੇਤਰਾਂ, ਝੁੱਗੀਆਂ-ਝੌਂਪੜੀਆਂ, ਛੋਟੇ-ਵੱਡੇ ਕਾਰਖਾਨਿਆਂ ਦੇ ਆਲੇ ਦੁਆਲੇ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣਗੀਆਂ ਅਤੇ ਟਰਾਂਜ਼ਿਟ ਟੀਮਾਂ ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ’ਤੇ ਬੱਚਿਆਂ ਨੂੰ ਬੂੰਦਾਂ ਪਿਲਾਉਣਗੀਆਂ।

ਸਿਵਲ ਸਰਜਨ ਨੇ ਸਾਰੇ ਸਹਿਯੋਗੀ ਵਿਭਾਗਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ 0 ਤੋਂ 5 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਲਈ 28 ਮਈ ਤੋਂ 30 ਮਈ ਤੱਕ ਚਲਾਈ ਜਾ ਰਹੀ ਉਪ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਪੂਰਾ ਸਹਿਯੋਗ ਦਿੱਤਾ ਜਾਵੇ ਤਾਂ ਜੋ ਇਸ ਬਿਮਾਰੀ ਨੂੰ ਮੁੜ ਸਿਰ ਚੁੱਕਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਭਾਵੇਂ ਪਿਛਲੇ 12 ਸਾਲਾਂ ਦੌਰਾਨ ਪੋਲਿਓ ਦਾ ਭਾਰਤ ਵਿੱਚ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ। ਉਨ੍ਹਾਂ ਨੇ ਸਮੂਹ ਅਧਿਕਾਰੀਆਂ ਨੂੰ ਏਐੱਫਪੀ ਸਰਵੀਲੈਂਸ ਬਾਰੇ ਵੀ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜੇਕਰ ਪਿਛਲੇ 6 ਮਹੀਨੇ ਵਿੱਚ 15 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਕਿਸੇ ਵੀ ਅੰਗ ਵਿੱਚ ਅਚਾਨਕ ਢਿਲਾਪਣ ਆ ਜਾਵੇ ਜਿਵੇਂ ਕਿ ਲੱਤ, ਬਾਂਹ, ਗਰਦਨ ਦਾ ਕਮਜ਼ੋਰ ਹੋਣਾ ਜਾਂ ਲਕਵਾ ਮਾਰ ਜਾਣਾ ਤਾਂ ਉਸ ਨੂੰ ਤੁਰੰਤ ਰਿਪੋਰਟ ਕੀਤਾ ਜਾਵੇ।

# ਮਲੇਰੀਆ ਤੇ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਤੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੀਤੇ ਜਾਣ-ਡੀ ਸੀ ਰੰਧਾਵਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਰਾਸ਼ਟਰੀ ਵੈਕਟਰ ਬੌਰਨ ਡਿਜ਼ੀਜ਼ ਕੰਟਰੋਲ ਪ੍ਰੋਗਰਾਮ ਅਧੀਨ ਡੇਂਗੂ, ਚਿਕਨਗੁਨੀਆ, ਮਲੇਰੀਆ ਤੇ ਹੋਰ ਵੈਕਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਲਈ



ਰੱਖੀ ਅੰਤਰ ਵਿਭਾਗੀ ਮੀਟਿੰਗ ਵਿੱਚ ਜਿੱਥੇ ਮਲੇਰੀਆ ਤੇ ਡੇਂਗੂ ਦੀ ਰੋਕਥਾਮ ਲਈ ਵੱਡੇ ਪੱਧਰ ’ਤੇ ਜਾਗਰੂਕਤਾ ਮੁਹਿੰਮ ਚਲਾਉਣ ਦੀ ਹਦਾਇਤ ਕੀਤੀ ਉੱਥੇ ਲਾਰਵਾ ਰੋਕਥਾਮ ਗਤੀਵਿਧਆਂ ’ਚ ਸਹਿਯੋਗ ਨਾ ਦੇਣ ਵਾਲੇ ਅਤੇ ਉਲੰਘਣਾ ਕਰਨ ਵਾਲੇ ਲੋਕਾਂ ਦੇ ਚਲਾਨ ਵੀ ਕਰਨ ਲਈ ਆਖਿਆ।

ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਕੌਂਸਲ, ਖੇਤੀਬਾੜੀ ਵਿਭਾਗ, ਪੰਚਾਇਤ ਰਾਜ ਵਿਭਾਗ, ਇੰਡੀਅਨ ਮੈਡੀਕਲ ਐਸੋਸੀਏਸ਼ਨ ਸਮੇਤ ਵੱਖ-ਵੱਖ ਅਦਾਰਿਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਡੇਂਗੂ ਨੂੰ ਸ਼ੁਰੂ ਵਿੱਚ ਹੀ ਕਾਬੂ ਵਿੱਚ ਰੱਖਣ ਲਈ ਸਮੇਂ ਸਿਰ ਰੋਕਥਾਮ ’ਤੇ ਜ਼ੋਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਚੰਗੀ ਗੱਲ ਹੈ ਕਿ ਜ਼ਿਲ੍ਹੇ ਵਿਚ ਹੁਣ ਤੱਕ ਡੇਂਗੂ ਦਾ ਕੋਈ ਵੀ ਕੇਸ ਸਾਹਮਣੇ ਨਹੀਂ ਹੋਇਆ ਪਰ ਫਿਰ ਵੀ ਸਿਹਤ ਵਿਭਾਗ ਅਤੇ ਨਗਰ ਕੌਂਸਲਾਂ ਸਮੇਤ ਹੋਰਨਾਂ ਸਹਿਯੋਗੀ ਵਿਭਾਗਾਂ ਨੂੰ ਚੌਕਸ ਹੋਣ ਦੀ ਜ਼ਰੂਰਤ ਹੈ, ਕਿਉਂਕਿ ਸੂਬੇ ਵਿੱਚ ਕੇਸ ਰਿਪੋਰਟ ਹੋ ਰਹੇ ਹਨ। ਉਨ੍ਹਾਂ ਹਦਾਇਤ ਕੀਤੀ ਕਿ ਡੇਂਗੂ ਦੀ ਰੋਕਥਾਮ ਲਈ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਜ਼ਿਲ੍ਹੇ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿਚ ਨਿਰੰਤਰ ਸਰਵੇਖਣ, ਜਾਂਚ ਤੇ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾਣ। ਹਫ਼ਤੇ ਦੇ ਹਰ ਸ਼ੁੱਕਰਵਾਰ ਨੂੰ ‘ਡਰਾਈ ਡੇਅ’ ਮਨਾਇਆ ਜਾਵੇ ਅਤੇ ‘ਹਰ ਐਤਵਾਰ ਡੇਂਗੂ ’ਤੇ ਵਾਰ’ ਮੁਹਿੰਮ ਛੇੜੀ ਜਾਵੇ, ਜਿਸ ਤਹਿਤ ਡੇਂਗੂ ਤੋਂ ਬਚਾਅ ਲਈ ਹਫ਼ਤੇ ਵਿਚ ਇਕ ਵਾਰ ਕੂਲਰਾਂ, ਫਰਿੱਜ਼ ਦੀ ਟਰੇਅ ਤੇ ਗਮਲਿਆਂ ਦੀ ਸਫਾਈ ਕਰਨ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਮੱਛਰ ਦੇ ਲਾਰਵੇ ਨੂੰ ਖਤਮ ਕੀਤਾ ਜਾ ਸਕੇ। ਇਸ ਤੋਂ ਇਲਾਵਾ ਘਰਾਂ ਦੀਆਂ ਛੱਤਾਂ ਉੱਤੇ ਪਏ ਕਬਾੜ ਦੇ ਸਮਾਨ, ਪੁਰਾਣੇ ਟਾਇਰਾਂ, ਡਿਸਪੋਜੇਬਲ ਕੱਪ, ਗਲਾਸ, ਪਲੇਟਾਂ ਆਦਿ ਵਿਚ ਪਾਣੀ ਇਕੱਤਰ ਨਾ ਹੋਣ ਦਿੱਤਾ ਜਾਵੇ, ਕਿਉਂਕਿ ਡੇਂਗੂ ਦਾ ਮੱਛਰ ਥੋੜ੍ਹੇ ਜਿਹੇ ਪਾਣੀ ਵਿਚ ਵੀ ਪਲ਼ ਸਕਦਾ ਹੈ। ਉਨ੍ਹਾਂ ਕਿਹਾ ਘਰ-ਘਰ ਜਾ ਕੇ ਲਾਰਵਾ ਚੈੱਕ ਕੀਤਾ ਜਾਵੇ। ਸ਼ਹਿਰਾਂ ਤੇ ਪਿੰਡਾਂ ਦੇ ਛੱਪੜਾਂ ਵਿੱਚ ਗੰਬੂਜੀਆ ਮੱਛੀਆਂ ਛੱਡੀਆਂ ਜਾਣ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਵੈਕਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਜਾਗਰੂਕਤਾ ਫੈਲਾਉਣੀ ਯਕੀਨੀ ਬਣਾਈ ਜਾਵੇ।

ਸਿੱਖਿਆ ਵਿਭਾਗ ਨੂੰ ਹਦਾਇਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਸਵੇਰ ਦੀ ਅਸੈਂਬਲੀ ਦੌਰਾਨ ਵਿਦਿਆਰਥੀਆਂ ਨੂੰ ਡੇਂਗੂ ਦੀ ਰੋਕਥਾਮ ਲਈ ਜਾਗਰੂਕ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਇਹ ਵੀ ਜਾਣਕਾਰੀ ਦਿੱਤੀ ਜਾਵੇ ਕਿ ਉਹ ਡੇਂਗੂ ਨੂੰ ਆਪਣੇ ਘਰਾਂ ਵਿਚ ਦਾਖਲ ਹੋਣ ਤੋਂ ਕਿੰਝ ਰੋਕ ਸਕਦੇ ਹਨ। ਮਿਊਂਸੀਪਲ ਕਮੇਟੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਫੋਗਿੰਗ ਯਕੀਨੀ ਬਣਾਈ ਜਾਵੇ। ਜਿਹੜੇ ਘਰਾਂ/ਅਦਾਰਿਆਂ ਵਿਚੋਂ ਇਕ ਤੋਂ ਵੱਧ ਵਾਰ ਲਾਰਵਾ ਮਿਲਦਾ ਹੈ, ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇ।

ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਆਮ ਲੋਕਾਂ ਨੂੰ ਡੇਂਗੂ ਰੋਕਥਾਮ ਮੁਹਿੰਮ ’ਚ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਹ ਹਰੇਕ ਹਫਤੇ ਕੂਲਰਾਂ, ਫਰਿੱਜਾਂ ਦੀਆਂ ਟਰੇਆਂ ਵਿਚੋਂ ਪਾਣੀ ਕੱਢਣ ਉਪਰੰਤ ਸੁਕਾ ਕੇ ਵਰਤੋਂ ਵਿਚ ਲਿਆਉਣ ਤੇ ਗਮਲਿਆਂ ਸਮੇਤ ਪੁਰਾਣੇ ਪਏ ਕਬਾੜ, ਟਾਇਰ ਆਦਿ ਅਤੇ ਆਪਣੇ ਘਰਾਂ ਦੇ ਆਲੇ-ਦੁਆਲੇ ਪਾਣੀ ਇਕੱਤਰ ਨਾ ਹੋਣ ਦੇਣ ਤਾਂ ਜੋ ਡੇਂਗੂ ਦਾ ਮੱਛਰ ਨਾ ਪੈਦਾ ਹੋ ਸਕੇ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਨੇ ਡੇਂਗੂ ਅਤੇ ਮਲੇਰੀਆ ਦੀ ਬਿਮਾਰੀ ’ਤੇ ਇਕ ਪ੍ਰੈਜ਼ੈਂਟੇਸ਼ਨ ਪੇਸ਼ ਕੀਤੀ, ਜਿਸ ਵਿਚ ਡੇਂਗੂ ਪ੍ਰਤੀ ਜਾਗਰੂਕਤਾ, ਰੋਕਥਾਮ, ਇਲਾਜ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਸ਼ਫ਼ਲਤਾ ਪੂਰਵਕ ਨੇਪਰੇ ਚੜ੍ਹੀ ਚਾਰ ਰੋਜ਼ਾ ਫੋਟੋ ਵਰਕਸ਼ਾਪ- ਸਰਟੀਫਿਕੇਟ ਅਤੇ ਕਿਤਾਬਾਂ ਨਾਲ ਸਿਖਿਆਰਥੀਆਂ ਦਾ ਕੀਤਾ ਸਨਮਾਨ

**ਜਲੰਧਰ (20 ਮਈ)–** ਮੁੰਬਈ, ਸ਼ਿਮਲਾ ਅਤੇ ਚੰਡੀਗੜ੍ਹ ਤੋਂ ਆਏ ਫੋਟੋ ਜਰਨਿਲਿਜ਼ਮ ਅਤੇ ਦਸਤਾਵੇਜ਼ੀ ਫ਼ਿਲਮਾਂ ਦੇ ਮਾਹਰ ਨਿਰਦੇਸ਼ਕਾ ਦੁਆਰਾ ਪੰਜਾਬ ਦੇ ਕੋਨੇ ਕੋਨੇ ਤੋਂ ਬੁਲਾਏ ਸਿਖਿਆਰਥੀਆਂ ਦੀ ਲਗਾਈ ਚਾਰ ਰੋਜ਼ਾ ਫੋਟੋਗਰਾਫ਼ਿਕ ਵਰਕਸ਼ਾਪ ਫੋਟੋਗਰਾਫ਼ੀ ਖੇਤਰ ਰਾਹੀਂ ਲੋਕ ਸਰੋਕਾਰਾਂ ਅਤੇ ਖ਼ੂਬਸੂਰਤ ਸਮਾਜ ਦੀ ਕਹਾਣੀ ਪੇਸ਼ ਕਰਨ ਦਾ ਅਹਿਦ ਕਰਨ ਨਾਲ ਸੰਪਨ ਹੋਈ। ਸਮੂਹ ਸਿਖਿਆਰਥੀਆਂ ਨੇ ਮਿਲੇ ਵਿਸ਼ੇ ਮੁਤਾਬਕ ਨੇਪਰੇ ਚਾੜ੍ਹੇ ਪ੍ਰੋਜੈਕਟਾਂ ਨੂੰ ਪਰਦੇ ’ਤੇ ਪੇਸ਼ ਕਰਦਿਆਂ ਸਫਾਈ ਕਾਮਿਆਂ, ਪ੍ਰਵਾਸੀ ਮਜ਼ਦੂਰਾਂ, ਔਰਤਾਂ ਦੀ ਸਮਾਜਕ ਦਸ਼ਾ, ਉਜਾੜੇ, ਬੇਰੁਜ਼ਗਾਰੀ, ਸਿੱਖਿਆ, ਸਿਹਤ ਦੀ ਪੂਰਨ ਤੌਰ ’ਤੇ ਗਰਕੀ ਹਾਲਤ ਉਪਰ ਆਪਣੇ ਦੁਆਰਾ ਖਿੱਚੀਆਂ ਤਸਵੀਰਾਂ ਅਤੇ ਬਣਾਈ ਮੂਵੀ ਰਾਹੀਂ ਰੌਸ਼ਨੀ ਪਾਈ।

ਵਰਕਸ਼ਾਪ ਦੇ ਅੰਤਲੇ ਦਿਨ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਸਿਖਿਆਰਥੀਆਂ ਨੇ ਦੱਸਿਆ ਕਿ ਉਹਨਾਂ ਨੇ ਜੋ ਸੋਚਣ-ਸਮਝਣ ਦੀ ਦ੍ਰਿਸ਼ਟੀ ਪੱਖੋਂ ਵਰ੍ਹਿਆਂ ਲੰਮੇ ਜੀਵਨ ਸਫ਼ਰ ’ਚ ਵੀ ਨਹੀਂ ਸਿੱਖਿਆ, ਉਹ ਚਾਰ ਰੋਜ਼ਾ ਵਰਕਸ਼ਾਪ ’ਚੋਂ ਹਾਸਲ ਕੀਤਾ। ਉਹਨਾਂ ਦੱਸਿਆ ਕਿ ਅਸੀਂ ਗ੍ਰਹਿਣ ਕੀਤਾ ਹੈ ਕਿ ਕੈਮਰੇ ’ਚ ਕਿੰਨੀ ਤਾਕਤ ਛੁਪੀ ਹੁੰਦੀ ਹੈ। ਸਿਖਿਆਰਥੀਆਂ ਨੇ ਕਿਹਾ ਕਿ ਨਸ਼ਿਆਂ, ਗੈਂਗਵਾਰ, ਪਰਵਾਸ ਵੱਲ ਲੱਗੀ ਦੌੜ, ਗਲੇ-ਸੜੇ ਸਭਿਆਚਾਰ ਦੀ ਪੈ ਰਹੀ ਮਾਰ, ਖੁਦਕੁਸ਼ੀਆਂ ਆਦਿ ਵਰਗੀਆਂ ਸਭਨਾਂ ਅਲਾਮਤਾਂ ਬਾਰੇ ਵਰਕਸ਼ਾਪ ਨੇ ਸਹੀ ਦਵਾ ਇਹੋ ਦਰਸਾਈ ਹੈ ਕਿ ਸਮਾਜਕ ਤਬਦੀਲੀ ਲਈ ਸਾਹਿਤ, ਸਭਿਆਚਾਰ ਅਤੇ ਫੋਟੋ ਕਲਾ ਦੀ ਇਤਿਹਾਸਕ ਭੂਮਿਕਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਧਾਰਕ ਓਲਵੇ, ਰਣਦੀਪ ਮੱਦੋਕੇ, ਨਿਰਮਾਣ ਚੌਧਰੀ, ਸੁਰਿੰਦਰ ਕੁਮਾਰੀ ਕੋਛੜ ਅਤੇ




ਡਾ. ਸੈਲੇਸ਼ ਨੇ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਮਰਾ ਅਤੇ ਬੌਧਿਕ ਚੇਤਨਾ ਦੀ ਅੱਖ ਮਿਲਕੇ ਸਮਾਜਕ ਵਿਗਾੜਾਂ ਨੂੰ ਦੂਰ ਕਰਨ ਦੀ ਊਰਜਾ ਦਿੰਦੀ ਨਵੇਂ ਸਮਾਜ ਦੀ ਤਸਵੀਰ ਅਤੇ ਫ਼ਿਲਮ ਲੋਕਾਂ ਅੱਗੇ ਪੇਸ਼ ਕੀਤੀ ਜਾ ਸਕਦੀ ਹੈ।

ਸਿਖਿਆਰਥੀਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਰਕਸ਼ਾਪ ’ਚ ਸ਼ਮੂਲੀਅਤ ਮਾਣ-ਪੱਤਰ ਸਰਟੀਫਿਕੇਟ ਅਤੇ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ। ਵਰਕਸ਼ਾਪ ਦੇ ਅਧਿਆਪਕਾਂ ਦਾ ਵੀ ਕਮੇਟੀ ਨੇ ਸਨਮਾਨ ਅਤੇ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਸੈਲੇਸ਼, ਹਰਮੇਸ਼ ਮਾਲੜੀ ਅਤੇ ਪ੍ਰੋ. ਗੋਪਾਲ ਸਿੰਘ ਬੁੱਟਰ ਵੀ ਹਾਜ਼ਰ ਸਨ। ਗਰਾਸਰੂਟ ਸਟੋਰੀ ਟੈਲਰ ਦੀ ਅਗਵਾਈ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਿਯੋਗ ਨਾਲ ਲੱਗੀ ਚਾਰ ਰੋਜ਼ਾ ਫੋਟੋਗ੍ਰਾਫ਼ਿਕ ਵਰਕਸ਼ਾਪ ਤੋਂ ਜਾਂਦੇ ਸਿਖਿਆਰਥੀ ਪ੍ਰਸੰਨਚਿੱਤ ਅੰਦਾਜ਼ ਵਿੱਚ ਕਹਿ ਰਹੇ ਸਨ ਕਿ 'ਕਲਾ, ਲੋਕਾਂ ਦੁਆਰਾ, ਲੋਕਾਂ ਲਈ’ ਦੇ ਸੰਕਲਪ ਨੂੰ ਹੋਰ ਵੀ ਗਹਿਰਾਈ ’ਚ ਆਤਮ ਸਾਤ ਕਰਦਿਆਂ ਭਵਿੱਖ਼ ਵਿੱਚ ਫੋਟੋ ਗਰਾਫ਼ੀ ਅਤੇ ਫ਼ਿਲਮ ਦੇ ਖੇਤਰ ’ਚ ਆਪਣਾ ਯੋਗਦਾਨ ਪਾਉਣ ਦਾ ਸੁਹਿਰਦ ਯਤਨ ਕਰਨਗੇ।

# ਕੇਂਦਰ ਦੇ ਆਰਡੀਨੈਂਸ ਖ਼ਿਲਾਫ਼ ਮਮਤਾ ਬੈਨਰਜੀ ਵੀ ਕੇਜਰੀਵਾਲ ਦੇ ਨਾਲ

**ਚੰਡੀਗੜ੍ਹ–** ਅਰਵਿੰਦ ਕੇਜਰੀਵਾਲ ਨੂੰ ਹੁਣ ਕੇਂਦਰ ਦੇ ਆਰਡੀਨੈਂਸ ਖਿਲਾਫ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਸਮਰਥਨ ਮਿਲ ਗਿਆ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਮਮਤਾ ਬੈਨ–ਰਜੀ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਦੀ ਚੁਣੀ ਹੋਈ ਸਰਕਾਰ ਦੀਆਂ ਸ਼ਕਤੀਆਂ ਖੋਹਣ ਵਾਲੇ ਕੇਂਦਰ ਦੇ ਆਰਡੀਨੈਂਸ ਵਿਰੁੱਧ ਟੀਐਮਸੀ ਦਾ ਸਮਰਥਨ ਮੰਗਿਆ। ਸੀਐਮ ਮਮਤਾ ਬੈਨਰਜੀ ਨੇ ਕਿਹਾ ਕਿ ਕੇਂਦਰ ਦਾ ਆਰਡੀਨੈਂਸ ਦਿੱਲੀ ਸਰਕਾਰ ਦੇ ਖਿਲਾਫ ਹੈ। ਜਦੋਂ ਇਹ ਆਰਡੀਨੈਂਸ ਰਾਜ ਸਭਾ ਵਿੱਚ ਬਿੱਲ ਦੇ ਰੂਪ ਵਿੱਚ ਆਵੇਗਾ ਤਾਂ ਟੀਐਮਸੀ ਇਸ ਦਾ ਸਖ਼ਤ ਵਿਰੋਧ ਕਰੇਗੀ। 2024 ਤੋਂ ਪਹਿਲਾਂ ਭਾਜਪਾ ਨੂੰ ਹਰਾਉਣ ਦਾ ਇਹ ਵੱਡਾ ਮੌਕਾ ਹੈ। ਸਾਰੀਆਂ ਵਿਰੋਧੀ ਪਾਰਟੀਆਂ ਮਿਲ ਕੇ ਇਸ ਬਿੱਲ ਨੂੰ ਰਾਜ ਸਭਾ ਵਿੱਚ ਹਰਾ ਸਕਦੀਆਂ ਹਨ। ਸੀਐਮ ਅਰਵਿੰਦ ਕੇਜਰੀਵਾਲ ਨੇ ਟੀਐਮਸੀ ਤੋਂ ਸਮਰਥਨ ਲਈ ਸੀਐਮ ਮਮਤਾ ਬੈਨਰਜੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੇਕਰ ਬਿੱਲ ਰਾਜ ਸਭਾ ਵਿੱਚ ਡਿੱਗ ਪੈਂਦਾ ਹੈ ਤਾਂ ਇਹ 2024 ਦਾ ਸੈਮੀਫਾਈਨਲ ਬਣ ਜਾਵੇਗਾ। ਉਹ (ਭਾਜਪਾ) ਬਹੁਤ ਹੰਕ–ਾਰੀ ਹੋ ਗਏ ਹਨ। ਦੇਸ਼ ਦੀ ਜਨਤਾ ਨੂੰ ਅਜਿਹੀ ਹੰਕਾਰੀ ਸਰਕਾਰ ਨੂੰ ਹੁਣ ਹਟਾ ਦੇਣਾ ਚਾਹੀਦਾ ਹੈ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰਾਜ ਸਭਾ ਵਿੱਚ ਕੇਂਦਰ ਦੇ ਆਰਡੀਨੈਂਸ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਦਾ ਸਮਰਥਨ ਹਾਸਲ ਕਰਨ ਦੇ ਇਰਾਦੇ ਨਾਲ ਮੰਗਲਵਾਰ ਨੂੰ ਪੱਛਮੀ ਬੰਗਾਲ ਪਹੁੰਚੇ। ਇੱਥੇ ਕੋਲਕਾਤਾ ਵਿੱਚ ਉਨ੍ਹਾਂ ਨੇ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਸਮਰਥਨ ਮੰਗਿਆ। ਇਸ ਦੌਰਾਨ ਕੇਂਦਰ ਵੱਲੋਂ ਲਿਆਂਦੇ ਆਰਡੀਨੈਂਸ ਸਮੇਤ ਕਈ ਸਿਆਸੀ ਮੁੱਦਿਆਂ 'ਤੇ ਦੋਵਾਂ ਆਗੂਆਂ ਵਿਚਾਲੇ ਲੰਬੀ ਗੱਲਬਾਤ ਹੋਈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ, ਰਾਜ ਸਭਾ ਮੈਂਬਰ ਸੰਜੇ ਸਿੰਘ, ਰਾਘਵ ਚੱਢਾ ਅਤੇ ਕੈਬਨਿਟ ਮੰਤਰੀ ਆਤਿਸ਼ੀ ਵੀ ਹਾਜ਼ਰ ਸਨ। ਇਸ ਤੋਂ ਬਾਅਦ ਸੀਐਮ ਅਰਵਿੰਦ ਕੇਜਰੀਵਾਲ ਨਾਲ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਪੱਛਮੀ ਬੰਗਾਲ ਦੀ ਸੀਐਮ ਮਮਤਾ ਬੈਨਰਜੀ ਨੇ ਆਰਡੀਨੈਂਸ ਦੇ ਖਿਲਾਫ ਰਾਜ ਸਭਾ ਵਿੱਚ ਆਮ ਆਦਮੀ ਪਾਰਟੀ ਦਾ ਸਮਰਥਨ ਕਰਨ ਦਾ ਐਲਾਨ ਕੀਤਾ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਕੇਂਦਰ ਵੱਲੋਂ ਲਿਆਂਦਾ ਆਰਡੀਨੈਂਸ ਦਿੱਲੀ ਸਰਕਾਰ ਵਿਰੁੱਧ ਹੈ। ਅਸੀਂ ਦਿੱਲੀ ਸਰਕਾਰ ਦਾ ਸਮਰਥਨ ਕਰਾਂਗੇ। ਇਹ ਸਾਰੀਆਂ ਵਿਰੋਧੀ ਪਾਰਟੀਆਂ ਲਈ ਇਕਜੁੱਟ ਹੋਣ ਦਾ ਮੌਕਾ ਹੈ। ਇਸ ਨਾਲ ਪੂਰੇ ਦੇਸ਼ ਵਿੱਚ ਇੱਕ ਵੱਡਾ ਸੰਦੇਸ਼ ਜਾਵੇਗਾ ਕਿ ਅਸੀਂ ਰਾਜ ਸਭਾ ਵਿੱਚ ਭਾਜਪਾ ਨੂੰ ਹਰਾ ਸਕਦੇ ਹਾਂ ਅਤੇ ਕੇਂਦਰ ਸਰਕਾਰ ਦੇ ਆਰਡੀਨੈਂਸ ਨੂੰ ਵੀ ਉਲਟਾ ਸਕਦੇ ਹਾਂ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਹਰਾਉਣ ਦਾ ਇਹ ਬਹੁਤ ਵੱਡਾ ਮੌਕਾ ਹੈ। ਸਾਡੀ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਸੀਂ ਰਾਜ ਸਭਾ ਦੇ ਅੰਦਰ ਕੇਂਦਰ ਦੇ ਆਰਡੀਨੈਂਸ ਦਾ ਵਿਰੋਧ ਕਰਾਂਗੇ। ਇਸ ਦੇ ਨਾਲ ਹੀ ਅਸੀਂ ਸੁਪਰੀਮ ਕੋਰਟ ਤੋਂ ਇਸ ਮਾਮਲੇ ਵਿੱਚ ਨਿਆਂ ਦੀ ਮੰਗ ਵੀ ਕਰਾਂਗੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ 2015 ਵਿੱਚ ਦਿੱਲੀ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਕੇਂਦਰ ਸਰਕਾਰ ਨੇ ਇੱਕ ਸਧਾਰਨ ਨੋਟੀਫਿਕੇਸ਼ਨ ਪਾਸ ਕਰਕੇ ਸਾਰੀਆਂ ਸ਼ਕਤੀਆਂ ਦਿੱਲੀ ਦੀ ਚੁਣੀ ਹੋਈ ਸਰਕਾਰ ਦੀਆਂ ਸਾਰੀਆਂ ਤਾਕਤਾਂ ਨੂੰ ਖੋਹ ਲਿਆ ਕਿ ਅਸੀਂ ਕਿਸੇ ਅਧਿਕਾਰੀ ਦੀ ਬਦਲੀ–ਪੋਸਟਿੰਗ ਨਹੀਂ ਕਰ ਸਕਦੇ। ਜੇਕਰ ਕੋਈ ਅਧਿਕਾਰੀ ਗਲਤ ਕੰਮ ਕਰਦਾ ਹੈ ਤਾਂ ਅਸੀਂ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਨਹੀਂ ਕਰ ਸਕਦੇ। ਇਹ ਸਾਰੀਆਂ ਸ਼ਕਤੀਆਂ ਸਾਡੇ ਕੋਲੋਂ ਖੋਹ ਲਈਆਂ ਗਈਆਂ। ਅੱਠ ਸਾਲ ਦਿੱਲੀ ਦੇ ਲੋਕ ਲੜਦੇ ਰਹੇ। ਅਸੀਂ ਸੁਪਰੀਮ ਕੋਰਟ ਗਏ। 8 ਸਾਲਾਂ ਦੇ ਸੰਘਰਸ਼ ਤੋਂ ਬਾਅਦ ਸੁਪਰੀਮ ਕੋਰਟ ਨੇ ਸਾਡੇ ਹੱਕ ਵਿੱਚ ਹੁਕਮ ਦਿੱਤਾ ਅਤੇ ਦਿੱਲੀ ਦੇ ਲੋਕਾਂ ਦੀ ਜਿੱਤ ਹੋਈ। ਪਰ ਜਿਵੇਂ ਹੀ ਸੁਪਰੀਮ ਕੋਰਟ ਦਾ ਹੁਕਮ ਆਇਆ ਤਾਂ ਕੇਂਦਰ ਨੇ ਹਫ਼ਤੇ ਬਾਅਦ ਆਰਡੀਨੈਂਸ ਲਿਆ ਕੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਪਲਟ ਦਿੱਤਾ।

ਸੀਐਮ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਨੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਉਸੇ ਦਿਨ ਪਲਟ ਦਿੱਤਾ ਜਿਸ ਦਿਨ ਸੁਪਰੀਮ ਕੋਰਟ ਛੁੱਟੀ 'ਤੇ ਸੀ। ਭਾਵ ਉਸ ਦੇ ਦਿਲ ਵਿਚ ਚੋਰ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜੇਕਰ ਸੁਪਰੀਮ ਕੋਰਟ ਖੁੱਲ੍ਹੀ ਹੁੰਦੀ ਤਾਂ ਅਗਲੇ ਹੀ ਦਿਨ ਆਰਡੀਨੈਂਸ 'ਤੇ ਰੋਕ ਲੱਗ ਜਾਣੀ ਸੀ। ਇਨ੍ਹਾਂ ਲੋਕਾਂ ਨੇ ਲੋਕਤੰਤਰ ਦਾ ਮਜ਼ਾਕ ਉਡਾਇਆ ਹੈ। ਉਹ ਚੁਣੀਆਂ ਹੋਈਆਂ ਸਰਕਾਰਾਂ ਨੂੰ ਤਿੰਨ ਤਰੀਕਿਆਂ ਨਾਲ ਪ੍ਰੇਸ਼ਾਨ ਕਰ ਰਹੇ ਹਨ। ਪਹਿਲਾਂ ਜਿੱਥੇ ਭਾਜਪਾ ਦੀ ਸਰਕਾਰ ਨਹੀਂ ਬਣੀ, ਉਹ ਵਿਧਾਇਕ ਖਰੀਦ ਕੇ ਸਰਕਾਰ ਨੂੰ ਡੇਗ ਦਿੰਦੇ ਹਨ ਅਤੇ ਆਪਣੀ ਭਾਜਪਾ ਦੀ ਸਰਕਾਰ ਬਣਾਉਂਦੇ ਹਨ। ਦੂਜਾ, ਜਿੱਥੇ ਭਾਜਪਾ ਦੀ ਸਰਕਾਰ ਨਹੀਂ ਬਣੀ, ਉਹ ਦੂਜੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਡਰਾਉਣ ਅਤੇ ਤੋੜਨ ਲਈ ਈਡੀ ਅਤੇ ਸੀਬ–ਆਈ ਦੀ ਵਰਤੋਂ ਕਰਦੇ ਹਨ।

ਉਨ੍ਹਾਂ ਦੀ ਸਰਕਾਰ ਨੂੰ ਡੇਗ ਕੇ ਭਾਜਪਾ ਦੀ ਸਰਕਾਰ ਬਣਾਉਂਦੇ ਹਨ। ਤੀਜਾ, ਜਿੱਥੇ ਭਾਜਪਾ ਦੀ ਸਰਕਾਰ ਨਹੀਂ ਬਣੀ, ਉਹ ਉਸ ਗ਼ੈਰ–ਭਾਜਪਾ ਸਰਕਾਰ ਨੂੰ ਰਾਜਪਾਲ ਰਾਹੀਂ ਜਾਂ ਕਾਨੂੰਨ ਦੀ ਦੁਰਵਰਤੋਂ ਕਰਕੇ ਆਰਡੀਨੈਂਸ ਪਾਸ ਕਰਕੇ ਕੰਮ ਨਹੀਂ ਕਰਨ ਦਿੰਦੇ। ਅਸੀਂ ਪੱਛਮੀ ਬੰਗਾਲ, ਪੰਜਾਬ, ਤਾਮਿਲਨਾਡੂ ਅਤੇ ਤੇਲੰਗਾਨਾ ਵਿੱਚ ਵੀ ਦੇਖ ਰਹੇ ਹਾਂ ਕਿ ਰਾਜਪਾਲ ਕਿਸ ਤਰ੍ਹਾਂ ਪ੍ਰੇਸ਼ਾਨ ਕਰ ਰਹੇ ਹਨ।

# 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਪੰਜਵਾਂ ਦਿਨ

## ਓਲੰਪੀਅਨ ਪ੍ਰਿਥੀਪਾਲ ਸਿੰਘ ਦੀ 40ਵੀ ਬਰਸੀ ਬੱਚਿਆਂ ਨੇ ਖੇਡ ਭਾਵਨਾ ਨਾਲ ਮਨਾਈ







**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ 13ਵੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਪੰਜਵੇਂ ਦਿਨ ਲੀਗ ਮੈਚਾਂ ਦੇ ਆਖਰੀ ਗੇੜ ਵਿੱਚ ਸੀਨੀਅਰ ਵਰਗ ਵਿੱਚ ਜਿੱਥੇ ਗਿੱਲ ਕਲੱਬ ਘਵੱਦੀ ਨੇ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉਥੇ ਡਾ ਕੁਲਦੀਪ ਸਿੰਘ ਕਲੱਬ ਮੋਗਾ, ਕਿਲ੍ਹਾ ਰਾਇਪੁਰ ਨੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਪਾਇਆ ਹੈ। ਜਦਕਿ ਜੂਨੀਅਰ ਵਰਗ ਵਿੱਚ ਨਨਕਾਣਾ ਸਾਹਿਬ ਅਕੈਡਮੀ ਰਾਮਪੁਰ ਛੰਨਾ ਅਤੇ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਵੀ ਆਖਰੀ 8 ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ।

ਸੀਨੀਅਰ ਵਰਗ ਵਿਚ ਬਹੁਤ ਹੀ ਕਾਂਟੇਦਾਰ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਗਿੱਲ ਕਲੱਬ ਘਵੱਦੀ ਨਾਲ ਨਿਰਧਾਰਤ ਸਮੇਂ ਤੱਕ 1-1 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਵਿੱਚ 4-3 ਗੋਲਾਂ ਦੀ ਜਿੱਤ ਹਾਸਲ ਕੀਤੀ। ਮੋਗਾ ਕਲੱਬ ਦਾ ਗੋਲ ਕੀਪਰ ਰਣਜੋਤ ਸਿੰਘ ਨੇ " ਮੈਨ ਆਫ਼ ਦਾ ਮੈਚ " ਦਾ ਖਿਤਾਬ ਜਿੱਤਿਆ। ਜਦ ਕਿ ਦੂਸਰੇ ਮੁਕਾਬਲੇ ਵਿੱਚ ਕਿਲਾ ਰਾਏਪੁਰ ਨੇ ਪਿਛਲੇ ਸਾਲ ਦੀ ਚੈਂਪੀਅਨ ਫਰੈਂਡਜ਼ ਕਲੱਬ ਰੂਮੀ ਨੂੰ 5-3 ਗੋਲਾਂ ਨਾਲ ਹਰਾਇਆ। ਕਿਲ੍ਹਾ ਰਾਇਪੁਰ ਦਾ ਸੁਖਵੰਤ ਸਿੰਘ ਮੈਨ ਆਫ਼ ਦਾ ਮੈਚ ਬਣਿਆ । ਜੂਨੀਅਰ ਵਰਗ ਦੇ ਵਿੱਚ ਨਨਕ–ਾਣਾ ਸਾਹਿਬ ਅਕੈਡਮੀ ਰਾਮਪੁਰ ਛੰਨਾ ਨੇ ਬੂਹੀ ਅਕੈਡਮੀ ਨਾਭਾ 4-0 ਨਾਲ, ਦੂਜਾ ਮੈਚ ਵਿੱਚ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਕੁੜੀਆਂ ਤੇ ਅਧਾਰਤ ਟੀਮ ਰਾਮਪੁਰ ਛੰਨਾਂ ਨੂੰ 7-2 ਨਾਲ ਹਰਾਕੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਇਸ ਮੌਕੇ ਓਲੰਪੀਅਨ ਪ੍ਰਿਥੀਪਾਲ ਸਿੰਘ ਦੀ 40ਵੀਂ ਬਰਸੀ ਬਹੁਤ ਹੀ ਸ਼ਰਧਾ ਸਤਿਕਾਰ ਅਤੇ ਖੇਡ ਭਾਵਨਾ ਨਾਲ ਮਨਾਈ ਗਈ। ਉਨ੍ਹਾਂ ਦੇ ਆਦਮਕੱਦ ਬੁੱਤ ਤੇ ਫੁੱਲ ਮਾਲਾ ਭੇਂਟ ਕਰਕੇ ਉਨ੍ਹਾਂ ਦੀ ਯਾਦ ਵਿੱਚ 2 ਮਿੰਟ ਦਾ ਮੋਨ ਦਾ ਧਾਰਿਆ ਗਿਆ। ਅੱਜ ਦੇ ਮੈਚਾਂ ਦੀ ਸਮਾਪਤੀ ਬਾਅਦ ਘਵੱਦੀ ਕਲੱਬ ਨੇ 10 ਅੰਕਾ ਨਾਲ ਪੂਲ ਵਿੱਚ ਪਹਿਲਾਂ ਸਥਾਨ, ਕਿਲ੍ਹਾ ਰਾਇਪੁਰ ਨੇ 7 ਅੰਕਾਂ ਨਾਲ ਦੂਸਰਾ, ਮੋਗਾ ਨੇ 7 ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਜਦਕਿ ਵਰਤਮਾਨ ਚੈਂਪੀਅਨ ਫਰੈਡਜ਼ ਕਲੱਬ ਰੂਮੀ 6 ਅੰਕਾਂ ਦੇ ਬਾਵਜੂਦ ਟੂਰਨਮੈਂਟ ਵਿੱਚੋ ਬਾਹਰ ਹੋ ਗਈ ਹੈ। ਅੱਜ ਦੇ ਮੈਚਾਂ ਦੌਰਾਨ ਡਾਕਟਰ ਨਿਰਮਲ ਸਿੰਘ ਜੌੜਾ ਡਾਇਰੈਕਟਰ ਯੂਥ ਵੈਲਫੇਅਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਸੱਭਿਆਚਾਰ ਸੱਥ ਦੇ ਪ੍ਰਧਾਨ ਜਸਮੇਰ ਸਿੰਘ ਢੱਟ, ਪ੍ਰਿੰਸੀਪਲ ਬਲਵੰਤ ਸਿੰਘ ਕਮਾਲਪੁਰਾ, ਕੋਚ ਹਰਬੰਸ ਸਿੰਘ ਸਮਰਾਲਾ, ਗਿਆਨ ਸਿੰਘ ਡੀਪੀਆਈ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ– ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ।ਇਸ ਮੌਕੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਐਡਵੋਕੇਟ ਸੁਮੀਤ ਸਿੰਘ, ਹਰਦੀਪ ਸਿੰਘ ਸੈਣੀ ਰੇਲਵੇ, ਪ੍ਰੋਫ਼ੈਸਰ ਰਜਿੰਦਰ ਸਿੰਘ ਖਾਲਸਾ ਕਾਲਜ ਰੁਪਿੰਦਰ ਸਿੰਘ ਗਿੱਲ, ਰਛਪਾਲ ਸਿੰਘ ਕੰਗ, ਸੁਖਵਿੰਦਰ ਸਿੰਘ ਲਹਿਰਾ, ਸ਼ਿੰਗਾਰਾ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਜਰਖੜ, ਕੁਲਵਿੰਦਰ ਸਿੰਘ ਟੋਨੀ ਘਵੱਦੀ, ਬੂਟਾ ਸਿੰਘ ਸਿੱਧੂ ਦੋਰਾਹਾ, ਹਰਪ੍ਰੀਤ ਸਿੰਘ ਟੂਸੇ, ਪਹਿਲਵਾਨ ਹਰਮੇਲ ਸਿੰਘ ਕਾਲਾ, ਸਾਹਿਬਜੀਤ ਸਿੰਘ ਜਰਖੜ, ਕੋਚ ਹਰਮਿੰਦਰ ਪਾਲ ਸਿੰਘ, ਗੁਰਤੇਜ ਸਿੰਘ ਬੋਰਹਾਈ, ਗੁਰਸਤਿੰਦਰ ਸਿੰਘ ਪਰਗਟ, ਕੁਲਦੀਪ ਸਿੰਘ ਘਵੱਦੀ, ਬਾਬਾ ਰੁਲਦਾ ਸਿੰਘ, ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜਰ ਸਨ। ਫਾਈਨਲ ਅਗਲੇ ਗੇੜ ਦੇ ਮੁਕਾਬਲੇ 25 ਤੋਂ 28 ਮਈ ਨੂੰ ਹੋਣਗੇ।

# 13ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਛੇਵਾਂ ਦਿਨ

**ਲੁਧਿਆਣਾ–** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ 13ਵੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਛੇਵੇਂ ਦਿਨ ਲੀਗ ਮੈਚਾਂ ਦੇ ਆਖਰੀ ਗੇੜ ਵਿੱਚ ਸੀਨੀਅਰ ਵਰਗ ਵਿੱਚ ਜਿੱਥੇ ਨੀਟਾ ਕਲੱਬ ਰਾਮਪੁਰ ਨੇ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਉਥੇ ਏਕ ਨੂਰ ਅਕੈਡਮੀ ਤੇਂਗ, ਜਰਖੜ ਅਕੈਡਮੀ ਨੇ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਪਾਇਆ ਹੈ। ਜਦਕਿ ਜੂਨੀਅਰ ਵਰਗ ਵਿਚ ਵੀ ਜਰਖੜ ਅਕੈਡਮੀ ਅਤੇ ਏਕ ਨੂਰ ਅਕੈਡਮੀ ਨੇ ਵੀ ਆਖਰੀ 8 ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ।

ਸੀਨੀਅਰ ਵਰਗ ਵਿਚ ਬਹੁਤ ਹੀ ਸੰਘਰਸ਼ਪੂਰਨ ਮੁਕਾਬਲੇ ਵਿੱਚ ਵਿੱਚ ਜਰਖੜ ਅਕੈਡਮੀ ਯੰਗ ਕਲੱਬ ਉਟਾਲਾ ਤੋਂ 5-3 ਗੋਲਾਂ ਤੇ ਜੇਤੂ ਰਹੀ। ਜਰਖੜ ਕਲੱਬ ਦਾ ਗੋਲ ਕੀਪਰ ਦਵਿੰਦਰ ਸਿੰਘ ਬੰਟੀ ਨੇ " ਮੈਨ ਆਫ਼ ਦਾ ਮੈਚ " ਦਾ ਖਿਤਾਬ ਜਿੱਤਿਆ। ਜਦ ਕਿ ਦੂਸਰੇ ਮੁਕਾਬਲੇ ਵਿੱਚ ਨੀਟਾ ਕਲੱਬ ਰਾਮਪੁਰ ਆਪਣੀਂ ਤੀਸਰੀ ਜਿੱਤ ਹਾਸਲ ਕਰਦਿਆਂ ਏਕ ਨੂਰ ਅਕੈਡਮੀ ਨੂੰ ਇੱਕ ਤਰਫ਼ਾ ਮੁਕਾਬਲੇ ਚ 6-1 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਮਿਲਖ਼ਾ ਸਿੰਘ ਮੈਨ ਆਫ਼ ਦਾ ਮੈਚ ਬਣਿਆ । ਜੂਨੀਅਰ ਵਰਗ ਦੇ ਵਿੱਚ ਜਰਖੜ ਅਕੈਡਮੀ ਨੇ ਅਮਰਗੜ੍ਹ ਅਕੈਡਮੀ 9-0 ਨਾਲ।

ਦੂਜਾ ਮੈਚ ਵਿੱਚ ਤੇਂਗ ਅਕੈਡਮੀ ਨੇ ਰਾਮਪੁਰ ਸੈਂਟਰ ਨੂੰ 7-0 ਨਾਲ ਹਰਾਕੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ।

ਅੱਜ ਦੇ ਮੈਚਾਂ ਦੀ ਸਮਾਪਤੀ ਬਾਅਦ ਰਾਮਪੁਰ ਕਲੱਬ ਨੇ 3 ਜਿੱਤਾ ਨਾਲ 13 ਅੰਕਾ ਨਾਲ ਪੂਲ ਵਿੱਚ ਪਹਿਲਾਂ ਸਥਾਨ, ਜਰਖੜ ਅਕੈਡਮੀ ਨੇ 11 ਅੰਕਾਂ ਨਾਲ ਦੂਸਰਾ, ਤੇਂਗ ਕਲੱਬ ਨੇ 6 ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।



ਅੱਜ ਦੇ ਮੈਚਾਂ ਦੌਰਾਨ ਹਰਵਿੰਦਰ ਸਿੰਘ ਬਾਜਵਾ ਡੀਐਸਪੀ, ਐਡਵੋਕੇਟ ਭੁਪਿੰਦਰ ਸਿੰਘ ਸਿੱਧੂ , ਮਨਦੀਪ ਸਿੰਘ ਖੰਨਾ, ਪਰਮਜੀਤ ਸਿੰਘ ਨੀਟੂ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ–ਪਹਿਚਾਣ ਕੀਤੀ। ਇਸ ਮੌਕੇ ਪਰਮਜੀਤ ਸਿੰਘ ਨੀਟੂ ਨੇ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਗੁਰਸਿਫਤ ਸਿੰਘ ਬਾਜਵਾ, ਮਨਿਦਰ ਖੰਨਾ, ਅਜੀਤ ਸਿੰਘ ਲਾਦੀਆਂ, ਰਣਜੀਤ ਸਿੰਘ ਕਲਸੀ, ਸ਼ਿੰਗਾਰਾ ਸਿੰਘ ਜਰਖੜ, ਤਜਿੰਦਰ ਸਿੰਘ ਜਰਖੜ, ਬੂਟਾ ਸਿੰਘ ਸਿੱਧੂ ਦੋਰਾਹਾ, ਪਹਿਲਵਾਨ ਹਰਮੇਲ ਸਿੰਘ ਕਾਲਾ, ਸਾਹਿਬਜੀਤ ਸਿੰਘ ਜਰਖੜ, ਕੋਚ ਹਰਮਿੰਦਰ ਪਾਲ ਸਿੰਘ, ਗੁਰਤੇਜ ਸਿੰਘ ਬੋਰਹਾਈ, ਗੁਰਸਤਿੰਦਰ ਸਿੰਘ ਪਰਗਟ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ, ਪ੍ਰੇਮ ਸਿੰਘ ਰਾਮਪੁਰ, ਰਵਿੰਦਰ ਸਿੰਘ ਘਵੱਦੀ, ਮਨਜੀਤ ਸਿੰਘ ਡਾਂਗੋਰਾ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜਰ ਸਨ। ਅਗਲੇ ਗੇੜ ਦੇ ਮੁਕਾਬਲੇ 25 ਤੋਂ 28 ਮਈ ਨੂੰ ਹੋਣਗੇ। ਸੀਨੀਅਰ ਵਰਗ ਵਿੱਚ 25 ਮਈ ਨੂੰ ਕੁਆਟਰ ਫਾਈਨਲ ਮੁਕਾਬਲੇ ਜਰਖੜ ਅਕੈਡਮੀ ਬਨਾਮ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਵਿੱਚਕਾਰ ਮੈਚ ਸ਼ਾਮ 6 ਵਜੇ, ਦੂਜਾ ਮੈਚ ਕਿਲ੍ਹਾ ਰਾਇਪੁਰ ਬਨਾਮ ਏਕ ਨੂਰ ਅਕੈਡਮੀ ਤੇਂਗ ਦੇ ਵਿਚਕਾਰ ਮੈਚ ਸ਼ਾਮ 7 ਵਜੇ ਖੇਡਿਆ ਜਾਵੇਗਾ।

ਜਦਕਿ ਸਬ ਜੂਨੀਅਰ ਵਰਗ ਦੇ ਕੁਆਟਰ ਫਾਈਨਲ ਮੈਚਾਂ–
ਜੋ 26 ਮਈ ਨੂੰ ਖੇਡੇ ਜਾਣਗੇ। ਓਨਾ ਵਿੱਚ
ਪਹਿਲਾ ਮੈਚ– ਏਕ ਨੂਰ ਅਕੈਡਮੀ ਤੇਂਗ ਬਨਾਮ ਘਵੱਦੀ ਸਕੂਲ 6 ਵਜੇ
ਦੂਜਾ ਮੈਚ –– ਜਰਖੜ ਅਕੈਡਮੀ ਬਨਾਮ ਕਿਲ੍ਹਾ ਰਾਇਪੁਰ ਸਕੂਲ 6:45
ਤੀਜਾ ਮੈਚ – ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਬਨਾਮ ਸੰਤ ਕ੍ਰਿਪਾਲ ਦਾਸ ਅਕੈਡਮੀ ਹੇਰਾਂ 7:30, ਵਜੇ
ਚੋਥਾ ਮੈਚ– ਨਨਕਾਣਾ ਸਾਹਿਬ ਰਾਮਪੁਰ ਛੰਨਾਂ ਬਨਾਮ HTC ਰਾਮਪੁਰ 8:15, ਵਜੇ ਰਾਤ ਖੇਡਿਆ ਜਾਵੇਗਾ।

# ਆਜ਼ਾਦੀ ਲਈ ਜੂਝਣ ਵਾਲ਼ਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲ਼ਾ ਸੰਘਿਆਂ

ਦੁਆਬੇ ਦੇ ਪਿੰਡ ਕਾਲ਼ਾਸੰਘਿਆਂ ਦੇ ਗ਼ਦਰੀ ਹਰਨਾਮ ਸਿੰਘ ਦਾ ਜਨਮ 1887 ਜਾਂ 1888 ਵਿਚ ਪਿਤਾ ਸੁੰਦਰ ਸਿੰਘ ਦੇ ਘਰ ਮਾਤਾ ਗੁਲਾਬ ਦੇਵੀ ਦੀ ਕੁੱਖੋਂ ਹੋਇਆ ਸੀ। ਇਨ੍ਹਾਂ ਨੇ ਕੋਈ ਇੱਕੀ ਵਰ੍ਹਿਆਂ ਤਕ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਇਆ। ਕਪੂਰਥਲਾ ਰਿਆਸਤ ਵਿਚ ਵਿੱਦਿਆ ਦੇ ਚੰਗੇ ਪ੍ਰਬੰਧ ਨਾ ਹੋਣ ਕਰਕੇ ਇਨ੍ਹਾਂ ਦੀ ਵਿਦਿਆ ਪ੍ਰਾਪਤੀ ਦਾ ਕੋਈ ਵਸੀਲਾ ਨਹੀਂ ਬਣਿਆ। ਉਹ 8 ਫ਼ਰਵਰੀ 1909 ਨੂੰ 26 ਪੰਜਾਬੀ ਇਨਫ਼ੈਂਟਰੀ ਵਿਚ ਸਿਪਾਹੀ ਭਰਤੀ ਹੋ ਕੇ ਕੋਹਾਟ ਛਾਉਣੀ ਚਲੇ ਗਏ। ਗਿਆਰਾਂ ਰੁਪਏ ਮਹੀਨਾ ਤਨਖ਼ਾਹ ਸੀ। ਉਥੇ ਗ੍ਰੰਥੀ ਕਰਮ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਨਾਂ ਬਦਲ ਕੇ ਹਰਨਾਮ ਸਿੰਘ ਰੱਖਿਆ। ਫ਼ੌਜੀ ਸਿਖਲਾਈ ਦੌਰਾਨ ਗੁਰਮੁਖੀ ਤੇ ਅੰਗਰੇਜ਼ੀ ਪੜ੍ਹਨੀ ਸਿੱਖੀ ਤੇ ਸਿਗਨਲਰ ਦੀ ਜ਼ਿੰਮੇਵਾਰੀ ਮਿਲੀ।

1912 ਵਿਚ ਹਾਂਗਕਾਂਗ ਵਿਚ ਗੜਬੜ ਰੋਕਣ ਲਈ 26 ਪੰਜਾਬ ਇਨਫ਼ੈਂਟਰੀ ਘੱਲੀ ਗਈ। ਫ਼ੌਜੀਆਂ ਨੇ ਪਹਾੜੀ ਉੱਤੇ ਮਿੱਟੀ ਪੱਟਣ ਦੇ ਫ਼ੌਜੀ ਹੁਕਮ ਵਿਰੁੱਧ ਮੋਰਚਾ ਲਾ ਦਿੱਤਾ, ਤਾਂ ਹਰਨਾਮ ਸਿੰਘ ਤੇ ਤਿੰਨ ਹੋਰ ਫ਼ੌਜੀਆਂ ਨੂੰ ਕੁਆਟਰ ਗਾਰਡ ਵਿਚ ਰੱਖਿਆ। ਆਖ਼ਿਰ ਅਫ਼ਸਰਾਂ ਨੇ ਆਪਣਾ ਹੁਕਮ ਵਾਪਸ ਲੈ ਲਿਆ। ਚੀਨੀ ਤੇ ਜਪਾਨੀਆਂ ਦੇ ਮਿਹਣਿਆਂ ਨੇ ਇਨ੍ਹਾਂ ਫ਼ੌਜੀਆਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਾਇਆ। ਚੀਨੀ ਇਨ੍ਹਾਂ ਨੂੰ 'ਮੈਲੋ ਕਲਾਈ' (ਭੂਤਨੇ) ਦੱਸਦਿਆਂ ਕਹਿੰਦੇ ਸਨ ਕਿ ਤੁਸੀਂ ਆਪਣਾ ਮੁਲਕ ਤਾਂ ਗਵਾ ਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਹੈ ਤੇ ਹੁਣ ਸਾਡਾ ਖੋਹ ਕੇ ਉਨ੍ਹਾਂ ਨੂੰ ਦਿਉਗੇ?

ਗ਼ਦਰੀ ਆਗੂ ਭਾਈ ਭਗਵਾਨ ਸਿੰਘ ਹਾਂਗਕਾਂਗ ਗੁਰਦੁਆਰੇ ਵਿਚ ਗ੍ਰੰਥੀ ਸਨ। ਅਮਰੀਕਾ ਤੋਂ ਆਉਂਦੀ ਗ਼ਦਰ ਅਖ਼ਬਾਰ ਉਹ ਫ਼ੌਜੀਆਂ ਨੂੰ ਪੜ੍ਹਨ ਲਈ ਦਿੰਦੇ।

26 ਪੰਜਾਬੀ ਇਨਫ਼ੈਂਟਰੀ ਵਿਚ ਫ਼ੌਜੀਆਂ ਦੇ ਪਤੇ 'ਤੇ ਗ਼ਦਰ ਅਖ਼ਬਾਰ ਆਉਣ ਲੱਗੀ। ਇਸ ਅਖ਼ਬਾਰ ਰਾਹੀਂ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਗੁਲਾਮੀ ਦੇ ਦੁੱਖਾਂ ਦਾ ਅਹਿਸਾਸ ਹੋ ਚੁੱਕਾ ਸੀ। ਪੈਸੇ ਇਕੱਠੇ ਕਰਕੇ ਫ਼ੌਜੀਆਂ ਨੇ ਗ਼ਦਰ ਅਖ਼ਬਾਰ ਲਈ ਮਦਦ ਭੇਜੀ। ਹਾਂਗਕਾਂਗ ਸਰਕਾਰ ਨੇ ਹਿੰਦੋਸਤਾਨੀਆਂ ਦੇ ਆਪਣੇ ਪਹਿਲੇ ਜਹਾਜ਼ ਗੁਰੂ ਨਾਨਕ (ਕੋਮਾਗਾਟਾਮਾਰੂ) ਦੇ ਕਨੇਡਾ ਵੱਲ ਜਾਣ ਵਿਚ ਅੜਿੱਕੇ ਡਾਹੇ, ਤਾਂ ਸਿੱਖ ਫ਼ੌਜੀਆਂ ਨੇ ਇਹਦਾ ਵਿਰੋਧ ਕੀਤਾ। ਪਹਿਲੀ ਆਲਮੀ ਜੰਗ ਵਿਚ ਅੰਗਰੇਜ਼ਾਂ ਦੇ ਫਸ ਜਾਣ ਦਾ ਫ਼ਾਇਦਾ ਲੈਣ ਲਈ ਗ਼ਦਰ ਪਾਰਟੀ ਨੇ ਵਿਦੇਸ਼ਾਂ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਵਾਪਸ ਜਾ ਕੇ ਦੇਸ਼ ਆਜ਼ਾਦ ਕਰਾਉਣ ਦਾ ਹੋਕਾ ਦਿੱਤਾ। ਗ਼ਦਰੀਆਂ ਨੂੰ ਲੈ ਕੇ ਐਸ ਐਸ ਕੋਰੀਆ ਤੇ ਮਸ਼ੀਮਾਮਾਰੂ ਸਮੁੰਦਰੀ ਜਹਾਜ਼ ਹਾਂਗਕਾਂਗ ਪਹੁੰਚੇ। ਗ਼ਦਰੀਆਂ ਨੇ ਲਗਾਤਾਰ ਅੱਠ ਦਿਨ ਗੁਰੂਦੁਆਰੇ ਵਿਚ ਭਾਸ਼ਣ ਦਿੱਤੇ, ਜਿਨ੍ਹਾਂ ਕਰਕੇ ਫ਼ੌਜੀਆਂ ਵਿਚ ਬਾਦਸ਼ਾਹ ਨਾਲ਼ ਵਫ਼ਾਦਾਰੀ ਦੇ ਉਲਟ ਬਗ਼ਾਵਤ ਦਾ ਬੀਜ ਬੀਜਿਆ ਗਿਆ। ਅਫ਼ਸਰਾਂ ਨੇ ਫ਼ੌਜੀਆਂ ਦੇ ਗੁਰੂਦੁਆਰੇ ਜਾਣ 'ਤੇ ਪਾਬੰਦੀ ਲਾ ਦਿੱਤੀ, ਪਰ ਉਹ ਚੋਰੀਛਿਪੇ ਗੁਰੂਦੁਆਰੇ ਜਾਂਦੇ ਰਹੇ। ਹਰਨਾਮ ਸਿੰਘ, ਫੁੰਮਣ ਸਿੰਘ, ਕਿਰਪਾ ਸਿੰਘ, ਈਸ਼ਰ ਸਿੰਘ, ਲਾਭ ਸਿੰਘ ਤੇ ਤੇਜਾ ਸਿੰਘ ਨੂੰ ਕਰਾਚੀ ਭੇਜ ਦਿੱਤਾ ਤੇ ਫਿਰ ਡੀਪੂ ਫ਼ਿਰੋਜ਼ਪੁਰ ਬਦਲ ਦਿੱਤਾ।

ਫ਼ਿਰੋਜ਼ਪੁਰ ਛਾਉਣੀ ਵਿਚ ਲਾਂਸ ਨਾਇਕ ਕਿਰਪਾ ਸਿੰਘ ਨੇ ਕਰਤਾਰ ਸਿੰਘ ਸਰਾਭਾ ਨੂੰ ਹਰਨਾਮ ਸਿੰਘ ਤੇ ਬਾਕੀ ਫ਼ੌਜੀਆਂ ਨਾਲ ਮਿਲਾਇਆ, ਜਿਹਨੇ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਦੱਸਿਆ ਕਿ ਪਰਦੇਸਾਂ ਵਿੱਚੋਂ ਹਿੰਦੋਸਤਾਨ ਆਏ ਗ਼ਦਰ ਪਾਰਟੀ ਦੇ ਹਜ਼ਾਰਾਂ ਦੇਸ਼ ਭਗਤ ਵੱਖ-ਵੱਖ ਛਾਉਣੀਆਂ ਵਿਚ ਫ਼ੌਜਾਂ ਨੂੰ ਇਨਕਲਾਬ ਲਈ ਤਿਆਰ ਕਰ ਰਹੇ ਹਨ। ਉਹਨੇ ਇਨ੍ਹਾਂ ਨੂੰ ਬਾਕੀ ਫ਼ੌਜੀਆਂ ਵਿਚ ਖ਼ੁਫ਼ੀਆ ਤਰੀਕੇ ਨਾਲ ਦੇਸ਼ ਪਿਆਰ ਤੇ ਇਨਕਲਾਬ ਦਾ ਪ੍ਰਚਾਰ ਕਰਨ ਲਈ ਪ੍ਰੇਰਿਆ।

ਕਾਲਾ ਸੰਘਿਆਂ ਦੇ ਜਮਾਂਦਾਰ ਬੂਟਾ ਸਿੰਘ ਨੇ ਹਰਨਾਮ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂੰ ਗਣੇਸ਼ ਪਿੰਗਲੇ ਨੂੰ ਗ੍ਰਿਫ਼ਤਾਰ ਕਰਵਾ ਕੇ ਇਨਾਮ ਦੀ ਨਕਦ ਰਕਮ ਤੇ ਸੱਤ ਮੁਰੱਬੇ ਜ਼ਮੀਨ ਹਾਸਿਲ ਕਰਨ ਲਈ ਕਿਹਾ। ਕੈਪਟਨ ਕਾਰਗਿਲ ਨੇ ਤਫ਼ਤੀਸ਼ ਵਿਚ ਦੋਸ਼ੀ ਪਾਏ ਜਾਣ 'ਤੇ ਗੋਲੀ ਮਾਰਨ ਦੀ ਧਮਕੀ ਦਿੱਤੀ, ਪਰ ਉਹਨੇ ਅਣਭੋਲ਼ ਬਣਦਿਆਂ ਦੋਹਵਾਂ ਦੀ ਕੋਈ ਵਾਹ ਨਾ ਚੱਲਣ ਦਿੱਤੀ।



ਜਨਵਰੀ 1915 ਵਿਚ ਕਰਤਾਰ ਸਿੰਘ ਸਰਾਭਾ, ਬੰਤਾ ਸਿੰਘ ਸੰਘਵਾਲ ਤੇ ਹੋਰ ਗ਼ਦਰੀ ਫ਼ਿਰੋਜ਼ਪੁਰ ਛਾਉਣੀ ਵਿਚ ਫੌਜੀਆਂ ਨੂੰ ਮਿਲਦੇ ਰਹੇ। 15 ਫ਼ਰਵਰੀ ਨੂੰ ਕਰਤਾਰ ਸਿੰਘ ਸਰਾਭਾ ਤੇ ਸੱਜਣ ਸਿੰਘ ਉਥੇ ਬਗ਼ਾਵਤ ਕਰਾਉਣ ਦਾ ਸਾਰਾ ਪ੍ਰਬੰਧ ਕਰ ਆਏ। ਕੈਪਟਨ ਕਾਰਗਿਲ ਨੇ ਵਿਦੇਸ਼ਾਂ ਤੋਂ ਮੁੜੇ ਗ਼ਦਰੀਆਂ ਦਾ ਛਾਉਣੀ ਵਿਚ ਦਾਖ਼ਿਲਾ ਬੰਦ ਕਰ ਦਿੱਤਾ। 18 ਫ਼ਰਵਰੀ ਨੂੰ ਮੋਚੀ ਗੇਟ ਲਾਹੌਰ ਵਾਲੇ ਗ਼ਦਰ ਮੁੱਖ ਅੱਡੇ 'ਤੇ ਸਰਾਭੇ ਨੂੰ ਕਿਰਪਾਲ ਸਿੰਘ ਦੀ ਗ਼ਦਾਰੀ ਦਾ ਪਤਾ ਲੱਗਾ, ਤਾਂ ਉਹ ਕਾਹਲੀ ਵਿਚ ਭਾਈ ਰਣਧੀਰ ਸਿੰਘ ਤੇ ਉਨ੍ਹਾਂ ਦੇ ਜੱਥੇ ਨੂੰ ਲੈ ਕੇ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਗਿਆ। ਛਾਉਣੀ ਵਿਚ ਕੋਈ ਹਿਲਜੁੱਲ ਨਾ ਦੇਖ ਕੇ ਉਨ੍ਹਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪਿਆ। 19 ਫ਼ਰਵਰੀ ਨੂੰ ਅੱਠ ਬਾਗ਼ੀ ਫ਼ੌਜੀ ਨੌਕਰੀ ਤੋਂ ਬਰਖ਼ਾਸਤ ਕਰਕੇ ਰੇਲ ਗੱਡੀ 'ਤੇ ਚੜ੍ਹਾ ਕੇ ਘਰਾਂ ਨੂੰ ਭੇਜ ਦਿੱਤੇ, ਪਰ ਉਹ ਉਸੇ ਦਿਨ ਵਾਪਸ ਫ਼ਿਰੋਜ਼ਪੁਰ ਪਹੁੰਚ ਗਏ ਸਨ। ਫਿਰ ਅਰਜਨ ਸਿੰਘ ਖੁਖਰਾਨੇ ਨੇ ਕਾਲਾ ਸੰਘਿਆਂ ਆ ਕੇ ਇਤਲਾਹ ਦਿੱਤੀ ਕਿ ਗ਼ਦਰ ਦੀ ਤਰੀਕ 21 ਤੋਂ 19 ਫਰਵਰੀ ਕਰ ਦਿੱਤੀ ਹੈ, ਤਾਂ ਹਰਨਾਮ ਸਿੰਘ ਉਹਦੇ ਨਾਲ ਫ਼ਿਰੋਜ਼ਪੁਰ ਛਾਉਣੀ ਜਾ ਪਹੁੰਚਾ। ਛਾਉਣੀ ਵਿਚ ਦੇਸੀ ਫ਼ੌ-ਜੀਆਂ ਤੋਂ ਚਾਰ ਦਿਨਾਂ ਲਈ ਹਥਿਆਰ ਰਖਵਾ ਕੇ ਗੋਰੇ ਫ਼ੌਜੀਆਂ ਦਾ ਹਰ ਪਾਸੇ ਪਹਿਰਾ ਲਾ ਦਿੱਤਾ ਸੀ।

20 ਫਰਵਰੀ 1915 ਨੂੰ ਲਾਹੌਰ ਦੇ ਅਨਾਰਕਲੀ ਬਜ਼ਾਰ ਵਿਚ ਤਿੰਨ ਗ਼ਦਰੀਆਂ ਦਾ ਪੁਲਿਸ ਨਾਲ਼ ਭੇੜ ਹੋ ਗਿਆ। ਅਰਜਨ ਸਿੰਘ ਖੁਖਰਾਨਾ ਨੂੰ ਗ੍ਰਿਫ਼ਤਾਰ ਕਰ ਲਿਆ। ਤਲਾਸ਼ੀ ਕਰਨ ਤੇ ਉਹਦੇ ਕੋਲੋਂ ਪਰਚੀ ਮਿਲੀ – 'ਹਰਨਾਮ ਸਿੰਘ ਭਰਾ ਲਛਮਣ ਸਿੰਘ ਕਾਲਾ ਸੰਘਿਆਂ' ਤੇ 23 ਫਰਵਰੀ ਨੂੰ ਪੁਲਿਸ ਹਰਨਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ। ਵਾਅਦਾ ਮੁਆਫ਼ ਗਵਾਹ ਅਨੋਖ ਸਿੰਘ ਦੇ ਨਾ ਪਛਾਣਨ ਕਰਕੇ ਉਹਨੂੰ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਰੱਖਕੇ ਮੁਕੱਦਮਾ ਚਲਾਇਆ ਗਿਆ। ਇਹ ਇਤਫ਼ਾਕ ਹੀ ਸੀ ਕਿ ਹਰਨਾਮ ਸਿੰਘ ਦਾ ਫ਼ੌਜੀ ਪਲਟਣ ਨੰਬਰ 26, ਦੋਸ਼ੀ ਨੰਬਰ 26 ਤੇ ਉਸ ਸਮੇਂ ਉਮਰ 26 ਸਾਲ ਸੀ। 30 ਮਾਰਚ 1916 ਨੂੰ ਸਪੈਸ਼ਲ ਟ੍ਰਿਬਊਨਲ ਦੇ ਤਿੰਨ ਜੱਜਾਂ ਏ ਏ ਇਰਵਨ, ਟੀ ਪੀ ਐਲਿਸ ਤੇ ਸ਼ਿਓ ਨਾਰਾਇਣ ਨੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਈਆਂ: ਹਰਨਾਮ ਸਿੰਘ ਨੂੰ ਉਮਰ ਕੈਦ, ਜਲਾਵਤਨੀ ਤੇ ਜ਼ਮੀਨ ਜਾਇਦਾਦ ਦੀ ਕੁਰਕੀ ਦੀ ਸਜ਼ਾ ਸੁਣਾਈ। ਕਪੂਰਥਲਾ ਰਿਆਸਤ ਦੇ ਰਾਜੇ ਨੇ ਅੰਗਰੇਜ਼ ਹਾਕਮਾਂ ਨੂੰ ਖ਼ੁਸ਼ ਕਰਨ ਲਈ 28 ਪੋਹ ਬਿਕਰਮੀ ਸੰਮਤ 1973 (1916 ਈਸਵੀ) ਨੂੰ ਜ਼ਮੀਨ ਜਾਇਦਾਦ ਜਬਤ ਕਰਨ ਦੀ ਬਜਾਏ ਕੌਡੀਆਂ ਦੇ ਭਾਅ ਨੀਲਾਮ ਕਰਵਾ ਦਿੱਤੀ ਤੇ ਨੀਲਾਮੀ ਦੀ ਕੁੱਲ ਰਕਮ 3024 ਰੁਪਏ 8 ਆਨੇ 9 ਪਾਈ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ।

ਪਹਿਲੇ ਲਾਹੌਰ ਸਾਜਿਸ਼ ਕੇਸ ਵਾਲੇ ਗ਼ਦਰੀਆਂ ਨੇ ਕਾਲੇਪਾਣੀ ਸੈਲਿਊਲਰ ਜੇਲ ਦੇ ਅਧਿਕਾਰੀਆਂ ਨੂੰ ਜੇਲ ਸਖ਼ਤੀਆਂ ਦੇ ਵਿਰੋਧ ਵਿਚ ਅਜਿਹਾ ਸਬਕ ਸਿਖਾਇਆ ਕਿ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਹੋਰ ਕੈਦੀ ਲੈਣ ਤੋਂ ਨਾਂਹ ਕਰ ਦਿੱਤੀ। ਇਸ ਕਰਕੇ ਦੂਜੇ ਸਾਜਿਸ਼ ਕੇਸ ਵਾਲਿਆਂ ਨੂੰ ਹਜ਼ਾਰੀ ਬਾਗ ਜੇਲ (ਪਹਿਲਾਂ ਬਿਹਾਰ, ਹੁਣ ਝਾਰਖੰਡ) ਭੇਜ ਦਿੱਤਾ। ਵਧਾਵਾ ਰਾਮ ਦਰੋਗੇ ਨੇ ਖ਼ੁਰਾਕ ਭੈੜੀ ਕਰ ਦਿੱਤੀ, ਪਰਨੇ, ਗੁਟਕੇ ਖੋਹ ਲਏ, ਗੰਦੀ ਦਾਲ਼ ਸਬਜ਼ੀ, ਗੰਦਾ ਆਟਾ, ਪੀਹਣ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ। ਡੰਡੇ ਬੇੜੀਆਂ, ਟਾਟ ਵਰਦੀਆਂ, ਖੜ੍ਹੀਆਂ ਹੱਥਕੜੀਆਂ ਬੇੜੀਆਂ ਤੇ ਲੋਹੇ ਦੇ ਪਿੰਜਰੇ ਦੀਆਂ ਸਜ਼ਾਵਾਂ ਮਿਲਣ ਲੱਗੀਆਂ।



**ਸੀਤਾ ਰਾਮ ਬਾਂਸਲ**
**91-75892-56092**

**ਜੇਲ ਚੋਂ ਫਰਾਰੀ**

ਸਖ਼ਤੀਆਂ ਤੋਂ ਤੰਗ ਆ ਕੇ ਹਰਨਾਮ ਸਿੰਘ ਸਮੇਤ 18 ਗ਼ਦਰੀ ਦੇਸ਼ ਭਗਤ ਜੇਲੋਂ ਫ਼ਰਾਰ ਹੋ ਗਏ। ਤਿੰਨ ਜਣਿਆਂ ਤੋਂ ਇਲਾਵਾ ਬਾਕੀ 15 ਫੜੇ ਗਏ ਅਤੇ ਦੋ ਸਾਲ ਸਜ਼ਾ ਹੋਰ ਵਧਾ ਦਿੱਤੀ ਗਈ। ਗ਼ਦਰੀਆਂ ਨੇ ਕਲਕੱਤਿਉਂ ਬਦਲ ਕੇ ਆਏ ਗੋਰੇ ਦਰੋਗ਼ੇ ਮੀਕ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ, ਜਦੋਂ 27 ਕੋਠੜੀਆਂ ਦੀਆਂ ਵੱਢੀਆਂ ਸੀਖਾਂ ਹਟਾ ਕੇ ਉਹ ਦਰੋਗ਼ੇ ਸਾਹਮਣੇ ਆ ਹਾਜ਼ਿਰ ਹੋਏ। ਇਸ ਮਗਰੋਂ ਗ਼ਦਰੀ ਕੈਦੀਆਂ ਨਾਲ਼ ਜੇਲ ਅਧਿਕਾਰੀਆਂ ਦਾ ਵਤੀਰਾ ਨਰਮ ਹੋ ਗਿਆ। ਇਸ ਜੇਲ ਤੋਂ ਬਾਅਦ ਰਾਜਮੁੰਦਰੀ (ਮਦਰਾਸ), ਬੈਲੂਰ ਹਾਤਾ, ਲਾਹੌਰ, ਰਾਵਲਪਿੰਡੀ, ਫ਼ਿਰੋਜ਼ਪੁਰ ਤੇ ਜਲੰਧਰ ਜੇਲਾਂ ਵਿਚ 20 ਸਾਲ 9 ਮਹੀਨੇ 17 ਦਿਨ ਰੱਖਕੇ 10 ਦਸੰਬਰ 1935 ਨੂੰ ਰਿਹਾਅ ਕਰ ਦਿੱਤਾ। ਸਜ਼ਾ ਤਾਂ 1929 ਵਿਚ ਹੀ ਪੂਰੀ ਹੋ ਗਈ ਸੀ, ਪਰ ਬਾਬਾ ਹਰਨਾਮ ਸਿੰਘ ਬਾਸ਼ਰਤ ਰਿਹਾਈ ਤੋਂ ਇਨਕਾਰੀ ਸਨ ਤੇ ਆਖ਼ਿਰ ਵਾਇਸਰਾਏ ਨੂੰ ਇਨ੍ਹਾਂ ਵਾਸਤੇ ਖ਼ਾਸ ਹੁਕਮ ਦੇ ਕੇ ਰਿਹਾ ਕਰਨਾ ਪਿਆ। 1940 ਵਿਚ ਸਰਕਾਰ ਵਿਰੁੱਧ ਇਸ਼ਤਿਹਾਰ ਲੱਗੇ ਤਾਂ ਚਾਰ ਦਿਨਾਂ ਲਈ ਜੇਲ ਭੇਜ ਦਿੱਤਾ ਸੀ।

ਰਿਹਾ ਹੋਣ ਤੋਂ ਬਾਅਦ ਪਿੰਡ ਵਾਸੀਆਂ, ਗੁਰੂਦੁਆਰਾ ਸੀਸਗੰਜ ਦਿੱਲੀ, ਅਕਾਲੀ ਦਲ ਤੇ ਗ਼ਦਰ ਪਾਰਟੀ ਕਪੂਰਥਲਾ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਗ਼ਦਰ ਪਾਰਟੀ ਅੰਮ੍ਰਿਤਸਰ, ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਤੇ ਮਾਲਵਾ ਦੀਵਾਨ ਨੇ ਵੱਖ-ਵੱਖ ਸਮੇਂ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਰਿਵਾਰ ਨੂੰ ਦਸ ਰੁਪਏ ਮਹੀਨਾ ਸਹਾਇਤਾ ਮਿਲ਼ਦੀ ਰਹੀ। ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਮਿਲ਼ ਕੇ ਬਾਬਾ ਜੀ ਨੇ ਜ਼ਮੀਨ ਵਾਪਸੀ ਦੀ ਮੰਗ ਕੀਤੀ ਪਰ ਅਸਫਲਤਾ ਮਿਲੀ। ਗਿਆਨੀ ਜ਼ੈਲ ਸਿੰਘ ਨੇ ਤਾਮਰ ਪੱਤਰ ਦਿੱਤਾ। ਬਾਬਾ ਹਰਨਾਮ ਸਿੰਘ ਜੀ 18 ਮਈ 1978 ਨੂੰ ਸਦੀਵੀ ਵਿਛੋੜਾ ਦੇ ਗਏ।

ਇਸ ਲੇਖਕ ਨੇ ਦੋ ਸਾਲ ਦੀ ਮੁਸ਼ੱਕਤ ਨਾਲ ਫ਼ਰਵਰੀ 2004 ਵਿਚ ਕਪੂਰਥਲੇ ਸਦਰ ਕਾਨੂੰਗੋ ਰਿਕਾਰਡ ਦਫ਼ਤਰ ਵਿੱਚੋਂ ਆਪਣੇ ਮਿੱਤਰ ਜੋਗਾ ਸਿੰਘ ਤੇ ਉਸਦੇ ਭਰਾ ਪਟਵਾਰੀ ਮੱਖਣ ਲਾਲ ਦੀ ਮਦਦ ਨਾਲ ਜ਼ਮੀਨ ਜਾਇਦਾਦ ਦੇ ਕਾਗਜ਼ ਕਢਵਾ ਕੇ 'ਗ਼ਦਰੀ ਬਾਬਿਆਂ ਦੇ ਮੁਣਸ਼ੀ' ਆਖੇ ਜਾਂਦੇ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਜੀ ਵੜੈਚ ਨੂੰ ਭੇਜੇ ਸਨ। ਵੜੈਚ ਹੋਰਾਂ ਦੀ ਸਖ਼ਤ ਮਿਹਨਤ ਸਦਕਾ ਇਕੱਠੇ ਕੀਤੇ ਹਨ ਕਈ ਦਸਤਾਵੇਜ਼ਾਂ ਨਾਲ ਕਪੂਰਥਲਾ ਤੋਂ ਪ੍ਰਾਪਤ ਕੀਤੇ ਇਨ੍ਹਾਂ ਕਾਗਜ਼ਾਂ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਪ੍ਰੋਫੈਸਰ ਵੜੈਚ ਜੋ ਕਿ ਵਕੀਲ ਹਨ, ਉਨ੍ਹਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਾਈ ਜਨਹਿਤ ਪਟੀਸ਼ਨ ਸਦਕਾ ਬਾਬਾ ਹਰਨਾਮ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਤੋਂ 35 ਲੱਖ ਰੁਪਏ ਮੁਆਵਜ਼ਾ ਮਿਲਿਆ ਸੀ।

# ਫੋਟੋਗ੍ਰਾਫ਼ਿਕ ਵਰਕਸ਼ਾਪ ਦੇ ਸਿਖਿਆਰਥੀ ਨੇ ਤੀਜੇ ਦਿਨ ਫੀਲਡ 'ਚ ਜਾ ਕੇ ਲੋਕ-ਜੀਵਨ ਨੂੰ ਫ਼ਿਲਮਾਇਆ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੀ ਫੋਟੋਗ੍ਰਾਫ਼ਿਕ ਵਰਕਸ਼ਾਪ ਪੜਾਅ-ਦਰ-ਪੜਾਅ ਅੱਗੇ ਵਧਦੀ ਹੋਈ ਅੱਜ ਤੀਜੇ ਦਿਨ ਸਿਖਿਆਰਥੀਆਂ ਨੂੰ ਕੈਮਰੇ ਲੈ ਕੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਲੋਕਾਂ ਦੇ ਜੀਵਨ ਦੇ ਅਣਗੌਲੇ ਅਤੇ ਅਣਛੋਹੇ ਪੱਖਾਂ ਨੂੰ ਰੌਸ਼ਨੀ 'ਚ ਲਿਆਉਣ ਦੇ ਕਾਰਜ਼ ਵੱਲ ਕਦਮ-ਵਧਾਰਾ ਕਰਨ 'ਚ ਸਫ਼ਲ ਰਹੀ।

ਦੇਸ਼ ਭਰ 'ਚ ਖੇਡਾਂ ਦਾ ਸਾਮਾਨ ਬਣਾਉਣ ਵਾਲੇ ਸ਼ਹਿਰ ਵਜੋਂ ਜਾਣੇ ਜਾਂਦੇ ਜਲੰਧਰ ਦੀਆਂ ਗਰੀਬ ਬਸਤੀਆਂ ਦੇ ਘੁੱਪ ਹਨੇਰੇ ਭਰੇ ਘਰਾਂ ਅੰਦਰ ਦਿਨ ਭਰ ਫੁੱਟਬਾਲਾਂ ਬਣਾ ਕੇ ਮੁਸ਼ਕਲ ਨਾਲ ਹੀ ਪੇਟ ਦੀ ਅੱਗ ਬੁਝਾਉਣ ਜੋਗੀ ਕਮਾਈ ਕਰਨ ਲਈ ਜੂਝਦੀਆਂ ਔਰਤਾਂ ਦੀ ਕਾਲਜੇ ਰੁੱਗ ਭਰਦੀ ਦਾਸਤਾਂ ਨੂੰ ਸਿਖਿਆਰਥੀਆਂ ਨੇ ਕੈਮਰੇ 'ਚ ਕੈਦ ਕਰਕੇ ਲਿਆਂਦਾ।






ਲਤੀਫ਼ਪੁਰਾ ਖੇਤਰ 'ਚ ਜਾ ਕੇ ਉੱਜੜੇ ਘਰਾਂ ਦੀ ਦਾਸਤਾਂ ਨੂੰ ਜ਼ਿਮਨੀ ਚੋਣਾਂ ਦੇ ਸ਼ੋਰ ਸ਼ਰਾਬੇ ਵਿੱਚ ਅਣਗੌਲੀ ਕਰਨ ਅਤੇ ਅੱਜ-ਕੱਲ੍ਹ ਤਿੱਖੜ ਦੁਪਹਿਰਾਂ ਵਿੱਚ ਤਪਦੇ ਭੱਠ ਵਿੱਚ ਵੀ ਜ਼ਿੰਦਗੀ ਦੀਆਂ ਮੁਸ਼ਕਲ ਘੜੀਆਂ ਭੋਗ ਰਹੇ ਪਰਿਵਾਰਾਂ ਨੂੰ ਫ਼ਿਲਮਾਇਆ।

ਪ੍ਰਵਾਸੀ ਕਾਮਿਆਂ ਦੀ ਪੰਜਾਬ ਆਮਦ, ਗਰੀਬੀ ਝੰਬੇ ਪ੍ਰਵਾਸੀਆਂ ਦੇ ਦੁੱਖੜੇ, ਉਹਨਾਂ ਪ੍ਰਤੀ ਫੈਲਾਈ ਜਾ ਰਹੀ ਨਫ਼ਰਤ ਆਦਿ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਲਈ ਸਿਖਿਆਰਥੀ ਟੀਮਾਂ ਨੇ ਰੇਲਵੇ ਸਟੇਸ਼ਨ ਜਲੰਧਰ ਨੂੰ ਕੇਂਦਰ ਵਜੋਂ ਚੁਣਕੇ ਪ੍ਰਵਾਸੀ ਕਾਮਿਆਂ ਨਾਲ ਮੁਲਾਕਾਤਾਂ ਕੀਤੀਆਂ, ਜੋ ਪ੍ਰਵਾਸੀਆਂ ਪ੍ਰਤੀ ਰਵਾਇਤੀ ਅਤੇ ਜ਼ਹਿਰੀ ਪ੍ਰਚਾਰ ਦੀ ਧੁੰਦ ਨੂੰ ਵਗਾਹ ਮਾਰਦੀਆਂ ਹਨ।

ਨਿਵੇਕਲਾ ਤਜ਼ਰਬਾ ਕਰਦਿਆਂ ਵਰਕਸ਼ਾਪ ਦੇ ਅਧਿਆਪਕਾਂ ਨੇ ਸਿਖਿਆਰਥੀਆਂ ਰਾਹੀਂ ਹੀ ਦੇਸ਼ ਭਗਤ ਯਾਦਗਾਰ ਹਾਲ ਅੰਦਰ ਸੇਵਾਵਾਂ ਦੇ ਰਹੇ ਕਾਮਿਆਂ ਦੇ ਪਰਿਵਾਰਾਂ, ਬੱਚਿਆਂ ਦਾ ਫਿਲਮਾਂਕਣ ਕੀਤਾ। ਲਾਇਬ੍ਰੇਰੀ, ਮਿਊਜ਼ੀਅਮ, ਇਤਿਹਾਸ, ਸਾਹਿਤਕ/ਸਭਿਆਚਾਰਕ ਸਰਗਰਮੀਆਂ, ਗ਼ਦਰ ਪਾਰਟੀ ਅਤੇ ਦੇਸ਼ ਭਗਤ ਯਾਦਗਾਰ ਹਾਲ ਦੀ ਇਤਿਹਾਸਕਤਾ ਬਾਰੇ ਵੀ ਤੱਥ ਇਕੱਠੇ ਕਰਕੇ ਅਤੇ ਮੁਲਾਕਾਤਾਂ ਕਰਕੇ ਚੰਦ ਮਿੰਟਾਂ ਦੀ ਦਸਤਾਵੇਜ਼ ਫ਼ਿਲਮ ਅੱਜ ਹੀ ਤਿਆਰ ਕਰਕੇ ਪਰਦੇ 'ਤੇ ਪੇਸ਼ ਕਰਨ ਦਾ ਅਭਿਆਸ ਕਰਵਾਇਆ। ਸੁਧਾਰਕ ਓਲਵੇ, ਰਣਦੀਪ ਮੱਦੋਕੇ, ਨਿਰਵਾਣ ਮੁੰਬਈ ਅਤੇ ਮੋਹਿਲ ਸ਼ਰਮਾ ਸ਼ਿਮਲਾ ਦੀ ਅਣਥੱਕ ਮਿਹਨਤ ਕਰਨ ਵਾਲੀ ਟੀਮ ਨੇ ਸਿਖਿਆਰਥੀਆਂ ਨੂੰ ਸਟਿਲ, ਮੂਵੀ ਕੈਮਰਾ, ਆਡੀਓ ਅਤੇ ਰੌਸ਼ਨੀ ਆਦਿ ਦੀ ਫੋਟੋ ਅਤੇ ਮੂਵੀ ਕਲਾ 'ਚ ਵਰਤੋਂ ਸਿਖਾਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਡਾ. ਸੈਲੇਸ਼ ਨੇ ਕਿਹਾ ਕਿ ਕਮੇਟੀ ਨੂੰ ਪੂਰਨ ਵਿਸ਼ਵਾਸ਼ ਹੈ ਕਿ ਇਹ ਵਰਕਸ਼ਾਪ, ਸਮੇਂ ਦੀ ਲੋੜ; ਨਵੀਂ ਤਕਨੀਕ ਦੀ ਸੁਚੱਜਤਾ ਨਾਲ ਵਰਤੋਂ ਵੱਲ ਪੁਲਾਂਘ ਭਰਨ ਦਾ ਮਹੱਤਵਪੂਰਣ ਕੰਮ ਕਰੇਗੀ।

## ਹੱਸਣਾ

ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ
ਜਿਹੜੇ ਸਾਡੇ ਹਿੱਸੇ ਦੇ ਦੁੱਖ 'ਧਾਮੀ'
ਉਹੋ ਸਾਨੂੰ ਹੀ ਸਹਿਣੇ ਪੈਂਦੇ ਨੇ
ਅੱਖਾਂ ਭਰ ਕੇ ਗੁਜ਼ਾਰਾ ਨਹੀਂ ਹੋਣਾ
ਇਹ ਹੰਝੂ ਕਮਜ਼ੋਰ ਬਣਾ ਹੀ ਲੈਂਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।

ਕੋਈ ਮੁੱਲ ਦੇਣਾ ਪੈਂਦਾ ਨਹੀਂ ਹੱਸਣੇ ਦਾ
ਇਹ ਸੌਦਾ ਸਸਤਾ ਦੁੱਖਾਂ ਤੋਂ ਬਚਣੇ ਦਾ
ਦੂਰ ਸੁੱਟ ਦਿਆ ਕਰ ਟੈਨਸ਼ਨਾਂ ਸਾਰੀਆਂ ਨੂੰ
ਸੱਦਾ ਦਿੰਦੀਆਂ ਜੋ ਅਕਸਰ ਬਿਮਾਰੀਆਂ ਨੂੰ
ਹਰ ਪਲ ਨੂੰ ਖੁਸ਼ੀ ਨਾਲ ਜੀਅ ਸੱਜਣਾ
ਕਿਹਨੂੰ ਪਤਾ ਕਿੰਨੇ ਹੋਰ ਰਹਿੰਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।

ਜਾਚ ਸਿੱਖ ਲੈ ਜਿਊਣ ਦੀ ਪੰਛੀਆਂ ਤੋਂ
ਜੋ ਕੱਚੇ ਆਲ੍ਹਣਿਆਂ 'ਚ ਜ਼ਿੰਦਗੀ ਗੁਜ਼ਾਰਦੇ ਨੇ
ਆਲ੍ਹਣੇ ਉੱਡ ਜਾਂਦੇ ਝੱਖੜ ਹਨੇਰੀਆਂ 'ਚ
ਫੇ ਵੀ ਖੁਸ਼ ਹੋ ਕੇ ਉਡਾਰੀਆਂ ਮਾਰਦੇ ਨੇ
ਚਾਰ ਦਾਣੇ ਖਾਣ ਨੂੰ ਦੇਈ ਜਾਮੀ
ਸ਼ਾਇਦ ਰੱਬ ਨੂੰ ਏਨਾ ਹੀ ਕਹਿੰਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।

ਹੱਸ ਖੇਲ ਕੇ ਜ਼ਿੰਦਗੀ ਲੰਘਾਈ ਜਾਈਏ
ਜਿੱਦਾਂ ਦੀ ਦਿੰਦਾ ਰੱਬ ਉਹੋ ਖਾਈ ਜਾਈਏ
ਜਿਸ ਹਾਲ 'ਚ ਰੱਖਦਾ, ਖੁਸ਼ ਰਹੀਏ
ਤੇ ਉਹਦਾ ਸ਼ੁਕਰ ਹਮੇਸ਼ਾ ਮਨਾਈ ਜਾਈਏ
ਜ਼ਿੰਦਗੀ ਸੌਖੀ ਉਹਨਾਂ ਦੀ ਬਣ ਜਾਂਦੀ
ਜਿਹੜੇ ਉਹਦੀ, ਰਜ਼ਾ ਵਿਚ ਰਹਿੰਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।

ਐਵੇਂ ਹੌਸਲਾ ਛੱਡਣ ਦੀ ਲੋੜ ਨਹੀਂ
ਦਿਲ ਕਰਨਾ ਕਦੇ ਕਮਜ਼ੋਰ ਨਹੀਂ
ਸਭ ਡੋਰਾ ਹੱਥ ਉਸ ਮਾਲਕ ਦੇ
ਤੇ ਤੇਰੇ ਹੱਥ ਵਿਚ ਕੋਈ ਵੀ ਡੋਰ ਨਹੀਂ
ਆਪਾਂ ਰਸ ਲੈ ਮਾਲਕ ਦਿਆਂ ਰੰਗਾਂ 'ਚ
ਰੰਗ ਪੱਕੇ ਬੜੇ, ਫੇ ਨਾ ਲਹਿੰਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।

ਇਸ ਦੁਨੀਆਂ ਤੇ ਤੈਨੂੰ ਨਹੀਂ ਕੋਈ ਲੱਭਣਾ
ਜਿਹਨੂੰ ਦੁੱਖਾਂ ਨੇ ਕਦੇ ਘੇਰਿਆ ਨਹੀਂ
ਕੋਈ ਅੱਖ ਨਹੀਂ ਲੱਭਣੀ ਇੱਥੇ 'ਜੁਗਿੰਦਰਾ'
ਜਿਹਨੇ ਹੰਝੂ ਕਦੇ ਵੀ ਕੇਰਿਆ ਨਹੀਂ
'ਪਿਪਲਾਂਵਾਲੀਆ' ਰੁੱਸ ਨਾ ਜਾਈ ਕਿਤੇ ਹਾਸਿਆਂ ਤੋਂ
ਇਹ ਗੇੜੇ ਸਮੇਂ ਦੇ ਤਾਂ ਚੱਲਦੇ ਰਹਿੰਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ
ਜਿਹੜੇ ਸਾਡੇ ਹਿੱਸੇ ਦੇ ਦੁੱਖ 'ਧਾਮੀ'
ਉਹੋ ਸਾਨੂੰ ਹੀ ਸਹਿਣਾ ਪੈਂਦੇ ਨੇ
ਅੱਖਾਂ ਭਰ ਕੇ ਗੁਜ਼ਾਰਾ ਨਹੀਂ ਹੋਣਾ
ਇਹ ਹੰਝੂ ਕਮਜ਼ੋਰ ਬਣਾ ਹੀ ਲੈਂਦੇ ਨੇ
ਘੜੀ ਪਲ ਤਾਂ ਹੱਸ ਲਿਆ ਕਰ ਸੱਜਣਾ
ਦੁੱਖ ਸੁੱਖ ਤਾਂ ਆਉਂਦੇ ਹੀ ਰਹਿੰਦੇ ਨੇ।



ਜੁਗਿੰਦਰ ਧਾਮੀ
'ਪਿੱਪਲਾਂਵਾਲੀਆ'
530-844-0987

# ਨਾੜ ਦੀ ਅੱਗ ਨਾਲ ਵਾਪਰ ਰਹੀਆਂ ਘਟਨਾਵਾਂ ਚਿੰਤਾਜਨਕ

ਜਗਤਾਰ ਸਿੰਘ ਹਿੱਸੋਵਾਲ

ਪਿਛਲੇ ਦਿਨਾਂ ਤੋਂ ਲਗਾਤਾਰ ਨਾੜ ਨੂੰ ਲਗਾਈ ਜਾ ਰਹੀ ਅੱਗ ਨਾਲ ਵਾਪਰ ਰਹੀਆਂ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਜਿੰਨਾ ਨਾਲ ਮਨ ਵਲੂੰਧਰਿਆ ਜਾ ਰਿਹਾ ਹੈ ਤੇ ਵਾਤਾਵਰਣ ਪ੍ਰੇਮੀਆਂ ਦੀ ਚਿੰਤਾ ਵਿੱਚ ਵਾਧਾ ਹੋ ਰਿਹਾ ਹੈ ਪਰ ਘਟਨਾਵਾਂ ਹੋਰ ਅੱਗੇ ਤੁਰਦੀਆਂ ਜਾ ਰਹੀਆਂ ਹਨ।

ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਾਜਾ ਮਰਾੜ ਵਿੱਚ ਦੁਪਹਿਰ ਵੇਲੇ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਲਾਈ ਅੱਗ ਕਾਰਨ ਪਰਵਾਸੀ ਮਜ਼ਦੂਰ ਪੱਪੂ ਮੰਡਲ ਅਤੇ ਸੰਤੋਸ਼ ਮੰਡਲ ਦੀਆਂ ਝੁੱਗੀਆਂ ਨੂੰ ਅੱਗ ਲੱਗ ਗਈ। ਜਿਸ ਕਾਰਨ ਜਿੱਥੇ ਝੁੱਗੀਆਂ ਵਿੱਚ ਪਿਆ ਸਾਮਾਨ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ, ਉੱਥੇ ਹੀ ਪ੍ਰਵਾਸੀ ਮਜ਼ਦੂਰ ਪੱਪੂ ਮੰਡਲ ਦਾ 1 ਸਾਲਾ ਬੱਚਾ ਵੀ ਅੱਗ ਲੱਗਣ ਕਾਰਨ ਬੁਰੀ ਤਰ੍ਹਾਂ ਸੜ ਗਿਆ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਅੱਗ ਕਾਰਨ ਪੀੜਤ ਪਰਿਵਾਰ ਦੀ ਮੱਝ ਵੀ ਝੁਲਸ ਗਈ ਜਿਸ ਦੀ ਵੀ ਮੌਕੇ ਉੱਤੇ ਹੀ ਮੌਤ ਹੋ ਗਈ।



ਗੁਰਦਾਸਪੁਰ ਦੇ ਪਿੰਡ ਬੂਲੇਵਾਲ ਵਿਚ ਨਾੜ ਨੂੰ ਲਗਾਈ ਅੱਗ ਕਾਰਨ ਇਕ ਖੂਬਸੂਰਤ ਪਾਰਕ ਸੜ ਕੇ ਸੁਆਹ ਹੋ ਗਿਆ। ਇਹ ਪਾਰਕ ਪਿੰਡ ਦੇ ਹੀ ਨਾਰਵੇ 'ਚ ਵਸੇ ਐਨਆਰਆਈ ਨੌਜਵਾਨ ਬੂਲੇਵਾਲ ਵਲੋਂ ਲੱਖਾਂ ਰੁਪਏ ਦਾ ਖਰਚ ਕਰਕੇ ਫਲਾਂ ਅਤੇ ਫੁੱਲਾਂ ਦੇ ਬੂਟੇ ਲਗਾ ਕੇ ਪਿੰਡ ਦੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਪਾਰਕ ਜਿੱਥੇ ਪਿੰਡ ਦੇ ਬੱਚੇ ਬਜ਼ੁਰਗ ਅਤੇ ਲੋਕ ਰੋਜ਼ਾਨਾ ਸੈਰ ਕਰਦੇ ਅਤੇ ਫਿਰ ਫਲਾਂ ਦੇ ਬੂਟਿਆਂ ਤੋਂ ਬਣੇ ਇਸ ਥਾਂ 'ਤੇ ਆਪਣਾ ਸਮਾਂ ਬਿਤਾਉਂਦੇ ਸਨ। ਇਸ ਵਿਚ 500 ਦੇ ਕਰੀਬ ਫਲਾਂ ਅਤੇ ਫੁੱਲਾਂ ਦੇ ਬੂਟੇ ਸੜ ਗਏ ਹਨ। ਅੰਮ੍ਰਿਤਸਰ ਦੇ ਪੁਲਸ ਥਾਣਾ ਲੋਪੋਕੇ ਤੋਂ ਕੁਝ ਦੂਰੀ 'ਤੇ ਖੇਤਾਂ 'ਚ ਨਾੜ ਨੂੰ ਲੱਗੀ ਅੱਗ ਕਾਰਨ ਵਾਪਰੇ ਦਿਲ ਕੰਬਾਅ ਦੇਣ ਵਾਲੇ ਹਾਦਸੇ ਵਿਚ ਇਕ ਮੋਟਰਸਾਈਕਲ ਸਵਾਰ ਬਜ਼ੁਰਗ ਸੁਖਦੇਵ ਸਿੰਘ (65) ਪੁੱਤਰ ਜੋਗਿੰਦਰ ਸਿੰਘ ਵਾਸੀ ਕੋਹਾਲਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਖੇਤਾਂ 'ਚ ਲਗਾਈ ਅੱਗ ਏਨੀ ਭਿਆਨਕ ਸੀ ਕਿ ਉਕਤ ਮੋਟਰਸਾਈਕਲ ਸਵਾਰ ਜ਼ਿੰਦਾ ਹੀ ਸੜ ਗਿਆ।

ਅਜਨਾਲਾ ਦੇ ਨੇੜਲੇ ਪਿੰਡ ਨੇਪਾਲ ਵਿਚ ਅੱਜ ਪਿੰਡ ਦੇ ਹੀ ਇੱਕ ਕਿਸਾਨ ਵੱਲੋਂ ਆਪਣੀ ਜ਼ਮੀਨ ਵਿੱਚ ਕਣਕ ਦੇ ਨਾੜ ਨੂੰ ਲਗਾਈ ਗਈ ਅੱਗ ਦੌਰਾਨ ਖੇਤਾਂ ਵਿਚ ਬਣੀ ਕੋਠੀ ਤੇ ਹੋਰ ਸਮਾਨ ਦਾ ਭਾਰੀ ਨੁਕਸਾਨ ਹੋ ਗਿਆ। ਪੀੜਤ ਕਿਸਾਨ ਗੋਪਾਲ ਸਿੰਘ ਦੀ 20 ਟਰਾਲੀਆਂ ਤੂੜੀ ਅਤੇ ਘਰ ਵਿੱਚ ਰੱਖੇ ਕੋਈ 2 ਲੱਖ ਰੁਪਏ ਅਤੇ ਹੋਰ ਕੀਮਤੀ ਸਾਮਾਨ ਸੜ ਕੇ ਸੁਆਹ ਹੋ ਗਿਆ।

ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤਾਂ 'ਚ ਅੱਗ ਨਾ ਲਾਏ ਜਾਣ ਪ੍ਰਤੀ ਕੀਤੇ ਜਾ ਰਹੇ ਉਪਰਾਲਿਆ ਦੇ ਬਾਵਜੂਦ ਹਰ ਸਾਲ ਵਾਂਗ ਇਸ ਵਾਰ ਵੀ ਖੇਤਾਂ 'ਚ ਕਣਕ ਦੇ ਨਾੜ ਨੂੰ ਅੱਗ ਲਾਉਣ ਦਾ ਰੁਝਾਨ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਹੈ। 1 ਅਪ੍ਰੈਲ ਤੋਂ ਸ਼ੁਰੂ ਹੋਏ ਕਣਕ ਦੀ ਵਾਢੀ ਦੇ ਸੀਜ਼ਨ ਤੋਂ ਲੈ ਕੇ 11 ਮਈ ਤਕ 40 ਦਿਨਾਂ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆ 'ਚ ਕਣਕ ਦੇ ਨਾੜ ਨੂੰ ਅੱਗ ਲਾਉਣ ਦੇ 6777 ਮਾਮਲੇ ਆ ਚੁੱਕੇ ਹਨ। ਇਨ੍ਹਾਂ 'ਚੋਂ ਇਸ ਸੀਜ਼ਨ ਦੇ ਹੁਣ ਤਕ ਸਭ ਤੋਂ ਵੱਧ ਮਾਮਲੇ 11 ਮਈ ਨੂੰ 1554 ਦਰਜ ਕੀਤੇ ਗਏ ਹਨ। ਜੇਕਰ ਪਿਛਲੇ ਸਾਲ ਦੇ ਅੰਕੜਿਆ 'ਤੇ ਝਾਤ ਮਾਰੀ ਜਾਵੇ ਤਾਂ 2022 'ਚ 11 ਮਈ ਤਕ ਕਣਕ ਦਾ ਨਾੜ ਖੇਤਾਂ 'ਚ ਸਾੜਨ ਦੇ 13269 ਮਾਮਲੇ ਆ ਚੁੱਕੇ ਸਨ ਜਦੋਂਕਿ 2021 'ਚ ਇਸ ਮਿਤੀ ਤਕ 7433 ਮਾਮਲੇ ਦਰਜ ਕੀਤੇ ਗਏ ਸਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸੈਟੇਲਾਈਟ ਰਾਹੀਂ ਖੇਤਾਂ 'ਚ ਕਣਕ ਦਾ ਨਾੜ ਸਾੜਨ ਦੇ ਦਰਜ ਕੀਤੇ ਗਏ ਮਾਮਲਿਆ 'ਚੋਂ ਮੋਗਾ ਜ਼ਿਲ੍ਹਾ ਸਭ ਤੋਂ ਮੋਹਰੀ ਹੈ, ਜਿੱਥੇ ਹੁਣ ਤਕ 707 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ ਹਾਲਾਂਕਿ ਪਿਛਲੇ ਸਾਲ ਫਿਰੋਜ਼ਪੁਰ ਜ਼ਿਲਾ ਅੱਗੇ ਸੀ, ਜਿੱਥੇ 1385 ਮਾਮਲੇ ਆਏ ਸਨ।

ਭਾਵੇਂ ਕਿ ਨਾੜ ਨੂੰ ਅੱਗ ਨਾ ਲਗਾਉਣ ਸਬੰਧੀ ਪੰਜਾਬ ਦੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ।ਪਰ ਇਸ ਤੇ ਨਾਂਮਾਤਰ ਹੀ ਅਮਲ ਹੁੰਦਾ ਨਜ਼ਰੀਂ ਆਉਂਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਸੀਂ ਸਿਰਫ਼ ਆਪਣੇ ਹੱਕਾਂ ਅਤੇ ਅਧਿਕਾਰਾਂ ਬਾਰੇ ਜਾਣਦੇ ਹਾਂ। ਅਸੀਂ ਅਜੇ ਵੀ ਸਮਾਜ ਅਤੇ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਨਾਵਾਕਿਫ ਹਾਂ।

ਉਪਰੋਕਤ ਵਾਪਰੀਆਂ ਘਟਨਾਵਾਂ ਪ੍ਰਤੱਖ ਰੂਪ ਵਿੱਚ ਹੁੰਦੇ ਨੁਕਸਾਨ ਨੂੰ ਰੂਪਮਾਨ ਕਰਦੀਆਂ ਹਨ। ਜਿੱਥੇ ਕਿ ਨਾੜ ਨੂੰ ਅੱਗ ਲਗਾਉਣ ਦੇ ਹੋਰ ਵੀ ਬਹੁਤ ਨੁਕਸਾਨ ਹਨ। ਜਿੰਨਾ ਬਾਰੇ ਸੁਚੇਤ ਹੋਣ ਦੀ ਬੇਹੱਦ ਜ਼ਰੂਰਤ ਹੈ। ਨਾੜ ਨੂੰ ਅੱਗ ਲਗਾਉਣ ਨਾਲ ਫ਼ਸਲ ਲਈ ਲੋੜੀਂਦੇ ਮੱਲ੍ਹੜ ਅਤੇ ਆਰਗੈਨਿਕ ਕਾਰਬਨ ਸੜ ਜਾਂਦੇ ਹਨ। ਅੱਗ ਕਾਰਨ ਮਿੱਤਰ ਕੀੜੇ, ਬੈਕਟੀਰੀਆ, ਉੱਲੀ, ਕਾਈ ਅਤੇ ਮਹੀਨ ਕੀੜੇ ਮਰ ਜਾਂਦੇ ਹਨ। ਜੋ ਫ਼ਸਲ ਦੀ ਉਪਜਾਊ ਸ਼ਕਤੀ ਲਈ ਜ਼ਰੂਰੀ ਹੁੰਦੇ ਹਨ। ਇਸ ਤਰ੍ਹਾਂ ਕਰਕੇ ਅਸੀਂ ਧਰਤੀ ਦੀ ਉਪਜਾਊ ਸ਼ਕਤੀ ਲਗਾਤਾਰ ਘਟਾਉਂਦੇ ਘਟਾਉਂਦੇ ਉਸ ਨੂੰ ਬਾਂਝ ਕਰਨ ਦੇ ਰਾਹ ਤੁਰੇ ਹੋਏ ਹਾਂ। ਨਾੜ ਨੂੰ ਅੱਗ ਲਗਾਉਣ ਨਾਲ ਖੇਤਾਂ ਅਤੇ ਸੜਕਾਂ ਕੰਢੇ ਲੱਗੇ ਦਰੱਖ਼ਤ ਲੂਹੇ ਜਾਂਦੇ ਹਨ। ਕਈ ਤਰ੍ਹਾਂ ਦੇ ਪੰਛੀ ਅਤੇ ਜਾਨਵਰ ਵੀ ਅੱਗ ਕਾਰਨ ਜਿਉਂਦਿਆਂ ਸੜ ਜਾਂਦੇ ਹਨ ।

ਧੂੰਏਂ ਤੋਂ ਪੈਦਾ ਹੋਈ ਜ਼ਹਿਰੀਲੀ ਗੈਸ ਵਾਤਾਵਰਨ ਨੂੰ ਗੰਧਲਾ ਕਰਦੀ ਹੈ।ਇਸ ਨਾਲ ਸਾਹ ਦੇ ਮਰੀਜ਼ਾਂ, ਗਰਭਵਤੀ ਔਰਤਾਂ ਅਤੇ ਉਨ੍ਹਾਂ ਦੇ ਪੇਟ ਵਿੱਚ ਪਲ ਰਹੇ ਬੱਚਿਆਂ ਤੇ ਮਾੜਾ ਅਸਰ ਪੈਂਦਾ ਹੈ। ਇਸ ਨਾਲ ਕਈ ਵਾਰ ਦਮਾਂ, ਖੰਘ, ਫੇਫੜਿਆਂ ਦਾ ਕੈਂਸਰ ਅਤੇ ਸਾਹ ਨਲੀ ਵਿੱਚ ਸੋਜ ਵਰਗੀਆਂ ਬਿਮਾਰੀਆਂ ਚਿੰਬੜ ਜਾਂਦੀਆਂ ਹਨ ਕਿ ਬੰਦਾ ਉਮਰ ਭਰ ਲਈ ਦਵਾਈਆਂ ਤੇ ਲੱਗ ਜਾਂਦਾ ਹੈ। ਪੰਜਾਬ ਸਿੱਖਾਂ ਦੀ ਬਹੁਗਿਣਤੀ ਵਾਲਾ ਸੂਬਾ ਹੈ।

ਜਿੱਥੇ ਅਸੀਂ ਸੁਭਾ ਸ਼ਾਮ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਰਗੇ ਪਾਵਨ ਮੁੱਖ ਵਾਕ ਕਈ ਵਾਰ ਦੁਹਰਾਉਂਦੇ ਹਾਂ। ਪਰ ਅਮਲ ਨਹੀਂ ਕਰਦੇ। ਅਸੀਂ ਹਵਾ ਨੂੰ ਵੀ ਪਲੀਤ ਕਰ ਦਿੱਤਾ ਹੈ, ਪਾਣੀ ਵੀ ਪੀਣਯੋਗ ਨਹੀਂ ਰਹਿਣ ਦਿੱਤਾ ਹੈ ਅਤੇ ਧਰਤੀ ਦੀ ਕੁੱਖ ਨੂੰ ਲੂਹ ਦਿੱਤਾ ਹੈ। ਕੀ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਤੌਹੀਨ ਨਹੀਂ ਹੈ ? ਇਸ ਵੱਲ ਵੀ ਗੌਰ ਕਰਨ ਦੀ ਲੋੜ ਹੈ। ਖੇਤੀਬਾੜੀ ਮਾਹਰਾਂ ਵਲੋਂ ਨਾੜ ਦੀ ਸਮੱਸਿਆ ਦੇ ਕਾਫ਼ੀ ਸਾਰੇ ਹੱਲ ਸੁਝਾਏ ਗਏ ਹਨ ਜਿਸ ਅਨੁਸਾਰ ਬਹੁਤ ਸਾਰੇ ਕਿਸਾਨ ਨਾੜ ਨੂੰ ਅੱਗ ਨਾ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਵਿੱਚ ਆਪਣਾ ਰੋਲ ਅਦਾ ਕਰ ਰਹੇ ਹਨ। ਪਰ ਬਹੁਤ ਸਾਰੇ ਕਿਸਾਨਾਂ ਦਾ ਇੱਕ ਤਰਕ ਹੁੰਦਾ ਹੈ ਕਿ ਉਹਨਾਂ ਕੋਲ ਨਾੜ ਦਾ ਕੋਈ ਸੌਖਾ ਤੇ ਆਸਾਨ ਬਦਲ ਨਹੀਂ ਹੈ।

ਇਸ ਤੇ ਕਿਸਾਨ, ਸਰਕਾਰ, ਖੇਤੀਬਾੜੀ ਮਾਹਿਰਾਂ ਅਤੇ ਬੁੱਧੀਜੀਵੀਆਂ ਨੂੰ ਰਲ਼ ਕੇ ਵਿਚਾਰ ਕਰਨੀ ਚਾਹੀਦੀ ਹੈ। ਨਹੀਂ ਤਾਂ ਆਏ ਸਾਲ ਹੀ ਅਜਿਹੀਆਂ ਦੁਖਾਂਤਕ ਘਟਨਾਵਾਂ ਵਾਪਰਦੀਆਂ ਰਹਿਣਗੀਆਂ, ਵਾਤਾਵਰਣ ਪ੍ਰਦੂਸ਼ਿਤ ਹੁੰਦਾ ਰਹੇਗਾ ਅਤੇ ਧਰਤੀ ਮਾਂ ਦੀ ਕੁੱਖ ਵੀ ਦਿਨੋ-ਦਿਨ ਬਾਂਝ ਹੁੰਦੀ ਚਲੀ ਜਾਵੇਗੀ। ਆਓ ਇਨਸਾਨੀਅਤ ਤੇ ਪਰਉਪਕਾਰ ਕਰੀਏ, ਧਰਤੀ ਤੇ ਰਹਿਮ ਕਰੀਏ, ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ ਤਾਂ ਕਿ ਧਰਤੀ ਤੇ ਜ਼ਿੰਦਗੀ ਧੜਕਦੀ ਰਹੇ।

### ਮਿੰਨੀ ਕਹਾਣੀ

# ਰਮਨ ਪਤੰਗਾਂ ਦੀ ਦੁਕਾਨ ਕੋਲ ਜਾ ਖੜ੍ਹਿਆ



ਬਲਜਿੰਦਰ ਕੌਰ ਸ਼ੇਰਗਿੱਲ
91-98785-19278

ਇੱਕ ਦਿਨ ਦੀ ਗੱਲ ਹੈ ਕਿ ਆਸਮਾਨ ਵਿੱਚ ਬਹੁਤ ਸਾਰੇ ਪਤੰਗ ਉੱਡ ਰਹੇ ਸੀ।ਰਮਨ ਦਾ ਧਿਆਨ ਇੱਕ ਦਮ ਆਸਮਾਨ ਵੱਲ ਗਿਆ। ਰਮਨ ਦਾ ਵੀ ਦਿਲ ਕਰਿਆ ਕਿ ਮੈਂ ਵੀ ਆਸਮਾਨ ਵਿਚ ਪਤੰਗ



ਚੜ੍ਹਾਵਾਂ। ਰਮਨ ਥੋੜਾ ਸੋਚਣ ਲੱਗ ਪਿਆ, ਕਿਉਂਕਿ ਉਸ ਕੋਲ ਤਾਂ ਪਤੰਗ ਲੈਣ ਲਈ ਪੈਸੇ ਹੀ ਨਹੀਂ ਸੀ। ਰਮਨ ਘਰ ਤੋਂ ਬਾਹਰ ਆਇਆ, ਪਿੰਡ ਵਿਚ ਇੱਕ ਦੁਕਾਨ ਸੀ। ਉਸ ਦੁਕਾਨ 'ਤੇ ਪਤੰਗ ਬਹੁਤ ਸਾਰੇ ਟੰਗੇ ਹੋਏ ਸੀ। ਹੁਣ ਰਮਨ ਪਤੰਗਾਂ ਦੀ ਦੁਕਾਨ ਕੋਲ ਜਾ ਖੜ੍ਹਿਆ। ਰਮਨ ਕਦੇ ਆਸਮਾਨ ਵੱਲ ਦੇਖਦਾ ਤੇ ਕਦੇ ਪਤੰਗਾਂ ਦੀ ਦੁਕਾਨ ਵੱਲ ਦੇਖੀਂ ਜਾਵੇ। ਉਹ ਪਤੰਗਾਂ ਦੇ ਬਿਲਕੁਲ ਸਾਹਮਣੇ ਖੜ੍ਹਾ ਹੋ ਦੇ ਬਾਵਜੂਦ ਵੀ ਇੱਕ ਪਤੰਗ ਨਹੀਂ ਸੀ ਚੁੱਕ ਸਕਦਾ ਕਿਉਂਕਿ ਦੁਕਾਨ ਵਾਲੇ ਨੂੰ ਦੇਣ ਲਈ ਉਸ ਕੋਲ ਪੈਸੇ ਹੀ ਨਹੀਂ ਸੀ।

ਆਖਿਰਕਾਰ ਦੁਕਾਨਦਾਰ ਨੇ ਦੁਕਾਨ ਅੱਗੇ ਖੜ੍ਹੇ ਰਮਨ ਨੂੰ ਕਾਫ਼ੀ ਸਮੇਂ ਤੋਂ ਦੇਖ ਰਿਹਾ ਸੀ। ਉਸ ਨੇ ਰਮਨ ਨੂੰ ਦੁਕਾਨ ਅੱਗੇ ਖੜ੍ਹਿਆ ਦੇਖ ਕੇ ਆਵਾਜ਼ ਦੇ ਕੇ ਕੋਲ ਬੁਲਿਆ। ਉਸ ਰਮਨ ਨੂੰ ਪੁੱਛਿਆ ਕਿ ਤੈਨੂੰ ਕੀ ਚਾਹੀਦਾ ਹੈ ਬੱਚੇ । ਰਮਨ ਉਸੇ ਵਕਤ ਬੋਲ ਪਿਆ ਕਿ ਮੈਂ ਪਤੰਗ ਉਡਾਣੀ ਹੈ, ਮੈਨੂੰ ਪਤੰਗ ਚਾਹੀਦੀ ਹੈ । ਦੁਕਾਨਦਾਰ ਨੇ ਬੱਚੇ ਦੀ ਮਾਸੂਮੀਅਤ ਦੇਖ ਕੇ ਰਮਨ ਨੂੰ ਗਲ ਨਾਲ ਲਾਇਆ, ਤੇ ਫੇਰ ਉਸ ਨੂੰ ਇੱਕ ਪਤੰਗ ਉਤਾਰ ਕੇ ਦੇ ਦਿੱਤੀ। ਰਮਨ ਬਹੁਤ ਖੁਸ਼ ਹੋਇਆ । ਉਸ ਦੇ ਚਾਅ ਦੇਖ ਕੇ ਦੁਕਾਨਦਾਰ ਦਾ ਮਨ ਡੋਲ ਗਿਆ ਤੇ ਆਖਣ ਲੱਗਾ ਬੱਚੇ ਤਾਂ ਰੱਬ ਦਾ ਰੂਪ ਹੁੰਦੇ ਨੇ। ਉਨ੍ਹਾਂ ਦੇ ਚਾਆਂ ਨੂੰ ਪੂਰੇ ਕਰਨਾ ਸਾਡੀ ਸਭ ਦੇ ਜ਼ਿੰਮੇਵਾਰੀ ਬਣਦੀ ਹੈ । ਭਾਵੇਂ ਉਸ ਚੀਜ਼ ਦਾ ਮੋਲ ਬਹੁਤਾ ਹੋਵੇ ਜਾ ਘੱਟ ਹੋਵੇ ।

ਅੰਤ, ਬੱਚਿਆਂ ਨੂੰ ਬਾਜ਼ਾਰੀ ਕੀਮਤਾਂ ਦਾ ਭਾਵੇਂ ਨਾ ਪਤਾ ਹੋਵੇ ਪਰ ਬੱਚੇ ਮਨ ਦੇ ਸੱਚੇ ਹੁੰਦੇ ਨੇ, ਜਿਹਨਾਂ ਦੇ ਭੋਲੇਪਨ ਨੂੰ ਦੇਖ ਕੇ ਤਾਂ ਰੱਬ ਵੀ ਖੁਸ਼ ਹੋ ਜਾਂਦਾ ਹੈ। ਫੇਰ ਅਸੀਂ ਤਾਂ ਇਨਸਾਨ ਹਾਂ।

# ਸੰਘਰਸ਼ ਭਰੀ ਸਦੀ ਦਾ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ

ਗ਼ਦਰ ਲਹਿਰ ਦੇ ਆਖ਼ਰੀ ਜਰਨੈਲ ਅਤੇ ਉੱਘੇ ਚਿੰਤਕ ਬਾਬਾ ਭਗਤ ਸਿੰਘ ਬਿਲਗਾ ਦੁਆਬੇ ਦੇ ਪ੍ਰਸਿੱਧ ਪਿੰਡ ਬਿਲਗਾ, ਜ਼ਿਲ੍ਹਾ ਜਲੰਧਰ ਦੇ ਜੰਮਪਲ ਸਨ।ਉਹਨਾਂ ਦਾ ਜਨਮ ਇਸੇ ਪਿੰਡ ਵਿੱਚ 2 ਅਪ੍ਰੈਲ 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਪੱਤੀ ਭਲਾਈ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ। ਆਪ ਆਪਣੇ ਭੈਣਾਂ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਇਹਨਾਂ ਤੋਂ ਵੱਡੇ ਇਹਨਾਂ ਦੇ ਇੱਕ ਭਰਾ ਚੌਧਰੀ ਰਾਮ ਬਖਸ਼ ਤੇ ਇਹਨਾਂ ਦੇ ਬਾਪ ਦੇ ਪਹਿਲੇ ਵਿਆਹ ਤੋਂ ਦੋ ਭੈਣਾਂ ਸਨ। ਇਹ ਅਜੇ ਦੋ ਸਾਲਾਂ ਦੇ ਵੀ ਨਹੀਂ ਸਨ ਹੋਏ ਕਿ ਇਹਨਾਂ ਦੇ ਬਾਪ ਦੀ ਅਕਾਲ ਮ੍ਰਿਤੂ ਦਾ ਕਹਿਰ ਪਰਿਵਾਰ 'ਤੇ ਟੁੱਟ ਪਿਆ। ਘਰ ਦਾ ਕਮਾਊ ਅੱਧਵਾਟੇ ਛੱਡ ਕੇ ਤੁਰ ਗਿਆ ਤਾਂ ਇਹਨਾਂ ਦੀ ਮਾਤਾ ਨੂੰ ਪਰਿਵਾਰ ਦੀ ਪਰਵਰਿਸ਼ ਲਈ ਸਖ਼ਤ ਮਿਹਨਤ ਕਰਨੀ ਪਈ ਪਰ ਫੇਰ ਵੀ ਪੂਰੀ ਨਾ ਪਈ ਅਤੇ ਅਖੀਰ ਘਰ ਘਾਟ ਤਕ ਵੀ ਗਰਵੀ ਰੱਖਣਾ ਪਿਆ। ਭਗਤ ਸਿੰਘ ਬਿਲਗਾ ਬਚਪਨ ਵਿੱਚ ਮਾਲਵੇ ਦੇ ਪਿੰਡ ਅਜੀਤ ਵਾਲ ਆਪਣੀ ਮਾਸੀ ਕੋਲ ਰਹਿ ਕੇ ਨੇੜਲੇ ਪਿੰਡ ਚੂਹੜ ਚੱਕ ਪੜ੍ਹਦੇ ਰਹੇ। ਉੱਥੋਂ ਮਿਡਲ ਪਾਸ ਕਰਕੇ ਉਹਨਾਂ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਘਰ ਦੀ ਗ਼ਰੀਬੀ ਕੱਟਣ ਖਾਤਿਰ ਵਿਦੇਸ਼ ਕਮਾਈ ਕਰਨ ਲਈ ਉਹ ਪਹਿਲਾਂ ਜਪਾਨ ਤੇ ਫਿਰ ਅਰਜਨਟਾਈਨਾ ਪਹੁੰਚੇ ਪਰ ਉਥੇ ਵੱਸਦੇ ਪੰਜਾਬੀ ਦੇਸ਼ ਭਗਤਾਂ ਦੇ ਅਸਰ ਨੇ ਘਰ ਦੀ ਗ਼ਰੀਬੀ ਦੀ ਥਾਂ ਦੇਸ਼ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਾਲੇ ਪਾਸੇ ਤੋਰ ਲਿਆ।

ਬਾਬਾ ਭਗਤ ਸਿੰਘ ਬਿਲਗਾ 2 ਅਪ੍ਰੈਲ 1907 ਤੋਂ 22 ਮਈ 2009 ਤਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰੇ ਹਨ। ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖਿਲਾਫ਼ ਵਿਦਰੋਹੀ ਜੀਵਨ ਦਾ ਆਗਾਜ਼ ਉਹਨਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ ਜਦ ਵਾਇਸਰਾਏ ਦੀ ਸਕੂਲ ਫੇਰੀ 'ਤੇ ਇਹਨਾਂ ਨੇ ਹਿਪ ਹਿਪ ਹੁਰਰਓ ਕਹਿਣ ਦੀ ਥਾਂ ਵਾਇਸਰਾਏ ਹਾਏ ਹਾਏ ਕਹਿ ਕੇ ਸਕੂਲ ਹੈੱਡਮਾਸਟਰ ਦੀ ਬੈਂਤਾਂ ਦੀ ਸਜ਼ਾ ਕਬੂਲ ਕੀਤੀ। ਘਰ ਦੀ ਗ਼ਰੀਬੀ ਧੋਣ ਲਈ ਕਮਾਈ ਕਰਨ ਲਈ ਉਹ ਵਿਦੇਸ਼ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਦੀ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣ ਕੇ ਭਾਰਤੀਆਂ ਨੂੰ ਦੇਸ਼ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਜੱਥੇਬੰਦ ਕਰਨ ਲੱਗ ਪਏ। ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗੁਰੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਉਹਨਾਂ ਨੇ 1934 ਤੋਂ 1936 ਤਕ ਕਲੱਕਤੇ, ਕਾਨਪੁਰ ਅਤੇ ਪੰਜਾਬ ਦੀਆਂ ਕ੍ਰਾਂਤੀਕਾਰੀ ਸੰਸਥਾਵਾਂ ਵਿੱਚ ਤਨਦੇਹੀ ਨਾਲ ਕੰਮ ਕੀਤਾ। ਬਾਬਾ ਜੀ ਨੂੰ ਗ੍ਰਿਫਤਾਰੀ ਤੋਂ ਬਾਅਦ ਲਾਹੌਰ ਦੇ ਕਿਲੇ ਵਿੱਚ ਦੋ ਮਹੀਨੇ ਅਣ ਮਨੁੱਖੀ ਤਸੀਹੇ ਦਿੱਤੇ ਗਏ ਅਤੇ ਰਿਹਾਈ ਉਪਰੰਤ ਇੱਕ ਸਾਲ ਲਈ ਪਿੰਡ ਬਿਲਗਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਬਿਲਗਾ ਜੀ ਨੂੰ 1938 ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦਾ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਾਹੌਰ ਦਾ ਮੈਂਬਰ, ਆਲ ਇੰਡੀਆ ਕਾਂਗਰਸ ਕਮੇਟੀ ਦਾ ਮੈਂਬਰ ਚੁਣਿਆ ਗਿਆ ਅਤੇ ਉਹਨਾਂ ਨੇ ਕਾਂਗਰਸ ਦੇ ਗੁਜਰਾਤ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੂੰ 1939 ਵਿੱਚ ਕੈਂਬਲਪੁਰ ਜੇਲ੍ਹ ਵਿੱਚ ਤਿੰਨ ਸਾਲ ਬਤੌਰ ਜੰਗੀ ਕੈਦੀ ਰੱਖਿਆ ਗਿਆ। 1942 ਵਿੱਚ ਰਿਹਾ ਹੋਣ 'ਤੇ ਲੁਧਿਆਣੇ ਸਰਕਾਰ ਵਿਰੁੱਧ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿੱਚ ਉਹਨਾਂ ਨੂੰ ਇੱਕ ਸਾਲ ਲਈ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। 1947-48 ਵਿੱਚ ਫਿਰਕੂ ਵੰਡ ਦਾ ਵਿਰੋਧ ਕਰਨ 'ਤੇ ਆਜ਼ਾਦ ਭਾਰਤ ਦੀ ਸਰਕਾਰ ਨੇ ਬਾਬਾ ਭਗਤ ਸਿੰਘ ਬਿਲਗਾ ਜੀ ਨੂੰ ਇੱਕ ਸਾਲ ਲਈ ਧਰਮਸ਼ਾਲਾ ਦੀ ਯੋਲ ਕੈਂਪ ਜੇਲ੍ਹ ਵਿੱਚ ਡੱਕ ਦਿੱਤਾ। 1959 ਵਿਚ ਖੁਸ਼ ਹੈਸੀਅਤੀ ਟੈਕਸ ਦੇ ਵਿਰੋਧ ਵਿੱਚ ਸੰਘਰਸ਼ ਕਰਨ 'ਤੇ ਪੰਜਾਬ ਦੀ ਕੈਰੋਂ ਸਰਕਾਰ ਨੇ ਫਿਰ ਬਾਬਾ ਬਿਲਗਾ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਹਨਾਂ ਨੂੰ 1971 ਵਿੱਚ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਵਿਰੋਧ ਕਰਨ 'ਤੇ 4 ਮਹੀਨੇ ਪਟਿਆਲੇ ਜੇਲ੍ਹ ਵਿੱਚ ਕੈਦ ਰੱਖਿਆ ਗਿਆ। ਉਹਨਾਂ ਦੇ ਆਖਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜਲ੍ਹਿਆਂ ਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫਰਾਂ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸੰਬੰਧੀ ਕੀਤੇ ਰੋਸ ਮਾਰਚ ਨੂੰ ਉਹਨਾਂ ਦੇ ਵਿਦਰੋਹੀ ਜੀਵਨ ਦਾ ਆਖਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ, ਨਾਬਰਾਬਰੀ, ਬੇਗਾਨਗੀ ਤੇ ਸ਼ੋਸ਼ਣ ਦੇ ਖਿਲਾਫ਼ ਸੰਘਰਸ਼ ਕਰਨ ਦੇ ਨਾਲ ਨਾਲ ਉਮਰ ਭਰ ਰੰਗ, ਨਸਲ, ਧਰਮ ਤੇ ਜਾਤੀ ਵਿਤਰਕੇ ਦੇ ਖਿਲਾਫ਼ ਵੀ ਨਿਰੰਤਰ ਅਤੇ ਪੂਰੀ ਤਨਦੇਹੀ ਨਾਲ ਜੱਦੋ-ਜਹਿਦ ਕੀਤੀ।ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਿਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿ-ੱਤੀਆਂ ਵੱਡਮੁਲੀਆਂ ਸੇਵਾਵਾਂ ਦੇ ਇਵਜ਼ ਵਿੱਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸੁਵਿਧਾ ਪ੍ਰਵਾਨ ਨਹੀਂ ਕੀਤੀ ਪਰ ਉਹਨਾਂ ਨੂੰ ਦੁਨੀਆ ਭਰ ਵਿੱਚੋਂ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨ ਅਤੇ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਹਨਾਂ ਨੇ ਇੱਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਸਲਾ ਅਤੇ ਬਹਾਦੁਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਹਨਾਂ ਨੂੰ ਮਰਨ ਉਪਰਾਂਤ 'ਪੰਜਾਬ ਰਤਨ' ਦਾ ਖਿਤਾਬ ਦੇਕੇ ਸਨਮਾਨਿਤ ਕੀਤਾ। ਇਸ ਵਿੱਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਹਨਾਂ ਦੇ ਪਰਿਵਾਰ ਨੇ ਇਸ ਨੂੰ ਸਵੀਕਾਰ ਕੀਤਾ।



ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆਂ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇੱਕ ਕਰ ਦਿੱਤਾ। ਦੇਸ਼ਾਂ-ਵਿਦੇਸ਼ਾਂ ਤੋਂ ਉਗਰਾਹੀਆਂ ਕੀਤੀਆਂ ਤੇ ਆਪਣੀ ਨਿਗਰਾਨੀ ਹੇਠ ਇਸ ਵਿਸ਼ਾਲ ਯਾਦਗਾਰ ਦਾ ਨਿਰਮਾਣ ਕਰਵਾਇਆ ਤੇ ਫਿਰ ਇਸ ਨੂੰ ਅਗਾਂਹਵਧੂ ਤੇ ਧਰਮ ਨਿਰਪੱਖ ਲੋਕਾਂ ਦੇ ਮੰਚ ਵਜੋਂ ਸਥਾਪਿਤ ਕੀਤਾ। ਉਨ੍ਹਾਂ ਨੇ ਆਪ ਸੈਮੀਨਾਰ ਕਰਵਾ ਕੇ, ਕਾਨਫਰੰਸਾਂ ਕਰਵਾ ਕੇ, ਨਾਟਕ ਮੇਲੇ ਕਰਵਾ ਕੇ ਤੇ ਚੇਤਨਾ ਰੈਲੀਆਂ ਕੱਢ ਕੇ ਦੇਸ਼ ਵਾਸੀਆਂ ਨੂੰ ਜਾਗਰੂਕ ਕੀਤਾ।

ਬਾਬਾ ਜੀ ਨੇ ਜਿਥੇ ਸਮੁੱਚੇ ਦੇਸ਼ ਅਤੇ ਸਮੁੱਚੀ ਅਗਾਂਹਵਧੂ ਲਹਿਰ ਲਈ ਸੁਹਿਰਦਤਾ ਨਾਲ ਕੰਮ ਕੀਤਾ ਉੱਥੇ ਉਹਨਾਂ ਨੇ ਆਪਣੇ ਆਲੇ-ਦੁਆਲੇ ਦੇ ਸਰਵਪੱਖੀ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਉਹਨਾਂ ਨੇ ਆਪਣੀ ਜਵਾਨੀ ਵਿੱਚ ਹੀ ਭਾਵ 1935-36 ਵਿੱਚ ਬਿਲਗੇ ਦੇ ਬੱਚਿਆਂ ਲਈ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲੜਕੀਆਂ ਦਾ ਸਕੂਲ ਖੁੱਲ੍ਹਵਾਇਆ ਅਤੇ ਖੁਦ ਉਸਦੀ ਨਿਗਰਾਨੀ ਕੀਤੀ। ਉਹਨਾਂ ਨੇ 1953 ਵਿੱਚ ਬਿਲਗੇ ਵਿਖੇ ਲੜਕਿਆਂ ਦਾ ਹਾਈ ਸਕੂਲ ਖੁੱਲ੍ਹਵਾਇਆ। ਉਹ ਲੜਕੀਆਂ ਦੇ ਕਾਲਜ ਦੀ ਲੋੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਰਹੇ ਉਹਨਾਂ ਨੇ ਇਲਾਕੇ ਵਿੱਚ

-ਪ੍ਰੋ. ਗੋਪਾਲ ਸਿੰਘ ਬੁੱਟਰ
91-99150 05814

1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ 'ਤੇ ਖੁੱਲ੍ਹੇ 'ਗੁਰੂ ਨਾਨਕ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ' ਤੇ ਗੁਰੂ ਗੋਬਿੰਦ ਸਿੰਘ ਕਾਲਜ, ਜੰਡਿਆਲਾ, ਮੰਜਕੀ ਦੇ ਨਿਰਮਾਣ ਤੇ ਸੰਚਾਲਨ ਵਿੱਚ ਯੋਗਦਾਨ ਪਾਇਆ। ਉਹਨਾਂ ਆਪਣੀ ਉਮਰ ਦੇ ਆਖਰੀ ਪੜਾਅ ਵਿੱਚ ਕਾਮਰੇਡ ਕਰਤਾਰ ਸਿੰਘ ਦੀ ਬਹੁ ਕੀਮਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾ ਕੇ ਵਿਦੇਸ਼ੀ ਵੀਰਾਂ ਦੀ ਸਹਾਇਤਾ ਨਾਲ ਕਰੋੜਾਂ ਰੁਪਇਆਂ ਦੀ ਲਾਗਤ ਵਾਲਾ ਵੱਡ ਆਕਾਰੀ 'ਜਨਰਲ ਹਸਪਤਾਲ ਬਿਲਗਾ' ਬਿਲਗਾ ਨੂਰਮਹਿਲ ਰੋਡ 'ਤੇ ਬਾਬਾ ਰਹਿਮਤ ਸ਼ਾਹ ਦੀ ਦਰਗਾਹ ਦੇ ਨਜ਼ਦੀਕ ਬਣਵਾਉਣ ਵਿੱਚ ਯੋਗਦਾਨ ਪਾਇਆ, ਜਿਸਦਾ ਨੀਂਹ ਪੱਥਰ 13 ਅਪ੍ਰੈਲ 2000 ਈ. ਨੂੰ ਵਿਸਾਖੀ ਵਾਲੇ ਦਿਨ ਰੱਖਿਆ ਗਿਆ।

ਬਾਬਾ ਬਿਲਗਾ ਜੀ ਨੇ ਜਿੱਥੇ ਆਜ਼ਾਦੀ ਦੀ ਲੜਾਈ ਅਤੇ ਲੋਕ ਹਿਤਾਇਸ਼ੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ, ਉੱਥੇ ਉਹਨਾਂ ਨੇ ਲੋਕ ਹਿਤਾਇਸ਼ੀ ਲਹਿਰ ਅਤੇ ਇਸਦੇ ਨਾਇਕਾਂ ਨਾਲ ਸੰਬੰਧਿਤ ਇਤਿਹਾਸਿਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ।

ਉਹਨਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', 'ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ" ਅਤੇ ਅਖ਼ਬਾਰਾਂ ਰਸਾਲਿਆਂ ਵਿੱਚ ਛੱਪਣ ਵਾਲੇ ਉਹਨਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸੰਬੰਧਿਤ ਮਹੱਤਵਪੂਰਨ ਦਸਤਾਵੇਜ ਹਨ।

# ਮੌਜੂਦਾ ਖੇਤੀ ਨੂੰ ਲੋੜੀਂਦਾ ਮੋੜਾ, ਪੁਨਰ-ਜਨਕ ਖੇਤੀ !

ਗੋਬਿੰਦਰ ਸਿੰਘ

ਸਮਾਂ ਆਪਣੀ ਚਾਲ ਚੱਲਦਾ ਜਾਂਦਾ ਹੈ, ਸੋ ਜ਼ਰੂਰੀ ਹੁੰਦਾ ਹੈ ਸਮੇਂ ਦੀ ਨਬਜ਼ ਨੂੰ ਪਛਾਣ-ਦਿਆਂ ਸਮੇਂ ਦਾ ਹਾਣੀ ਹੋਣਾ ਅਤੇ ਲੋੜੀਂਦੇ ਬਦਲਾਅ ਨੂੰ ਅਪਣਾਉਣਾ। ਜੋ ਸਮੇਂ ਤੇ ਬਦਲਾਅ ਨੂੰ ਨਹੀਂ ਅਪਣਾਉਂਦੇ ਉਹ ਸਮੇਂ ਦੀ ਪ੍ਰਾਸੰਗਿਕਤਾ ਤੋਂ ਪਿਛੜ ਜਾਂਦੇ ਹਨ।

ਹਰੇ ਇਨਕਲਾਬ ਜਾਂ ਹਰੀ ਕ੍ਰਾਂਤੀ ਨੇ ਭਾਰਤ ਨੂੰ ਭੁੱਖਮਰੀ ਤੋਂ ਬਚਾ ਲਿਆ ਪਰੰਤੂ ਇਸ ਇਨਕਲਾਬ ਨੇ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਭੂਮੀ ਜਲ ਦੀ ਵਰਤੋਂ ਕਰਨ ਵਾਲਾ ਦੇਸ਼ ਬਣਾ ਦਿੱਤਾ।ਸੰਯੁਕਤ ਰਾਸ਼ਟਰ ਨੇ ਆਪਣੀ 'ਵਿਸ਼ਵ ਜਲ ਵਿਕਾਸ ਰਿਪੋਰਟ 2022' ਵਿੱਚ ਇਸ ਤੱਥ ਦਾ ਖੁਲਾਸਾ ਕੀਤਾ ਕਿ ਭਾਰਤ ਵਿੱਚ ਹਰ ਸਾਲ ਦੁਨੀਆਂ ਦਾ ਭੂ-ਜਲ ਨਿਕਾਸੀ ਦਾ ਇੱਕ-ਚੌਥਾਈ (251 ਕਿਊਬਿਕ ਕਿਮੀ) ਹਿੱਸਾ ਕੱਢਿਆ ਜਾਂਦਾ ਹੈ ਅਤੇ ਭੂਮੀ ਜਲ ਦੇ ਇਸ ਹਿੱਸੇ ਦੇ 90 ਫੀਸਦੀ ਪਾਣੀ ਦੀ ਵਰਤੋਂ ਖੇਤੀਬਾੜੀ ਵਿੱਚ ਕੀਤੀ ਜਾਂਦੀ ਹੈ।



ਮੌਜੂਦਾ ਸਮੇਂ ਵਿੱਚ ਭਾਰਤੀ ਮਿੱਟੀ ਵਿੱਚ ਜੈਬਿਕ ਕਾਰਬਨ ਅਤੇ ਸੂਖਮ ਪੋਸ਼ਕ ਤੱਤਾਂ ਦੀ ਗੰਭੀਰ ਅਤੇ ਵਿਆਪਕ ਘਾਟ ਹੈ।ਸੰਯੁਕਤ ਰਾਸ਼ਟਰ ਦੇ 'ਖਾਦ ਸੁਰੱਖਿਆ ਅਤੇ ਪੋਸ਼ਣ ਦੀ ਸਥਿਤੀ 2022' ਦੇ ਅਨੁਸਾਰ "ਜੇਕਰ ਖੇਤੀ ਨਾਲ ਦੇਸ਼ ਦੀ 224.5 ਮਿਲੀਅਨ ਕੁਪੋਸ਼ਿਤ ਆਬਾਦੀ ਦੇ ਲਈ ਖਾਦ ਪਦਾਰਥ ਉਪਲੱਬਧ ਕਰਵਾਉਣਾ ਹੈ, ਦੇਸ਼ ਦੀ ਅਰਥ ਵਿਵਸਥਾ ਨੂੰ ਚਲਾਉਣਾ ਹੈ ਤਾਂ ਉਸਨੂੰ ਕੁਦਰਤ ਦੇ ਨਾਲ ਸੰਤੁਲਨ ਸਥਾਪਿਤ ਕਰਨ ਦੀ ਜ਼ਰੂਰਤ ਹੈ, ਨਾ ਕਿ ਕੁਦਰਤ ਦੇ ਵਿਰੁੱਧ ਜਾਣ ਦੀ।"

ਦੁਨੀਆਂ ਭਰ ਦੇ ਕਿਸਾਨ ਕਾਰਕੁੰਨ ਅਤੇ ਖੇਤੀਬਾੜੀ ਖੋਜ ਸੰਗਠਨ ਇਸ ਕਿਸਮ ਦੇ ਰਸਾਇਣ ਰਹਿਤ ਖੇਤੀਬਾੜੀ ਦੇ ਤਰੀਕੇ ਵਿਕਸਿਤ ਕਰ ਰਹੇ ਹਨ ਜਿਸ ਵਿੱਚ ਕੁਦਰਤੀ ਢੰਗਾਂ ਅਤੇ ਖੇਤੀ ਦੇ ਨਵੇਂ ਤਰੀਕੇ ਜਿਵੇਂ ਕਿ ਫਸਲੀ ਚੱਕਰ ਅਤੇ ਫਸਲੀ ਵਿਭਿੰਨਤਾ ਦੀ ਵਰਤੋਂ ਕੀਤੀ ਜਾ ਸਕਦੀ ਹੈ, ਇਹ ਸਾਰੇ ਪੁਨਰ-ਜਨਕ ਖੇਤੀ ਦੇ ਤਰੀਕੇ ਹਨ।ਇਸ ਸਮੇਂ ਪੁਨਰ-ਜਨਕ ਖੇਤੀ ਦੀ ਕੋਈ ਸਰਵ ਵਿਆਪਕ ਤੌਰ 'ਤੇ ਸਵੀਕਾਰ ਕੀਤੀ ਪਰਿਭਾਸ਼ਾ ਨਹੀਂ ਹੈ, ਇਹ ਆਮ ਤੌਰ 'ਤੇ ਉਨ੍ਹਾਂ ਅਭਿਆਸਾਂ ਨਾਲ ਸਬੰਧਤ ਹੈ ਜੋ ਮਿੱਟੀ ਦੀ ਸਿਹਤ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਮਿੱਟੀ ਵਿੱਚ ਜੈਵਿਕ ਕਾਰਬਨ ਨੂੰ ਬਹਾਲ ਕਰਦੇ ਹਨ।ਪੁਨਰਜਨਕ ਖੇਤੀ ਮੌਜੂਦਾ ਖੇਤੀ ਪ੍ਰਣਾਲੀ ਵਿੱਚ ਸਕਰਾਤਮਕ ਤਬਦੀਲੀਆਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਕਿਸਾਨਾਂ ਦੇ ਲਈ ਲਾਭਕਾਰੀ ਹੋਣ ਦੇ ਨਾਲ ਨਾਲ ਵਾਤਾਵਰਨ ਪ੍ਰਤੀ ਵੀ ਸਕਰਾਤਮਕ ਰਵੱਈਆ ਰੱਖੇ।

ਮੌਜੂਦਾ ਖੇਤੀ ਪ੍ਰਣਾਲੀ ਦੇ ਨਤੀਜੇ ਵਜੋਂ ਮਿੱਟੀ ਨੂੰ ਲਗਾਤਾਰ ਨੁਕਸਾਨ ਹੋ ਰਿਹਾ ਹੈ। ਅਗਲੇ 50 ਸਾਲਾਂ ਵਿੱਚ ਦੁਨੀਆ ਨੂੰ ਭੋਜਨ ਦੇਣ ਲਈ ਲੋੜੀਂਦੀ ਮਿੱਟੀ ਨਹੀਂ ਹੋ ਸਕਦੀ।ਦੁਨੀਆ ਭਰ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜੈਵ ਵਿਭਿੰਨਤਾ ਘਟ ਰਹੀ ਹੈ। ਚਾਰ ਬਿਲੀਅਨ ਏਕੜ ਤੋਂ ਵੱਧ ਖੇਤੀ ਵਾਲੀ ਜ਼ਮੀਨ 'ਤੇ ਮਿੱਟੀ ਨੂੰ ਮੁੜ ਸੁਰਜੀਤ ਕਰਨਾ, ਵਿਸ਼ਵ ਨੂੰ ਭੋਜਨ ਦੇਣ, ਗਲੋਬਲ ਵਾਰਮਿੰਗ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਅਤੇ ਜੈਵ ਵਿਭਿੰਨਤਾ ਦੇ ਨੁਕਸਾਨ ਨੂੰ ਰੋਕਣ ਲਈ ਜ਼ਰੂਰੀ ਹੈ।ਅਧਿਆਨਾਂ ਤੋਂ ਪਤਾ ਚੱਲਿਆ ਹੈ ਕਿ ਪ੍ਰਤੀ 0.4 ਹੈਕਟੇਅਰ ਮਿੱਟੀ ਦੇ ਕਾਰਬਨਿਕ ਪਦਾਰਥ ਵਿੱਚ 1 ਫੀਸਦੀ ਵਾਧੇ ਨਾਲ ਜਲ ਭੰਡਾਰਨ ਸਮਰੱਥਾ 75,000 ਲੀਟਰ ਵੱਧ ਜਾਂਦੀ ਹੈ।

ਪੁਨਰ-ਜਨਕ ਖੇਤੀ ਇੱਕ ਸੰਪੂਰਨ ਖੇਤੀ ਪ੍ਰਣਾਲੀ ਹੈ ਜੋ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ, ਖੇਤਾਂ ਦੀ ਜੁਤਾਈ ਨੂੰ ਘਟਾਉਣ ਭਾਵ ਘੱਟੋ ਘੱਟ ਖੇਤ ਬਹਾਈ ਨੂੰ ਉਤਸ਼ਾਹਿਤ ਕਰਨਾ, ਪਸ਼ੂਧਨ, ਮਿੱਟੀ ਨੂੰ ਢੱਕ ਕੇ ਰੱਖਣਾ,ਫਸਲੀ ਵਿਭਿੰਨਤਾ ਅਤੇ ਫਸਲੀ ਚੱਕਰ ਅਪਣਾਉਣਾ ਵਰਗੇ ਤਰੀਕਿਆਂ ਰਾਹੀਂ ਮਿੱਟੀ ਦੀ ਸਿਹਤ, ਭੋਜਨ ਦੀ ਗੁਣਵੱਤਾ, ਜੈਵ ਵਿਭਿੰਨਤਾ ਵਿੱਚ ਸੁਧਾਰ, ਪਾਣੀ ਅਤੇ ਹਵਾ ਦੀ ਗੁਣਵੱਤਾ.ਉੱਪਰ ਕੇਂਦ੍ਰਿਤ ਹੈ।

# ਸ਼ੁਗਲ ਦੇ ਨਾ.ਲ ਨਾ.ਲ ਮਾਂ-ਬੋਲੀ ਲਈ ਪਿਆਰ ਤੇ ਉਹਦਾ ਪ੍ਰਚਾਰ-ਪਸਾਰ !



ਤਰਲੋਚਨ ਸਿੰਘ
ਦੁਪਾਲਪੁਰ

ਕੈਲੇਫੋਰਨੀਆਂ ਸਟੇਟ ਵਿੱਚ ਸਾਡੇ ਦੋਹਤੇ ਦੇ ਸਕੂਲ ਵਿਖੇ ਇੱਕ ਸ਼ਾਮ 'ਮਲਟੀ-ਕਲਚਰਲ' ਪ੍ਰੋਗਰਾਮ ਆਯੋਜਤ ਹੋਇਆ। ਵੱਖ ਵੱਖ ਤਰਾਂ ਦੀਆਂ 'ਰਾਈਡਾਂ' ਝੂਲਿਆਂ ਅਤੇ ਨਾਚ-ਗਾਣਿ-ਆਂਦਾ ਛੋਟੇ ਬੱਚਿਆਂ ਨੇ ਖੁੱਲ੍ਹ ਕੇ ਅਨੰਦ ਮਾਣਿਆਂ। ਖੁੱਲ੍ਹੇ ਮੈਦਾਨ ਵਿੱਚ ਖੂਬ੍ਹ ਮੌਜ-ਮਸਤੀ ਕਰ ਰਹੇ, ਵੱਖ ਵੱਖ ਕੌਮੀਅਤਾਂ ਨਾਲ ਸਬੰਧਤ ਬੱਚਿਆਂ ਦੇ ਚਿਹਰੇ,ਗੁਲਾਬ ਦੇ ਤਾਜ਼ੇ ਫੁੱਲਾਂ ਵਾਂਗ ਖਿੜੇ ਹੋਏ ਤੇ ਮਹਿਕ ਰਹੇ ਜਾਪਦੇ ਸਨ! ਸਪਸ਼ਟ ਦਿਸ ਰਿਹਾ ਸੀ ਕਿ ਉਹ ਮਣਾ-ਮੂੰਹੀਂ ਚਾਅ ਦੁਲਾਰ ਤੇ ਉਮਾਹ ਨਾ.ਲ ਭਰੇ ਪਏ ਹਨ! ਖਰਮ-ਸਤੀਆਂ-ਅਠਖੇਲ੍ਹੀਆਂ ਕਰ ਰਹੇ ਆਪਣੇ ਲਾਡਲੇ ਬੱਚਿਆਂ ਵੱਲ੍ਹ ਦੇਖ ਦੇਖ ਮਾਪੇ ਵੀ ਫੁੱਲੇ ਨਹੀਂ ਸਨ ਸਮਾ ਰਹੇ!

ਮੌਜ-ਮੇਲੇ ਦੇ ਸਥਾਨ 'ਤੇ ਲੱਗੇ ਹੋਏ ਕਈ ਤਰਾਂ ਦੇ ਸਟਾਲਾਂ ਵਿੱਚ ਇੱਕ ਸਟਾਲ ਕੋਰੀਅਨ ਸੱਜਣਾ ਨੇ ਲਾਇਆ ਹੋਇਆ ਸੀ। ਜਿੱਥੇ ਉਹ ਅੰਗਰੇਜੀ 'ਚ ਲਿਖੇ ਨਾਂ ਨੂੰ ਕੋਰੀਅਨ ਲਿੱਪੀ ਵਿੱਚ ਲਿਖ ਰਹੇ ਸਨ!

ਉਸ ਸਟਾਲ ਮੋਹਰੇ ਲੱਗੀ ਹੋਈ ਲੰਬੀ ਲਾਈਨ ਵਿੱਚ ਬੱਚਿਆਂ ਤੋਂ ਇਲਾਵਾ ਵੱਡੇ ਵੀ ਖੜ੍ਹੇ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਮੇਜ ਉੱਤੇ ਰੱਖੇ ਪੇਪਰ 'ਤੇ ਸਾਰੇ ਜਣੇ ਅੰਗਰੇਜੀ ਅੱਖਰਾਂ ਵਿੱਚ ਆਪਣਾ ਨਾਮ ਲਿਖ ਦਿੰਦੇ ਤਾਂ ਉੱਥੇ ਬੈਠਾ ਕੋਰੀਅਨ ਵੀਰ ਖੁਸ਼ੀ ਖੁਸ਼ੀ ਇੱਕ ਸ਼ਾਨਦਾਰ ਪੱਟੀ ਉੱਤੇ ਆਪਣੀ ਭਾਸ਼ਾ ਵਿੱਚ ਉਹ ਨਾਂ ਲਿਖ ਦਿੰਦਾ!

ਕੋਰੀਅਨ ਅੱਖਰਾਂ ਵਿੱਚ ਲਿਖੇ ਨਾਵਾਂ ਵਾ.ਲੀ ਪੱਟੀ ਪਿੱਛੇ ਚੁੰਬਕੀ-ਤੱਤ ਪੇਸਟ ਕੀਤਾ ਹੋਇਆਸੀ ਤਾਂ ਜੋ ਇਸ ਨੂੰ ਘਰੇ ਜਾ ਕੇ ਫਰਿੱਜ ਜਾਂ ਕਾਰ 'ਚ ਅਸਾਨੀ ਨਾ.ਲ ਚਿਪਕਾਇਆ ਜਾ ਸਕੇ!ਇਹ ਸਾਰਾ ਕੰਮ ਬਿਲਕੁਲ ਮੁਫਤੋ ਮੁਫਤੀ ਕੀਤਾ ਜਾ ਰਿਹਾ ਸੀ!

ਉਸ ਸਟਾਲ 'ਤੇ ਆਪਣੇ ਬੱਚਿਆਂ ਦੇ ਨਾਂ ਲਿਖਵਾ ਕੇ ਮੈਂ ਸੋਚ ਰਿਹਾ ਸਾਂ ਕਿ ਸਾਨੂੰ ਪੰਜਾਬੀ ਪ੍ਰਵਾਸੀਆਂ ਨੂੰ ਵੀ ਗੋਰਿਆਂ ਦੇ ਕਿਸੇ ਅਜਿਹੇ ਇਕੱਠਾਂ ਵਿੱਚ ਇੰਜ ਹੀ ਗੁਰਮਖੀ ਅੱਖਰਾਂ 'ਚ ਨਾਮ ਲਿਖਣੇ ਚਾਹੀਦੇ ਹਨ!!

# ਗਲੇਸ਼ੀਅਰ ਨੈਸ਼ਨਲ ਪਾਰਕ ਮੋਨਟਾਨਾ ਅਮਰੀਕਾ ਦੀ ਯਾਤਰਾ

## ਜਦੋਂ ਪੰਛੀਆਂ ਨੇ ਸਾਨੂੰ ਗਾਲ੍ਹਾਂ ਕੱਢੀਆਂ



ਮੰਗਤ ਕੁਲਜਿੰਦ
ਮੋ. ਅਤੇ ਵੱਟਸ. +1 425 286 0163 (ਸਿਆਟਲ)
+91 94177 53892 (ਭਾਰਤ)

ਕੁਦਰਤ ਨੇ ਸਾਰਾ ਬ੍ਰਹਿਮੰਡ ਹੀ ਬੜਾ ਸੁੰਦਰ ਅਤੇ ਅਜੀਬੋ-ਗਰੀਬ ਬਣਾਇਆ ਹੈ। ਧਰਤੀ, ਕੁਦਰਤ ਵੱਲੋਂ ਸਿਰਜੀ ਵਿਲੱਖਣਤਾਵਾਂ ਨਾਲ ਭਰੀ ਸੌਗਾਤ ਹੈ। ਜੀਵ ਪ੍ਰਾਣੀਆਂ ਦੀ ਉਤਸੁਕਤਾ ਇਹਨੂੰ ਗਾਹੁੰਣ ਲਈ ਸਦਾ ਬਣੀ ਰਹਿੰਦੀ ਹੈ ਜਾਂ ਕਹਿ ਲਉ ਆਪਣੇ ਰੈਣ-ਬਸੇਰੇ ਤੋਂ ਕੁਝ ਸਮੇਂ ਲਈ ਮੋਹਲਤ ਲੈਕੇ ਧਰਤੀ ਨੂੰ ਵੇਖਣ, ਪਰਖਣ, ਸਮਝਣ ਲਈ ਤਰਲੇ ਲੈਂਦਾ ਰਹਿੰਦਾ ਹੈ 'ਤੇ ਜਦੋਂ ਹੀ ਢੁਕਵਾਂ ਮੌਕਾ ਮਿਲਦਾ ਹੈ, ਨਿਕਲ ਪੈਂਦਾ ਹੈ- ਘਰੋਂ। ਧਰਤੀ ਦੇ ਕਿਸੇ ਵੀ ਕੋਨੇ ਤੇ ਚਲੇ ਜਾਉ ਕੁਝ ਨਾ ਕੁਝ ਮਨ ਨੂੰ ਲੁਭਾਉਣ ਵਾਲਾ ਮਿਲ ਹੀ ਜਾਵੇਗਾ, ਬਨਸਪਤੀ,



ਪੌਣਪਾਣੀ, ਪਹਾੜ, ਮਿੱਟੀ, ਰੇਤ, ਸਮੁੰਦਰ ਗੱਲ ਕੀ ਕੋਈ ਜਗਾਹ ਐਸੀ ਨਹੀਂ ਜੋ ਆਪਣੀ ਨਿਵੇਕਲੀ ਛਾਪ ਨਾ ਛੱਡਦੀ ਹੋਵੇ। ਉਂਝ ਅਮਰੀਕਾ ਤਾਂ ਅਮਰੀਕਨਾਂ ਨੇ ਚੱਪਾ ਚੱਪਾ ਵੇਖਣ ਯੋਗ ਬਣਾ ਛੱਡਿਆ ਹੈ। ਜਿੱਥੇ ਕਿਤੇ ਚਾਰ ਛਿੱਟਾਂ ਪਾਣੀ ਦੀਆਂ ਟੋਏ ਟਿੱਬੇ 'ਚ ਇਕੱਠੀਆਂ ਹੋ ਗਈਆਂ, ਇਹਨਾਂ ਨੇ ਉਸ ਦੇ ਆਸੇ ਪਾਸੇ ਬੂਟੇ, ਪੌਦੇ, ਘਾਹ ਉਗਾਕੇ, ਫੁਟ ਪਾਥ ਬਣਾਕੇ, ਪਾਣੀ ਨੂੰ ਸਾਫ ਸੁਥਰਾ ਕਰਕੇ, ਸੜਕਾਂ ਬਣਾ ਕੇ, ਝੀਲਾਂ ਬਣਾ ਦਿੱਤੀਆਂ ਅਤੇ ਉਥੋਂ ਹੀ ਦੇਸ਼ ਦੇ ਖਜ਼ਾਨੇ ਲਈ ਕਰੋੜਾਂ ਡਾਲਰ ਕਮਾਉਣ ਦਾ ਇੰਤਜ਼ਾਮ ਕਰ ਲਿਆ। ਕੁਦਰਤ ਨੇ ਵੀ ਪਹਾੜਾਂ ਝੀਲਾਂ ਦਾ ਇੱਥੇ ਹੜ ਲਿਆ ਰੱਖਿਆ ਹੈ। ਪਹਾੜਾਂ ਝੀਲਾਂ ਦਾ ਮਿਸ਼ਰਣ 'ਗਲੇਸ਼ੀਅਰ ਨੈਸ਼ਨਲ ਪਾਰਕ'ਅਮਰੀਕਾ ਦੀ ਮੋਨਟਾਨਾ ਸਟੇਟ ਵਿੱਚ ਹੈ ਅਤੇ ਇਸ ਦਾ ਕੁਝ ਹਿੱਸਾ ਕੈਨੇਡਾ ਵਿੱਚ ਵੀ ਹੈ।

ਮੇਰੇ ਦੋਸਤ ਭਾਰਤ ਤੋਂ ਭੋਜ਼ ਰਾਜ ਅਤੇ ਕਨੈਕਟੀਕੱਟ ਸਟੇਟ ਯੂ ਐਸ ਏ, ਤੋਂ ਜਰਨੈਲ ਸਿੰਘ ਸਿਆਟਲ ਆਏ ਹੋਏ ਸਨ। ਸਿਆਟਲ ਤੋਂ ਪਾਰਕ ਤੱਕ ਦਾ ਰਸਤਾ ਪੰਜ ਸੌ ਮੀਲ ਤੋਂ ਉਪਰ ਹੈ। ਦੋ ਰਸਤੇ ਇਕ ਤਾਂ 'ਆਈ-90 ਨੈਸ਼ਨਲ ਹਾਈਵੇਅ' ਜੋ ਕਿ ਸਿਆਟਲ ਸ਼ਹਿਰ ਦੇ ਵਿੱਚ ਦੀ ਲੰਘਦੀ ਆਈ-5 ਦੇ ਕੋਲੋਂ 'ਟੀ ਮੋਬਾਈਲ ਪਾਰਕ' ਤੋਂ ਸ਼ੁਰੂ ਹੋਕੇ ਪੂਰਬੀ ਦਿਸ਼ਾ ਨੂੰ ਜਾਂਦੀ ਇਹ ਨੈਸ਼ਨਲ ਹਾਈਵੇਅ ਹੈ ਜਦੋਂ ਕਿ ਹਾਈਵੇਅ ਨੰ.-2 ਜੋ ਕਿ ਆਈ-5 ਐਵਰੈਟ ਕੋਲੋਂ ਸ਼ੁਰੂ ਹੁੰਦੀ ਹੈ। ਦੋਨਾਂ ਹਾਈਵੇਅ ਰੂਟਾਂ ਉਪਰ ਸੈਲਾਨੀਆਂ ਲਈ ਰੋਮਾਂਚ ਤਾਂ ਹੈ ਹੀ, ਨਾਲ ਦੀ ਨਾਲ ਚੁਣੌਤੀਆਂ ਵੀ ਹਨ- ਕਈ ਥਾਵਾਂ ਤੇ ਬਰਫ ਪੈਂਦੀ ਜਾਂ ਆਪਣਾ ਰਾਜ ਜਮਾਈ ਬੈਠੀ ਹੁੰਦੀ ਹੈ। ਪਹਾੜ, ਨਦੀਆਂ, ਝੀਲਾਂ ਥਾਂ ਪਰ ਥਾਂ ਮਿਲਦੀਆਂ ਹਨ। ਹਾਈ ਵੇਅ-2 ਉਪਰ ਵੇਖਣ ਵਾਲੀਆਂ ਥਾਵਾਂ 'ਸਕੀਇੰਗ ਪਲੇਸ-ਸਟੀਵਨ ਪਾਸ, ਲੈਵਨਵਰਥ, ਸੱਨੀਸਲੋਪਜ਼ ਏਅਰਵੇ ਹਾਈਟ,'ਹਨ। ਮਸ਼ਹੂਰ ਸ਼ਹਿਰ 'ਸਪੋਕੇਨ' ਵੀ ਹੈ। ਇਡਾਹੋ ਸਟੇਟ ਲੰਘ ਕੇ ਮੌਨਟਾਨਾ ਸਟੇਟ ਆ ਜਾਦੀ ਹੈ। ਕਾਫੀ ਸਫਰ ਤਹਿ ਕਰਨ ਤੋਂ ਬਾਅਦ ਗਲੇਸ਼ੀਅਰ ਨੈਸ਼ਨਲ ਪਾਰਕ ਦਾ ਦਰਵਾਜ਼ਾ ਕਿਹਾ ਜਾਂਦਾ ਮਸ਼ਹੂਰ ਸ਼ਹਿਰ 'ਕੈਲਿਸਪੈਲ' ਆ ਜਾਂਦਾ ਹੈ ਅਤੇ ਇਸ ਤੋਂ ਅੱਗੇ ਜਾਣ ਤੇ 'ਕੋਲੰਬੀਆ ਫਾਲ' ਸਿਟੀ ਤੋਂ ਬਾਅਦ ਪਾਰਕ ਸ਼ੁਰੂ ਹੁੰਦਾ ਹੈ। ਪਰ ਅਸੀਂ ਜਾਣ ਲਈ ਅਸੀਂ ਆਈ-90 ਦਾ ਰਸਤਾ ਹੀ ਚੁਣਿਆ। ਸਿਆਟਲ ਤੋਂ ਚੱਲ ਕੇ ਅਸੀਂ ਸਾਢੇ ਪੰਜ ਘੰਟਿਆਂ ਦੇ ਸਫਰ ਵਿੱਚ 290 ਮੀਲ ਦਾ ਪੈਂਡਾ ਤਹਿ ਕਰਕੇ ਸਪੋਕੇਨ ਪਹੁੰਚ ਗਏ ਸੀ। ਰਸਤੇ ਵਿੱਚ 'ਸਨੋਕਲਮੀ ਫਾਲ' ਅਤੇ 'ਯਾਕੀਮਾ ਨਦੀ' ਸਾਈਡ ਤੇ ਰਹਿ ਜਾਂਦੇ ਹਨ। ਕਈ ਥਾਵਾਂ ਤੇ ਬਰਫ ਪਈ ਹੋਈ ਸੀ। ਇਲਾਕਾ ਜ਼ਿਆਦਾ ਕਰਕੇ ਪਹਾੜੀ ਹੀ ਸੀ। ਪਹਾੜੀ ਦਰੱਖਤਾਂ ਨਾਲ ਘਿਰੇ ਇਸ ਇਲਾਕੇ ਵਿੱਚ ਥਾਂ ਥਾਂ ਤੇ ਨਦੀਆਂ, ਝੀਲਾਂ ਹਨ।ਲੱਗਭੱਗ ਸੌ ਕੁ ਮੀਲ ਤੋਂ ਬਾਅਦ ਮੈਦਾਨੀ ਇਲਾਕਾ ਆ ਗਿਆ। ਕਈ ਥਾਵਾਂ ਤੇ ਫਸਲਾਂ ਬੀਜੀਆਂ ਹੋਈਆਂ ਸਨ। ਬਹੁਤਾ ਏਰੀਆ ਪਥਰੀਲਾ ਸੀ। ਵੈਨਟੇਜ਼ ਸ਼ਹਿਰ ਕੋਲ ਕੰਲੰਬੀਆਂ ਨਦੀ ਅਤੇ ਵਾਨਾਪੱਮ ਝੀਲ ਹੈ। ਪਥਰੀਲੇ ਪਹਾੜਾਂ ਉਪਰ ਹਵਾ ਨਾਲ ਚੱਲਦੀਆਂ ਬਿਜਲੀ ਪੈਦਾ ਕਰਨ ਲਈ ਪੌਣ-ਚੱਕੀਆਂ ਲੱਗੀਆਂ ਹੋਈਆਂ ਹਨ ਅਤੇ ਇਸੇ ਏਰੀਏ ਵਿੱਚ 'ਵੈਨਟੇਜ਼ ਬੀਚ ਅਤੇ ਵਿਲਡ ਹੌਰਸ ਮਾਨੂਮੈਂਟਸ' ਵੇਖਣ ਵਾਲੀਆਂ ਜਗਾਹ ਹਨ। ਇਸ ਹਾਈਵੇਅ ਉਪਰ 50 ਮੀਲ ਤੋਂ ਲੈ ਕੇ 80 ਮੀਲ ਦੇ ਫਾਸਲੇ ਤੇ ਰੈਸਟ-ਰੂਮ ਬਣੇ ਹੋਏ ਹਨ। ਕਾਰਾਂ, ਟਰੱਕਾਂ ਆਦਿ ਲਈ ਪਾਰਕਿੰਗ ਅੱਡ ਅੱਡ ਬਣੀ ਹੁੰਦੀ ਹੈ। ਘਾਹਾਂ ਨਾਲ ਲੱਦੇ ਪਾਰਕਾਂ ਵਿੱਚ ਕਈ ਕਈ ਰੈਸਟ ਰੂਮ ਬਣੇ ਹਨ, ਬੈਠਣ ਲਈ ਜਾਂ ਕੁਝ ਸਮੇਂ ਲਈ ਲੇਟਣ ਵਾਸਤੇ ਬੈਂਚ ਲੱਗੇ ਹੋਏ ਹਨ। ਆਪਣੇ ਨਾਲ ਲਿਆਦਾਂ ਖਾਣਾ ਬਗੈਰਾ ਤੁਸੀਂ ਇੱਥੇ ਬੈਠ ਕੇ ਖਾ ਸਕਦੇ ਹੋ।

3021 ਮੀਲ ਲੰਬੀ ਇੰਟਰਸਟੇਟ-90 ਤੇਰਾਂ ਰਾਜਾਂ ਵਿੱਚ ਦੀ ਲੰਘਦੀ ਹੈ ਅਤੇ 16 ਸਹਾਇਕ ਰੂਟਾਂ ਨੂੰ ਕਰਾਸ ਕਰਦੀ, ਪੈਸਫਿਕ ਨਾਰਥਵੈਸਟ, ਮਾਊਨਟੈਨਵੈਸਟ, ਗਰੇਟ ਪਲੇਨਜ਼ ਮਿਡਵੈਸਟ ਨਾਰਥਈਸਟ ਦੇ ਪਾਰ ਜਾਂਦੀ ਸਨੋਕਿਲਮੀ ਟੱਨਲ, ਰੌਕੀ ਮਾਊਂਨਟੇਨ ਅਤੇ ਵਾਸ਼ਿੰਗਟਨ ਸਟੇਟ ਦੀ ਕੈਸਕੇਡ ਰੇਜ਼ ਨੂੰ ਛੂੰਹਦਿਆ ਲੰਘਦੀ ਹੈ। ਦੋ ਵਜੇ ਦੇ ਕਰੀਬ ਅਸੀਂ ਸ਼ਹਿਰ 'ਕਿਉਰ ਡੀ ਅਲੇਨ' ਵਿੱਚ ਪਹੁੰਚ ਗਏ ਸੀ। ਇਸੇ ਸ਼ਹਿਰ ਵਿੱਚ ਇਸੇ ਨਾਂ ਦੀ ਕਾਫੀ ਲੰਬੀ ਚੌੜੀ ਝੀਲ ਹੈ। 'ਸੈਂਡਰਜ ਬੀਚ' ਇਕ ਪਹਾੜੀਨੁਮਾ ਜਗਾਹ ਝੀਲ ਦੇ ਕਿਨਾਰੇ ਬਣੀ ਹੋਈ ਹੈ।ਇਸ ਪਹਾੜੀ ਦੀਆਂ ਪਗਡੰਡੀਆਂ ਤੇ ਤੁਰਦਿਆਂ ਝੀਲ ਦਾ ਅਨੰਦ ਲਿਆ ਜਾ ਸਕਦਾ ਹੈ। ਅਸੀਂ ਇਕ ਘੰਟਾ ਇੱਥੇ ਤੁਰਦੇ ਫਿਰਦੇ ਫੋਟੋਗ੍ਰਾਫੀ ਕਰਦਿਆਂ ਲੰਘਾਇਆ। ਉਥੋਂ ਤੁਰ ਕੇ ਕਈ ਸ਼ਹਿਰਾਂ ਨੂੰ ਪਾਰ ਕਰਦਿਆਂ ਅਸੀਂ 'ਵੈਲੇਸ' ਕਸਬੇ ਵਿੱਚ ਪਹੁੰਚ ਗਏ। ਇਹ ਸਾਡਾ ਪਹਿਲਾ ਪੜਾਅ ਸੀ। ਪਹਿਲਾਂ ਹੀ ਬੁਕ ਕਰਵਾਏ ਹੋਟਲ ਜਿਸਦਾ ਨਾਂ ਸੀ 'ਦੀ ਬਰੁੱਕਸ ਹੋਟਲ' ਵਿੱਚ ਜਾ ਖੜ੍ਹੇ। ਸਾਰਾ ਹੀ ਏਰੀਆ ਕੁਦਰਤ ਦੇ ਨਾਲ ਇਕ ਮਿਕ ਹੋਇਆ, ਮਨ ਨੂੰ ਸਕੂਨ ਦੇਣ ਵਾਲਾ ਸੀ।ਕਿਤੇ ਉਚਾਈਆਂ, ਕਿਤੇ ਨਿਵਾਣਾਂ, ਕਿਤੇ ਝੀਲਾਂ, ਕਿਤੇ ਝਰਨੇ, ਹਜ਼ਾਰਾਂ ਕਿਸਮ ਦੇ ਅਸਮਾਨ ਛੂੰਹਦੇ ਦਰੱਖਤ, ਪੌਦਿਆਂ ਨਾਲ ਭਰਿਆ ਇਹ ਇਲਾਕਾ ਸ਼ੁਧ ਹਵਾ, ਪਾਣੀ ਦਾ ਬਹੁਤ ਵੱਡਾ ਸੋਮਾ ਹੈ।ਵੈਲੇਸ ਪਹਾੜਾਂ ਦੀ ਗੋਦ 'ਚ ਵੱਸਿਆ ਕਾਫੀ ਪੁਰਾਣੇ ਇਤਿਹਾਸ ਨੂੰ ਆਪਣੀ ਬੁਕਲ 'ਚ ਲਕੋਈ ਬੈਠਾ ਛੋਟਾ ਜਿਹਾ ਕਸਬਾ ਹੈ।ਪੁਰਾਤਨ ਮਿਊਜ਼ੀਅਮ ਜਿਵੇਂ 'ਨੌਰਦਰਨ ਪੈਸੀਫਿਕ ਰੇਲ ਰੋਡ ਡੀਪੂ ਮਿਊਜੀਅਮ, ਵੈਲੇਸ ਡਿਸਟ੍ਰਿਕਮਾਈਨਿੰਗ ਮਿਊਜ਼ੀਅਮ, ਸੀਰਾ ਸਿਲਵਰਮਾਈਨ ਟੂਰ ਇਨਕ., ਆਦਿ ਇੱਥੇ ਹਨ।ਅਸਲ ਵਿੱਚ

ਅਮਰੀਕਨ ਮਿਊਜ਼ੀਅਮ' ਪੌਲਸਨ ਸ਼ਹਿਰ ਦੇ ਨਜ਼ਦੀਕ ਰਹਿ ਜਾਂਦੇ ਹਨ।ਇਥੋਂ ਹੀ 'ਫਲੈਟਹੈਡ ਝੀਲ' ਸ਼ੁਰੂ ਹੋ ਜਾਂਦੀ ਹੈ।ਇਸ 185 ਮੀਲ ਕਿਨਾਰਿਆਂ ਅਤੇ 200 ਸੁਕੇਅਰ ਮੀਲ ਦੇ ਘੇਰੇ ਵਾਲੀ ਝੀਲ ਉਪਰ ਬਹੁਤ ਕੁਝ ਵੇਖਣ ਵਾਲਾ ਹੈ ਪਰ ਸਾਡੇ ਕੋਲ ਸਮਾਂ ਨਹੀਂ ਸੀ ਇਸ ਲਈ ਤੁਰੇ ਜਾਂਦਿਆਂ ਹੀ 'ਵੂਡਜ਼ ਵੇਅ, ਵਾਈਲਡ ਹਾਰਸ ਇਜਲੈਂਡ, ਫਿਨਲੇਅ ਪੌਆਇੰਟ, ਰਾਕੀ ਪੌਆਇੰਟ, ਟਰਟਲ ਲੇਕ' ਆਦਿ ਦੀ ਪੰਛੀ ਝਾਤ ਪਾਕੇ ਅੱਗੇ ਲੰਘ ਗਏ। ਉਤਰ ਪੱਛਮ ਮੋਨਟਾਨਾ ਦਾ ਕਾਫੀ ਮਸ਼ਹੂਰ ਅਤੇ ਵੱਡਾ ਸ਼ਹਿਰ 'ਕੈਲਿਸਪੈਲ' ਜਿਸਨੂੰ ਗਲੇਸ਼ੀਅਰ ਨੈਸ਼ਨਲ ਪਾਰਕ ਦਾ ਦਰਵਾਜ਼ਾ ਵੀ ਕਿਹਾ ਜਾਂਦਾ ਹੈ- ਅਨੇਕਾਂ ਦੇਖਣਯੋਗ ਸਥਾਨਾਂ ਵਾਲਾ ਹੈ। 'ਚੈਂਪੀਅਨਸ਼ਿਪ ਗੋਲਫ ਕੋਰਸ,ਟੂ ਸਕਾਈ ਰੀਸੋਰਟ' ਤੋਂ ਬਿਨ੍ਹਾਂ ਹਾਈਕਿੰਗ ਲਈ ਅਨੇਕਾਂ ਪਗਡੰਡੀਆਂ ਇਸ ਦੇ ਆਸੇ ਪਾਸਿਉਂ ਨਿਕਲਦੀਆਂ ਹਨ।ਇਹ ਸ਼ਹਿਰ ਝੀਲਾਂ, ਨਦੀਆਂ, ਫਿਸ਼ਿੰਗ ਸਪੌਟਸ, ਆਰਟ ਤੇ ਕਲਚਰ ਵਿੱਚ ਮੋਹਰੀ ਹੈ। ਅਮਰੀਕਾ ਦੇ ਵੱਡੇ ਵੱਡੇ ਸਟੋਰਾਂ ਦੀਆਂ ਬਰਾਚਾਂ ਇੱਥੇ ਹਨ।ਨਜ਼ਦੀਕੀ ਕਸਬੇ 'ਲਾ ਸਾਲੈ' ਵਿੱਚ 'ਗਲੇਸ਼ੀਅਰ ਅੰਤਰ-ਰਾਸ਼ਟਰੀ ਹਵਾਈ ਅੱਡਾ' ਹੈ।'ਕੈਨਰਡ ਮੈਸ਼ਨ ਮਿਊਜ਼ੀਅਮ, ਹੌਕਾਡੇ ਮਿਊਜ਼ੀਅਮ ਆਫ ਆਰਟਸ, ਉਤਰੀ ਪੱਛਮੀ ਮੋਨਟਾਨਾ ਮਿਊਜੀਅਮ,ਹਿਸਟਰੀ ਮਿਊਜ਼ੀਅਮ' ਇਸ ਦੇ ਨੇੜੇ ਤੇੜੇ ਹਨ। 'ਐਵਰਗਰੀਨ' ਸ਼ਹਿਰ ਦੇ ਕੋਲ ਦੀ ਲੰਘਦਿਆਂ 3 ਵਜੇ ਦੇ ਕਰੀਬ ਅਸੀਂ 'ਕੋਲੰਬੀਆ ਫਾਲ' ਸ਼ਹਿਰ ਦੇ 'ਸੈਡਰ ਕਰੀਕ ਲਾਜ਼ ਅਤੇ ਕਾਨਫਰੰਸ ਸੈਂਟਰ' ਵਿੱਚ ਪਹੁੰਚ ਗਏ।ਹਾਈਵੇਅ-2 ਉਤੇ ਬਣੇ ਇਸ ਹੋਟਲ ਦੀ ਪਹਿਲੀ ਮੰਜ਼ਿਲ ਉਪਰ ਕਮਰਾ ਨੰ. 207, ਸੀ।ਰਸੋਈ ਤਾਂ ਭਾਵੇਂ ਨਹੀਂ ਸੀ ਪਰ ਫਰਿਜ, ਮਾਈਕਰੋਵੇਵ, ਟੈਲੀਫੋਨ, ਐਲ.ਸੀ.ਡੀ ਕਮਰੇ ਵਿੱਚ ਸਨ।ਸਾਫ ਸੁਥਰੇ ਹੋਟਲ ਦਾ ਸਾਫ ਸੁਥਰਾ ਕਮਰਾ ਦੋ ਕੁਅਈਨ ਬੈਡਜ਼ ਵਾਲਾ ਸੀ। ਨਾਲ ਹੀ ਬਾਥਰੂਮ ਅਤੇ ਰੈਸਟ ਰੂਮ ਸੀ।

ਦੂਸਰੇ ਦਿਨ ਮਿਤੀ ਮਈ 31,2022 ਨੂੰ ਅਸੀਂ ਤਿਆਰ ਹੋਕੇ 8 ਵਜੇ ਤੋਂ ਪਹਿਲਾਂ ਹੀ ਗਲੇਸ਼ੀਅਰ ਨੈਸ਼ਨਲ ਪਾਰਕ ਵੱਲ ਚਾਲੇ ਪਾ ਦਿੱਤੇ। ਹਾਈਵੇਅ- 2 ਉਤੇ ਜਾਂਦਿਆਂ



ਇਹ ਸ਼ਹਿਰ ਦੁਨੀਆਂ ਵਿੱਚ ਸੱਭ ਤੋਂ ਜ਼ਿਆਦਾ ਸਿਲਵਰ ਪੈਦਾ ਕਰਨ ਵਾਲਾ ਸ਼ਹਿਰ ਹੈ। ਸਿਲਵਰ ਹਿਸਟਰੀ ਸਾਈਟ ਵੀ ਇਕ ਦੇਖਣਯੋਗ ਸਥਾਨ ਹੈ। ਸਾਊਥਪਾਰਕ ਕਿਉਰ ਡੀ ਅਲੇਨ ਨਦੀਸ਼ਹਿਰ ਦੇ ਨਾਲ ਨਾਲ ਦੀ ਜਾਂਦੀ ਹੈ। ਪਹਾੜ ਦੇ ਨਾਲ ਨਾਲ 90 ਥੰਮਾਂ ਉਪਰ ਬਣਾਕੇ ਉਚੀ ਚੁੱਕੀ ਗਈ ਹੈ ਅਤੇ ਨਦੀ ਇਸ ਦੇ ਹੇਠਾਂ ਦੀ ਜਾਂਦੀ ਹੈ।ਅਸੀਂ ਆਈ-90 ਦੇ ਹੇਠਾਂ ਨਦੀ ਦੇ ਕਿਨਾਰੇ ਬੈਠਣ ਲਈ ਲੱਗੇ ਬੈਂਚਾਂ ਉਪਰ ਬੈਠ,ਕਲ ਕਲ ਕਰ ਆਪਣੀ ਚਾਲ ਵਿੱਚ ਮਸਤ ਬਹਿ ਰਹੇ ਪਾਣੀ ਨੂੰ ਇਕ ਟਕ ਦੇਖਦੇ ਰਹੇ ਅਤੇ ਸਾਡੇ ਸਿਰ ਉਪਰੋਂ ਤੇਜ਼ ਰਫਤਾਰ ਗੱਡੀਆਂ ਦਾ ਸ਼ੋਰ ਵੀ ਕੰਨਾਂ ਦੇ ਪਰਦਿਆਂ ਤੇ ਟਕਰਾ ਰਿਹਾ ਸੀ।ਇਕ ਪਾਸੇ ਸ਼ੋਰ, ਇਕ ਪਾਸੇ ਕਲ ਕਲ ਸੰਗੀਤ, ਅਜੀਬ ਨਜ਼ਾਰਾ ਸੀ। ਅਸਲ ਵਿੱਚ ਅੱਜ ਅਮਰੀਕਾ ਵਿੱਚ 'ਮੈਮੋਰੀਅਲ ਡੇ' ਦੀ ਕੌਮੀ ਛੁੱਟੀ ਸੀ, ਇਹ ਦਿਨ ਪਿਛਲੀਆਂ ਜੰਗਾਂ ਵਿੱਚ ਮਾਰੇ ਗਏ ਸੈਨਿਕਾਂ ਦੀ ਯਾਦ ਨੂੰ ਸਮਰਪਿਤ ਹੁੰਦਾ ਹੈ। ਬਾਜ਼ਾਰ ਲੱਗਭੱਗ ਬੰਦ ਸਨ ਇਸ ਸ਼ਹਿਰ ਵਿੱਚ ਇਕ ਰਾਤ ਗੁਜ਼ਾਰੀ। ਇਹ ਰਾਤ ਜ਼ਿੰਦਗੀ ਦੀਆਂ ਯਾਦਾਂ ਦਾ ਖੂਬਸੂਰਤ ਹਿੱਸਾ ਬਣ ਗਈ।

ਸੁਭਾ ਉਥੋਂ ਤੁਰ ਕੇ ਜੀ.ਪੀ.ਐਸ ਦੀ ਰਹਿਨੁਮਾਈ 'ਚ ਚੱਲਦਿਆਂ ਅਸੀਂ 'ਮਿਜ਼ੂਲਾ (Missoula) ਸ਼ਹਿਰ ਤੋਂ ਪਹਿਲਾਂ ਆਉਂਦੇ ਕਸਬੇ 'ਵਾਈ (ਰੁਖਕ)' ਤੋਂ ਖੱਬੇ ਹੱਥ ਰੂਟ ਨੰ. 93 ਤੇ ਚੜ੍ਹ ਕੇ ਉਤਰ ਵੱਲ ਨੂੰ ਚੱਲ ਪਏ। ਰਸਤੇ ਵਿੱਚ 'ਐਵਾਰੋ ਅਰਲੈਕ ਟਾਊਨ' ਆਇਆ ਇੱਥੋਂ ਅਸੀਂ ਵਾਹਨ ਦੀ ਪੇਟ ਪੂਜਾ ਕਰਵਾਈ।ਰਸਤਾ ਸਾਰਾ ਹੀ ਪਥਰੀਲਾ, ਪਹਾੜੀ ਜਾਂ ਜੰਗਲੀ ਸੀ। ਇਸੇ ਰੋਡ ਉਪਰ ਮਹਾਤਮਾ ਬੁਧ ਦੀ ਯਾਦਗਾਰ ਵੀ ਬਣੀ ਹੋਈ ਹੈ। ਉਸਨੂੰ ਪੂਰਬੀ ਏਸ਼ੀਆਂ ਦੇ ਲੋਕ ਬੜੇ ਚਾਅ ਨਾਲ ਵੇਖਣ ਆਉਂਦੇ ਹਨ। ਇਸ ਜਗਾਹ ਦਾ ਨਾਂ ਹੈ 'ਗਾਰਡਨ ਆਫ ਵਨ ਥਾਊਜੈਂਡ ਬੁਧਾਜ਼' 2012 ਵਿੱਚ ਬਣਾਇਆ ਇਹ ਪਾਰਕ 10 ਏਕੜ ਵਿੱਚ ਫੈਲਿਆ ਹੋਇਆ ਹੈ। ਰਸਤੇ ਵਿੱਚ 'ਅਲਪਾਈਨ ਆਰਟਿਸਟਰੀ' ਕਲਾਕਾਰੀ ਦਾ ਉਤਮ ਨਮੂਨਾ ਹੈ। 'ਰਾਵਾਲੀ ਪਹਾੜਾਂ' ਦਾ ਦਿਲਕਸ਼ ਨਜ਼ਾਰਾ 'ਮੀਰੈਕਲਜ਼ ਆਫ

'ਵੈਸਟ ਗਲੇਸ਼ੀਅਰ ਪਾਰਕ ਗੇਟ' ਰਾਹੀਂ ਗੱਡੀ ਅੰਦਰ ਲੈ ਗਏ। ਮੋਨਟਾਨਾ ਸਟੇਟ ਦੇ ਰੌਕੀ ਪਰਬਤਾਂ ਦੀ ਲੜੀ ਵਿੱਚ ਫੈਲਿਆ ਕੈਨੇਡਾ ਦੇ ਬਾਰਡਰ ਤੋਂ ਪਾਰ ਕੈਨੇਡਾ ਦੇ ਕੁਝ ਹਿੱਸੇ ਵਿੱਚ ਸਿਰ ਲਕੋਈ ਬੈਠਾ ਇਹ ਪਾਰਕ 1583 ਵਰਗ ਮੀਲ ਵਿੱਚ ਫੈਲਿਆ ਹੋਇਆ ਹੈ। ਵੈਸਟ ਗਲੇਸ਼ੀਅਰਤੋਂ 'ਸਨ ਰੋਡ' ਸ਼ੁਰੂ ਹੋਕੇ ਘੁੰਮਦੀ ਘੁੰਮਾਉਂਦੀ ਪਹਾੜਾਂ ਦੀਆਂ ਉਚਾਈਆਂ ਨੂੰ ਛੋਂਹਦੀ, ਕੁੰਡਲ ਬਣਾਉਂਦੀ, ਝੀਲਾਂ ਦੇ ਚਰਨ ਚੁੰਮਦੀ ਪੂਰਬੀ ਗਲੇਸ਼ੀਅਰ ਦੇ ਗੇਟ 'ਸੈਂਟ ਮੈਰੀ ਗੇਟ' ਤੇ 51 ਮੀਲ ਦਾ ਸਫਰ ਤਹਿ ਕਰਕੇ ਬਾਹਰ ਨਿਕਲ ਜਾਂਦੀ ਹੈ। ਅੰਦਰ ਦਾਖਲ ਹੋ ਕੇ ਸਾਨੂੰ ਪਤਾ ਲੱਗਿਆ ਕਿ ਪ੍ਰਤੀ ਗੱਡੀ ਰੀਜ਼ਰਵੇਸ਼ਨ ਪਾਸ ਲੈਣਾ ਹੁੰਦਾ ਹੈ। ਵੈਸੇ ਇਹ ਪਾਸ ਆਨਲਾਈਨ ਵੀ ਮਿਲ ਜਾਂਦਾ ਹੈ ਕਿਉ ਸੁਭਾ 6 ਵਜੇ ਹੀ ਉਹਨਾਂ ਦੀ ਸਾਈਟ ਖੁੱਲ੍ਹਦੀ ਹੈ, 'ਪਹਿਲਾਂ ਆਉ ਪਹਿਲਾਂ ਪਾਉ' ਦੇ ਆਧਾਰ ਤੇ ਇਕ ਸੀਮਾ ਤੱਕ ਪਾਸ ਦੇ ਕੇ ਉਹ ਬੰਦ ਕਰ ਦਿੱਤੀ ਜਾਂਦੀ ਹੈ। ਸਰਦੀ ਦਾ ਮੌਸਮ ਚੱਲਦਿਆਂ ਅੰਦਰ ਕਈ ਥਾਵਾਂ ਤੇ ਬਰਫ ਦੇ ਜਮਾਵੜੇ ਕਰਕੇ 'ਸੰਨ ਰੋਡ' ਨੂੰ ਪਾਰ ਕਰਨ ਨਹੀਂ ਦਿੱਤਾ ਜਾਂਦਾ। ਜੂਨ ਦੇ ਅੰਤ ਤੋਂ ਲੈ ਕੇ ਸਤੰਬਰ ਤੱਕ ਦੇ ਸਮੇਂ ਹੀ ਇਹ ਸੜਕ ਖੋਲ੍ਹੀ ਜਾਂਦੀ ਹੈ। ਉਸ ਸਮੇਂ ਸਾਡਾ ਪਾਸ ਦਾ ਇੰਤਜ਼ਾਮ ਨਾ ਹੋਇਆ, ਵੈਸੇ ਅੰਦਰ ਗਿਆਂ ਨੂੰ ਇਕ ਕਰਮਚਾਰੀ ਨੇ ਸਾਡੀ ਸਹਾਇਤਾ ਕਰਨ ਲਈ ਸਾਡਾ ਪਾਸ ਬਣਵਾਉਣ ਦਾ ਯਤਨ ਕੀਤਾ ਪਰ ਉਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਤਕਨੀਕੀ ਕਾਰਨਾਂ ਕਰਕੇ ਕਾਮਯਾਬ ਨਾ ਹੋ ਸਕੇ। ਪਰ ਉਸਨੇ ਸਾਨੂੰ ਦੱਸਿਆ ਕਿ ਤੁਸੀਂ ਇੱਥੋਂ ਆਪਣੀ ਗੱਡੀ ਈਸਟ ਵਾਲੇ ਪਾਸੇ 50 ਕੁ ਮੀਲ ਅੱਗੇ ਲੈ ਜਾਵੋ ਉਥੇ 'ਟੂ ਮੈਡੀਸੀਨ ਝੀਲ' ਵੀ ਵੇਖਣ ਵਾਲੀ ਜਗਾਹ ਹੈ। ਉਥੇ ਇਸ ਵਕਤ ਇੰਟਰੀ ਖੁੱਲ੍ਹੀ ਹੈ। ਇਸ ਲਈ ਅਸੀਂ ਹਾਈਵੇਅ 2 ਉਪਰ ਜਾਂਦਿਆਂ 49 ਨੰ. ਰੂਟ ਲੈਕੇ 'ਟੂ ਮੈਡੀਸਨ ਰਿਵਰ ਰੋਡ' ਰਾਹੀਂ ਝੀਲ ਕੋਲ ਪਹੁੰਚ ਗਏ। ਉਥੇ 'ਗਲੇਸ਼ੀਅਰ ਪਾਰਕ ਬੋਟ' ਦਾ ਕਾਊਂਟਰ ਵੀ ਬਣਿਆ ਹੋਇਆ ਹੈ। 45 ਮਿੰਟ ਦਾ 'ਬੋਟ ਰਾਈਡਿੰਗ ਟਰਿਪ' ਇਸ ਝੀਲ ਵਿੱਚ ਲਵਾਇਆ ਜਾਂਦਾ ਹੈ। ਟਿਕਟ ਦਾ ਰੇਟ ਸਾਢੇ ਸਤਾਰਾਂ ਡਾਲਰ ਪ੍ਰਤੀ ਬਾਲਗ ਅਤੇ ਬੱਚਿਆਂ ਲਈ 8.75 ਡਾਲਰ ਹੈ। ਟਿਕਟਾਂ ਅਸੀਂ ਲੈ ਲਈਆਂ। ਟੂਰ ਦੁਪਹਿਰੇ 1.30 ਵਜੇ ਤੁਰਨਾ ਸੀ। ਇਸੇ ਸਥਾਨ ਤੋਂ ਇਕ ਪਗਡੰਡੀ ਉਪਰ ਨੂੰ ਜਾਂਦੀ ਸੀ। 'ਐਸਟਰ ਫਾਲਜ਼'ਨੂੰ ਜਾਣ ਲਈ ਵੀ ਇੱਥੋਂ ਜਾਇਆ ਜਾਂਦਾ ਹੈ। ਇਸੇ ਉਪਰ 'ਬੋਟ ਲੈਡਿੰਗ 1.2 ਮੀਲ,ਟਵਿਨ ਫਾਲਜ਼ 1.9 ਮੀਲ, ਅਪਰ ਟੂ ਮੈਡੀਸੀਨ ਲੇਕ 3,1 ਮੀਲ, ਹੈ। ਰਾਕਵੈਲ ਫਾਲਜ਼ 1.2 ਮੀਲ ਲੇਕ ਇਸਾਬੈਲ 11,8 ਮੀਲ' ਦੂਰੀ ਤੇ ਹਨ। ਇੱਥੋਂ ਹੀ ਝੀਲ ਦੇ ਕਿਨਾਰੇ 'ਪਾਰਾਡਾਈਜ਼ ਪੁਆਂਇੰਟ' ਤੇ ਪਹੁੰਚਿਆ ਜਾ ਸਕਦਾ ਹੈ। 'ਟੂ ਮੈਡੀਸੀਨ ਸੀਨਿਕ (ਨਜ਼ਾਰੇ) ਕਰੂਜ਼'ਰਾਹੀਂ 45 ਮਿੰਟਾਂ ਦੇ ਇਸ ਟੂਰ ਦਾ ਅਸੀਂ ਆਨੰਦ ਮਾਨਿਆ। ਇਸ ਨੂੰ ਚਲਾਉਣ ਲਈ ਇਕ ਡਰਾਈਵਰ, ਅਤੇ ਦੋ ਹੋਰ ਅਟੈਂਡੈਂਟ ਇਸ ਵਿੱਚ ਹਾਜ਼ਰ ਸਨ ਜੋ ਕਿ ਝੀਲ ਬਾਰੇ, ਆਸੇ ਪਾਸੇ ਦੇ ਪਰਬਤਾਂ ਬਾਰੇ, ਜਾਣਕਾਰੀ ਦਿੰਦੇ ਰਹਿੰਦੇ ਹਨ। ਸਫਰ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਤੋਂ ਮੁਸਾਫਿਰਾਂ ਨੂੰ ਜਾਣੂੰ ਕਰਾਉਂਦੇ ਰਹਿੰਦੇ ਹਨ ਅਤੇ ਸੈਲਾਨੀਆਂ ਨੂੰ ਹਸਾਉ ਵੀ ਰਹਿੰਦੇ ਹਨ। ਕਰੂਜ਼ ਦੇ ਮੂਹਰਲੇ ਹਿੱਸੇ ਵਿੱਚ ਖੜ੍ਹਣ ਲਈ ਬਣੇ ਥਾਂ ਵਿੱਚ ਸੈਲਾਨੀ (ਦੋ ਦੋ) ਖੜ੍ਹਕੇ ਝੀਲ ਤੇ ਪਰਬਤਾਂ ਦੀ ਸੁੰਦਰਤਾ ਨੂੰ ਅੱਖਾਂ ਵਿੱਚ ਵੀ ਅਤੇ ਕੈਮਰਿਆਂ ਵਿੱਚ ਵੀ ਕੈਦ ਕਰ ਸਕਦੇ ਹਨ ਪਰ ਕੁਝ ਸਮੇਂ ਲਈ ਹੀ, ਕਿਉਂਕਿ 40 ਮਿੰਟਾਂ ਵਿੱਚ ਸੱਭ ਨੂੰ ਮੌਕਾ ਦੇਣਾ ਹੁੰਦਾ ਹੈ। ਉਹਨਾਂ ਦੇ ਦੱਸਣ ਮੁਤਾਬਿਕ ਇਹਨਾਂ ਝੀਲਾਂ ਦੀ ਡੂੰਘਾਈ 300 ਫੁੱਟ ਦੇ ਕਰੀਬ ਹੈ। ਇਹ ਝੀਲ ਦੋ ਮੀਲ ਲੰਬੀ ਅਤੇ .33 ਮੀਲ ਚੌੜੀ ਹੈ। ਪੱਛਮ ਵਾਲੇ ਪਾਸੇ 'ਸਾਈਨੋਫ ਮਾਊਨਟੇਨ' ਹੈ ਜਦੋਂ ਕਿ ਉਤਰ ਵਾਲੇ ਪਾਸੇ 'ਰਾਈਜਿੰਗ ਵੌਲਫ ਮਾਊਨਟੇਨ' ਹੈ। ਇਹਨਾਂ ਪਰਬਤਾਂ ਦੀ ਉਚਾਈ ਸੱਤ ਹਜ਼ਾਰ ਫੁੱਟ ਤੋਂ ਲੈ ਕੇ ਦਸ ਹਜ਼ਾਰ ਫੁੱਟ ਤੱਕ ਦੱਸੀ ਜਾਂਦੀ ਹੈ। ਸਾਹਮਣੇ ਗਿਫਟ ਸਟੋਰ ਸੀ ਅਤੇ ਇਸ ਵਿੱਚੋਂ ਸੈਲਾਨੀ ਕਾਫੀ ਵਸਤਾਂ ਆਪਣੇ ਅਜ਼ੀਜ਼ਾਂ ਲਈ ਸੌਗਾਤ ਦੇ ਤੌਰ ਤੇ ਲਿਜਾਂਦੇ ਹਨ।

ਲੱਗ ਭੱਗ 2.30 ਘੰਟਿਆਂ ਵਿੱਚ ਅਸੀਂ ਇਥੋਂ ਫਾਰਗ ਹੋ ਗਏ। ਕਮਰੇ ਵਿੱਚ ਵਾਪਿਸ ਆ ਗਏ ਹਲਕਾ ਜਿਹਾ ਖਾਣਾ ਖਾਦਾ। ਸੋਚਿਆ, ਚੱਲੋ ਫਿਰ ਵੈਸਟ ਗੇਟ ਤੇ ਯਤਨ ਕਰਦੇ ਹਾਂ- ਅੰਦਰ ਜਾਣ ਦੀ। ਕਿਉਂਕਿ ਅਸਾਂ ਪਤਾ ਲਗਾ ਲਿਆ ਸੀ ਕਿ ਸੁਭਾ 6 ਵਜੇ ਤੋਂ ਪਹਿਲਾਂ ਤੇ ਸ਼ਾਮੀਂ ਚਾਰ ਵਜੇ ਤੋਂ ਬਾਅਦ ਬਿਨਾਂ ਪਾਸ ਦੇ ਵੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ ਪਰ ਸ਼ਾਮੀਂ ਜਾਕੇ ਤੁਹਾਡੇ ਕੋਲ ਵੇਖਣ ਲਈ ਸਮਾਂ ਨਹੀਂ ਬਚਦਾ। ਇੰਨੇ ਨੂੰ ਸਿਆਟਲ ਤੋਂ ਬੇਟਿਆਂ ਦਾ ਫੋਨ ਆ ਗਿਆ ਸੀ ਕਿ 'ਕੋਲੰਬੀਆ ਫਾਲ' ਸਿਟੀ ਵਿੱਚ 'ਮੋਨਟਾਨਾ ਐਨਰਜ਼ੀ ਵੌਰਟੈਕਸ Montana Energy Vortex ਨਾਂ ਦੀ ਅਦਭੁੱਤ ਜਗਾਹ, ਜੋ ਕਿ ਹਾਈਵੇਅ-2 ਉਪਰ ਹੀ ਹੈ, ਵੇਖਣ ਵਾਲੀ ਹੈ। ਗਲੇਸ਼ੀਅਰ ਪਾਰਕ ਦੇ ਪੱਛਮ ਵੱਲ ਲੱਗਭੱਗ 13 ਮੀਲ ਪਹਿਲਾਂ, ਪਿਛਲੇ 44 ਸਾਲਾਂ ਤੋਂ ਸੈਲਾਨੀਆਂ ਨੂੰ ਹੈਰਾਨੀ ਵਿੱਚ ਪਾ ਰਹੀ ਹੈ।ਇਹ ਰਹੱਸਮਈ ਅਤੇ ਅਚੰਭਿਤ ਕਰਨ ਵਾਲੀ ਜਗਾਹ Montana Vortex is genuine quantum



or gravitational Anomaly that may redefined the laws of physics and nature.

Montana Vortex and house of Mystery is located between Hungary Horse and Columbia Falls ਇਕ ਅਜਿਹੀ ਜਗਾਹ ਹੈ ਜਿੱਥੇ ਮਾਨਵ ਆਪਣੇ ਆਪ ਨੂੰ ਸ਼ਰਿਕ ਹੋਇਆ ਮਹਿਸੂਸ ਕਰਦਾ ਹੈ ਤੇ ਸਬੂਤ ਵਜੋਂ ਤਸਵੀਰਾਂ ਵੀ ਲੈ ਸਕਦਾ ਹੈ।

**(ਬਾਕੀ ਅਗਲੇ ਸਫੇ 'ਤੇ)**

# ਗਲੇਸ਼ੀਅਰ ਨੈਸ਼ਨਲ ਪਾਰਕ ਮੋਨਟਾਨਾ ਅਮਰੀਕਾ ਦੀ ਯਾਤਰਾ

**(ਸਫਾ 22 ਦੀ ਬਾਕੀ)**

(ਅਮਰੀਕਾ ਦੇਸ਼ ਵਿੱਚ ਕੁਲ 8 ਅਜਿਹੀਆਂ ਜਗਾਹ ਹਨ)

ਇੱਥੇ ਲੱਕੜ ਦਾ ਬਣਿਆ ਹੋਇਆ ਇਕ ਕਮਰਾ 18 ਡਿਗਰੀ ਤੇ ਝੁਕਿਆ ਹੋਇਆ ਹੈ। ਲੱਗਦਾ ਹੈ ਕਿ ਕਮਰੇ ਵਿੱਚ ਕੋਈ ਫੋਰਸ ਹੈ ਜੋ ਤੁਹਾਨੂੰ ਹੇਠਾਂ ਸੁੱਟਣਾ ਚਾਹੁੰਦੀ ਹੈ। ਕੱਚ ਦੀਆਂ ਗੋਲੀਆਂ ਉਚਾਈ ਵਾਲੇ ਪਾਸੇ ਜਾਂਦੀਆਂ ਦਿਖਾਈ ਦਿੰਦੀਆਂ ਹਨ। ਬਿਨਾਂ ਫੜਿਆਂ ਝਾੜੂ ਹਵਾ ਵਿੱਚ ਸਿੱਧਾ ਖੜ੍ਹਾ ਰਹਿੰਦਾ ਹੈ ਜਿਸਨੂੰ ਵੇਖਕੇ ਤੁਸੀਂ ਸੰਸ਼ੋਪੰਜ਼ ਵਿੱਚ ਪੈ ਜਾਂਦੇ ਹੋ। ਕਈ ਲੋਕਾਂ ਮੁਤਾਬਿਕ ਇੱਥੇ ਉਹ ਆਪਣੇ ਆਪ ਨੂੰ ਸ਼ਾਂਤ ਅਤੇ ਸੁਸਤ Serene and Calm disorientation, diziness ਆਦਿ ਮਹਿਸੂਸ ਕਰਦੇ ਹਨ। ਜਦ ਤੁਸੀਂ ਕਮਰੇ ਦੀ ਦੀਵਾਰ ਉਪਰ ਚੜ੍ਹਨ ਦੀ ਕੋਸ਼ਿਸ਼ ਕਰਦੇ ਹੋ ਜਾਂ ਦੀਵਾਰ ਨਾਲ ਰੱਖੀ ਕੁਰਸੀ ਤੇ ਬੈਠ ਕੇ ਉਠਣ ਦਾ ਯਤਨ ਕਰਦੇ ਹੋ ਤਾਂ ਤੁਸੀਂ ਮੂਹਰੇ ਨੂੰ ਧੱਕੇ ਜਾ ਰਹੇ ਲੱਗਦੇ ਹੋ। ਅੱਗੇ ਤੁਰਦਿਆਂ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਮਗਰ ਨੂੰ ਕੋਈ ਜ਼ਿਆਦਾ ਤਾਕਤ ਨਾਲ ਧੱਕ ਰਿਹਾ ਹੈ।

ਇਸ ਏਰੀਏ ਵਿੱਚ ਤੁਹਾਨੂੰ ਤੁਹਾਡੀਆਂ ਉਂਗਲਾਂ ਦੇ ਔਰੇ (Aura) ਦਾ ਪ੍ਰਛਾਵਾਂ ਉਂਗਲਾਂ ਦੇ ਪ੍ਰਛਾਵੇਂ ਦੇ ਨਾਲ ਦਿਸੇਗਾ।ਵਿਗਿਆਨ ਦੇ ਮੁਤਾਬਿਕ ਇਹ ਇਕ ਕਿਸਮ ਦੀ ਐਨਰਜੀ ਹੈ ਜੋ ਸਰੀਰ ਦੇ ਮੌਲੀਕਿਊਲਜ਼ ਦੁਆਰਾ ਹਰ ਵਕਤ ਰੀਲੀਜ਼ ਹੁੰਦੀ ਰਹਿੰਦੀ ਹੈ। ਅਸੀਂ ਅਕਸਰ ਹੀ ਦੇਖਦੇ ਸੁਣਦੇ ਹਾਂ ਕਿ ਦੇਵੀ ਦੇਵਤਿਆਂ ਦਿਆਂ ਸਿਰਾਂ ਦੇ ਦੁਆਲੇ ਇਹ ਚੱਕਰ ਹੁੰਦੇ ਹਨ। ਸਾਇੰਸ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਚੱਕਰ ਹਰ ਇਕ ਜੀਵ ਜੰਤੂ ਦੇ ਦੁਆਲੇ ਹੁੰਦੇ ਹਨ ਪਰ ਸਾਡੀਆਂ ਨੰਗੀਆਂ ਅੱਖਾਂ ਇਹਨਾਂ ਨੂੰ ਵੇਖ ਨਹੀਂ ਸਕਦੀਆਂ। ਸਾਡੇ ਸਰੀਰਾਂ ਦੀ ਐਨਰਜੀ ਇਕ ਦੂਜੇ ਨੂੰ ਛੂਹਣ ਲਾਲ ਪਰਵਰਤਿਤ ਹੁੰਦੀ ਰਹਿੰਦੀ ਹੈ। ਇਹ ਚੀਜ਼ ਇੱਥੇ ਇਕ ਯੰਤਰ ਨਾਲ ਸਿੱਧ ਕਰਕੇ ਵੀ ਦਿਖਾਈ ਜਾਂਦੀ ਹੈ। ਉਥੇ ਵਾਪਰੀਆਂ ਕਈ ਘਟਨਾਵਾਂ ਦੀ ਫੋਟੋਗ੍ਰਾਫੀ ਵਿੱਚ ਵੀ ਅਜੀਬੋ-ਗਰੀਬ ਵਸਤਾਂ ਦਿਖਾਈਆਂ ਗਈਆਂ ਹਨ। ਜਿਵੇਂ ਫੋਟੋ ਵਿੱਚ ਅੱਧੇ ਧੜ ਦੀ ਹੀ ਪਿਕਚਰ ਆਉਣੀ,ਜਾਂ ਧਰਤੀ ਤੋਂ ਉਪਰ ਹਵਾ 'ਚ ਖੜੇ ਦਿਸਣਾ ਜਾਂ ਹਵਾ ਵਿੱਚ ਲੰਮੇ ਪਿਆ ਦਿਸਣਾ। ਸਰੀਰ ਦੇ ਸੁੰਗੜ ਜਾਣ ਨੂੰ ਕਈ ਢੰਗਾਂ ਨਾਲ ਦਿਖਾਇਆ ਗਿਆ ਹੈ ਜਿਵੇਂ ਉਥੇ ਗੱਡੇ ਹੋਏ ਪੋਲ ਦੇ ਨਾਲ ਖੜਕੇ ਆਪਣੀ ਅੱਖ ਦੇ ਹੇਠਲੇ ਹਿੱਸੇ ਦੇ ਬਰਾਬਰ ਪੋਲ ਤੇ ਸਿੱਕਾ ਚਿਪਕਾ ਦਿਉ ਜਦ ਤੁਸੀਂ ਪੋਲ ਦੇ ਦੁਆਲੇ ਗੇੜਾ ਕੱਢ ਕੇ ਵਾਪਸ ਉਸ ਜਗਾਹ ਤੇ ਆਉਗੇ ਤਾਂ ਵੇਖੋਗੇ ਕਿ ਉਹੀ ਸਿੱਕਾ ਤੁਹਾਡੀ ਅੱਖ ਦੇ ਉਪਰਲੇ ਹਿੱਸੇ ਨੂੰ ਛੋਹ ਰਿਹਾ ਹੈ। ਇਸ ਏਰੀਏ ਵਿੱਚ ਉਗੇ ਦਰੱਖਤਾਂ ਦੇ ਤਣਿਆਂ ਦੀ ਟੇਢ ਮੇਢ ਨੂੰ ਇਸੇ ਫੋਰਸ ਦਾ ਨਤੀਜਾ ਮੰਨਿਆ ਜਾਂਦਾ ਹੈ। ਕੁਝ ਵੀ ਹੈ ਆਮ ਲੋਕਾਂ ਲਈ ਇਹ ਇਕ ਰਹੱਸਮਈ ਚੀਜ਼ ਹੈ। ਹੋ ਸਕਦੈ ਕੋਈ ਮਨੁੱਖੀ ਸ਼ੈਤਾਨੀ ਦਿਮਾਗ ਨਾਮਣਾ ਖੱਟਣ, ਪੈਸੇ ਕਮਾਉਣ ਲਈ ਇਹਨਾਂ ਗੱਲਾਂ ਨੂੰ ਕਿਸੇ ਲੁਕਵੇਂ ਢੰਗ ਨਾਲ ਸ਼ੋਅ ਕਰਕੇ ਲੋਕਾਂ ਨੂੰ ਬੁਧੂ ਬਣਾ ਰਿਹਾ ਹੋਵੇ ਪਰ ਦਹਾਕਿਆਂ ਤੋਂ ਲੱਖਾਂ ਲੋਕ ਇਸ ਨੂੰ ਵੇਖਣ ਆਉਂਦੇ ਹਨ, ਫੋਟੋਆਂ ਖਿੱਚ ਕੇ ਲਿਜਾ ਰਹੇ ਹਨ। ਅਠਾਰਾਂ ਡਿਗਰੀ ਉਪਰ ਝੁਕੇ ਕਮਰੇ ਵਿੱਚ ਸ਼ਕਤੀਆਂ ਮਹਿਸੂਸ ਕਰਦੇ ਹਨ। ਜਿਹਨਾਂ ਦੀ ਵਿਆਖਿਆ 'ਮਿਸਟਰ ਜ਼ੌਅ' ਕਰਦਾ ਰਹਿੰਦਾ ਹੈ। ਪਰ ਕਈ ਵਿਗਿਆਨੀ ਇਸ ਨੂੰ ਕੁਦਰਤ ਦਾ ਕੋਈ ਵੱਖਰਾ ਕ੍ਰਿਸ਼ਮਾ ਨਾ ਮੰਨਦਿਆਂ ਇਸ ਦੀ ਵਿਆਖਿਆ ਫਿਜ਼ਿਕਸ ਦੇ ਨਿਯਮਾਂ ਅਧੀਨ ਹੀ ਕਰਦੇ ਹਨ। ਅਤੇ ਇਸ ਨੂੰ ਨਜ਼ਰਾਂ ਦਾ ਭਰਮ ਸਿੱਧ ਕਰਦੇ ਹਨ। ਸਾਨੂੰ ਵੀ ਜ਼ੋਅ ਨੇ ਇਕ ਘੰਟਾ ਭਰ ਲੈਕਚਰ ਦਿੱਤਾ ਅਤੇ ਇਸ ਨੂੰ ਭੌਤਿਕ ਵਿਗਿਆਨ ਦੇ ਨਿਯਮਾਂ ਦਾ ਅਪਵਾਦ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਕੱਦ ਛੋਟਾ ਹੋ ਜਾਣ ਦਾ ਤਜਰਬਾ ਵੀ ਉਸਨੇ ਕਰ ਕੇ ਵਿਖਾਇਆ। ਇਸ ਸਥਾਨ ਤੇ ਗਿਫਟ ਹਾਊਸ ਵਿੱਚ ਅਨੇਕਾਂ ਕਿਸਮ ਦੇ ਕਰਿਸਟਲਜ਼ ਅਤੇ ਯਾਦਗਾਰੀ ਵਸਤਾਂ ਸਨ।ਢਾਈ ਘੰਟੇ ਅਸੀਂ ਇੱਥੇ ਲਾਏ। ਸਾਨੂੰ ਇਹ ਵੀ ਪਤਾ ਲੱਗਿਆ ਕਿ ਪੂਰਬੀ ਪਾਸੇ ਸੈਂਟ ਮੈਰੀ ਗੇਟ ਤੋਂ ਅੱਗੇ ਜਾ ਕੇ ਇਕ ਹੋਰ ਰਸਤਾ ਵੀ ਹੈ ਅਤੇ ਉਥੇ 'ਸਵਿਫਟ ਕਰੰਟ ਰਿਜ਼ ਲੇਕ' ਵੀ ਵੇਖਣ ਵਾਲੀ ਜਗਾਹ ਹੈ। ਹੁਣ ਸਾਡੀ ਪਲਾਨ ਇਹ ਸੀ ਕਿ ਕੱਲ ਨੂੰ ਜਾਂ ਤਾਂ ਇਹ ਝੀਲ ਵੇਖਕੇ ਆਈਏ ਜਾਂ ਕਿਵੇਂ ਨਾ ਕਿਵੇਂ ਵੈਸਟ ਗਲੇਸ਼ੀਅਰ ਪਾਰਕ ਤੋਂ ਇੰਟਰ ਹੋਣ ਲਈ ਯਤਨ ਕਰੀਏ। ਇਸ ਲਈ ਸੁਭਾ 6 ਵਜੇ ਤੋਂ ਪਹਿਲਾਂ ਉਥੇ ਪਹੁੰਚੀਏ।

ਸੁਭਾ ਜਲਦੀ ਉਠਕੇ ਅਸੀਂ ਤਿਆਰ ਹੋ ਰਹੇ ਸੀ ਕਿ ਸਾਨੂੰ ਪਾਸ ਲੈਣ ਵਾਲੀ ਸਾਈਟ ਖੁੱਲੀ ਮਿਲ ਗਈ ਜਿੱਥੇ 'ਪਹਿਲਾਂ ਆਉ ਪਹਿਲਾਂ ਪਾਉ' ਦੇ ਆਧਾਰ ਤੇ ਪਾਸ ਦਿੱਤੇ ਜਾ ਰਹੇ ਸਨ ਤੇ ਸਾਨੂੰ ਮੌਕਾ ਮਿਲ ਗਿਆ। ਦੋ ਡਾਲਰ ਭਰਕੇ ਸਾਡੀ ਗੱਡੀ ਦੀ ਰੀਜ਼ਰਵੇਸ਼ਨ ਹੋ ਗਈ।ਹੁਣ ਅਸੀਂ ਮੌਜ ਨਾਲ 8 ਵਜੇ ਤੋਂ ਪਹਿਲਾਂ ਉਥੇ ਪਹੁੰਚੇ ਅਤੇ 'ਗੋਇੰਗ ਟੂ ਸਨ ਰੋਡ' ਤੇ ਆ ਗਏ।

'ਐਪਗਾਰ ਵਿਜ਼ਟਰ ਸੈਂਟਰ' ਕੋਲੋਂ ਸੜਕ ਸੱਜੇ ਨੂੰ ਅਤੇ ਖੱਬੇ ਨੂੰ ਦੋਪਾਸੀਂ ਮੁੜਦੀ ਹੈ। ਖੱਬੇ ਪਾਸੇ ਨੂੰ ਜਾਂਦੀ ਸੜਕ ਨੂੰ 'ਲਾਮਾਸ ਰੋਡ' ਆਖਦੇ ਹਨ ਅਤੇ ਇਸ ਉਪਰ ਅੱਗੇ ਜਾਕੇ ਕਈ ਪਗਡੰਡੀਆਂ ਹਨ। ਪਰ ਸੱਜੇ ਪਾਸੇ ਮੁੜ ਕੇ 'ਸਨ ਰੋਡ' ਆ ਜਾਂਦੀ ਹੈ ਜਿਸ ਦਾ ਆਪਣਾ ਵੱਖਰਾ ਹੀ ਆਨੰਦ ਹੈ। ਵਲ ਵਲਾਵੇਂ ਖਾਂਦੀ, ਪਹਾੜਾਂ ਦੀ ਚੋਟੀ ਤੇ ਕੁੰਡਲ ਬਣਾਉਂਦੀ ਪੂਰਬ ਵਾਲੇ ਪਾਸੇ 'ਸੈਂਟ ਮੇਰੀ ਗੇਟ' ਤੇ ਜਾ ਨਿਕਲਦੀ ਹੈ। ਇਸੇ ਰੋਡ ਉਪਰ ਜਾਂਦਿਆਂ ਖੱਬੇ ਹੱਥ 10 ਮੀਲ ਤੱਕ 'ਮੈਕਡਨਾਲਡ ਲੇਕ' ਨਾਲ ਨਾਲ ਚੱਲਦੀ ਰਹਿੰਦੀ ਹੈ। ਇਹ ਮੀਲ ਦੇ ਲੱਗਭੱਗ ਚੌੜਾਈ ਵਾਲੀ ਅਤੇ 472 ਫੁੱਟ ਡੂੰਘੀ ਝੀਲ ਹੈ ਇਹ। ਇਸੇ ਸੜਕ ਤੋਂ 'ਸਪਰੇਕ ਕਰੀਕ' ਤੇ ਜਾਇਆ ਜਾ ਸਕਦਾ ਹੈ।

'ਮੈਕਡਨਾਲਡ ਫਾਲ' ਵੀ ਇਸੇ ਸੜਕ ਉਪਰ ਆਉਂਦਾ ਹੈ। ਸਾਫ ਸੁਥਰੇ ਨੀਲੇ ਰੰਗ ਦੇ ਪਾਣੀ ਨੂੰ ਥੱਲੇ ਡਿੱਗਦਿਆਂ ਵੇਖ ਮਨ ਨੂੰ ਅਜੀਬ ਜਿਹਾ ਹੁਲਾਸ ਮਿਲਦਾ ਹੈ।ਲੱਗਭੱਗ 16 ਮੀਲ ਦੀ ਦੂਰੀ ਤੇ 'ਐਵਾਲੈਂਚੇ ਕਰੀਕਅਤੇ ਟ੍ਰੇਲ ਆਫ ਸੈਡਰ ਨੇਚਰ' ਆ ਜਾਂਦੀਆਂ ਹਨ। ਇੱਥੇ ਰੈਸਟਿੰਗ ਏਰੀਆ ਅਤੇ ਪਾਰਕਿੰਗ ਬਣੀ ਹੋਈ ਹੈ।ਇੱਥੋਂ ਹੀ ਐਵਾਲੈਚੇ ਲੇਕਲਈ ਉਤਾਂਹ ਨੂੰ ਚੜਾਈ ਸ਼ੁਰੂ ਕੀਤੀ ਜਾਂਦੀ ਹੈ। ਜਦੋਂ ਅਸੀਂ ਗਏ ਸੀ ਤਾਂ ਅੱਗੇ ਦਾ ਰਸਤਾ ਬੰਦ ਸੀ ਕਿਉਂਕਿ ਉਪਰੋਂ ਬਰਫ ਪੂਰੀ ਤਰ੍ਹਾਂ ਖੁਰੀ ਨਹੀਂ ਸੀ।ਅਤੇ ਉਪਰ ਜਾਣਾ ਨਿਹਾਇਤ ਖਤਰਨਾਕ ਸੀ। ਇਸੇ ਏਰੀਏ ਵਿੱਚ ਉਚੇ ਉਚੇ ਪਰਬਤ ਹਨ।ਜਿਵੇਂ ਕਿ ਸਟੈਨਟਨ ਪਰਬਤ 7750 ਫੁਟ, ਮਾਊਂਟ ਵਾਟ 8850 ਫੁੱਟ ਉਚੇ ਅਤੇ ਸੱਭ ਤੋਂ ਉਚੀਆਂ ਚੋਟੀਆਂ ਮਾਊਂਟ ਜੈਕਸਨ 10052 ਫੁੱਟ ਮਾਊਂਟ ਸਟਨਸਨ 10042 ਫੁੱਟ ਹਨ। ਅੱਜ 'ਹਿਡਨ ਲੇਕ' ਵੱਲ ਜਾਣ ਲਈ ਰਸਤਾ ਵੀ ਬੰਦ ਸੀ। ਇੱਥੇ ਅਸੀਂ ਰੈਸਟ ਰੂਮ ਦੀ ਵਰਤੋਂ ਕਰਕੇ ਮੰਜ਼ਿਲ ਵੱਲ ਚਾਲੇ ਪਾ ਦਿੱਤੇ। ਐਵਾਲੈਂਚੇ ਲੇਕ ਤੇ ਜਾਣ ਲਈ ਅਸੀਂ 'ਟ੍ਰੇਲਜ਼ ਆਫ ਸੈਡਰ ਟ੍ਰੇਲਹੈਡ' ਤੋਂ ਚੜਾਈ ਸ਼ੁਰੂ ਕੀਤੀ, ਝੀਲ ਤੇ ਜਾਕੇ ਵਾਪਿਸ ਆਉਣ ਦਾ ਕੁਲ ਸਫਰ 4.5 ਮੀਲ ਦਾ ਬਣਦਾ ਹੈ।ਕੁਝ ਦੂਰੀ ਤੱਕ ਇਹ ਪਗਡੰਡੀ ਲੱਕੜੀ ਦੇ ਫੱਟਿਆ ਤੇ ਬਣੀ ਹੋਈ ਹੈ,ਅੱਧਾ ਕੁ ਮੀਲ ਜਾਣ ਤੇ ਐਵਾਲੈਂਚ ਕਰੀਕ ਆ ਮਿਲਦੀ ਹੈ।ਉਥੇ ਪਾਣੀ ਹੇਠਾਂ ਡਿੱਗਦਾ ਇਕ ਝਰਨਾ ਬਣ ਜਾਂਦਾ ਹੈ। ਪਗਡੰਡੀ ਦੇ ਖੱਬੇ ਹੱਥ ਮੁੜਦਿਆਂ ਹੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ।ਅੱਗੇ ਸੰਘਣਾ ਜੰਗਲ ਆ ਜਾਂਦਾ ਹੈ। ਐਵਾਲੈਚ ਕਰੀਕ ਦੇ ਨਾਲ ਨਾਲ ਜਾਂਦਿਆਂ ਕੁਝ ਦੂਰੀ ਉਪਰ ਇਕ ਜਗਾਹ ਬਣੀ ਹੋਈ ਹੈ ਉਥੇ ਖੜਕੇ ਸਾਹਮਣੇ ਦੇਖਣ ਤੇ ਪਤਾ ਲੱਗਦਾ ਕਿ ਗਲੇਸ਼ੀਅਰਾਂ ਦੇ ਪਿਘਲੇ ਪਾਣੀਆਂ ਦੀ ਹੈਰਾਨ ਕਰਨ ਵਾਲੀ ਤਾਕਤ ਕੀ ਹੈ। ਜਦੋਂ ਇਹ ਪਹਾੜਾਂ ਦੀਆਂ ਤੰਗ ਖੱਡਾਂ ਵਿੱਚ ਵਹਿੰਦਾ ਹੈ। (Amazing power of glacially melted water as it rushes through the narrow gorge) ਲੱਗਭੱਗ 1.1 ਮੀਲ ਉਪਰ ਜਾਂਦਿਆਂ ਇਹ ਰਸਤਾ ਐਵਾਲੈਂਚ ਕਰੀਕ ਤੋਂ ਵੱਖ ਹੋ ਜਾਂਦਾ ਹੈ। 1.6 ਮੀਲ ਦੇ ਦੂਰੀ ਤੇ ਹਿਡਨ ਕਰੀਕ ਅਤੇ ਐਵਾਲੈਂਚ ਕ੍ਰੀਕ ਦੇ ਸੰਗਮ ਸਥਾਨ ਉਪਰ ਪਿੱਛੇ ਜਿਹੇ ਆਏ ਤੂਫਾਨ ਨਾਲ ਬਹੁਤ ਹੀ ਵੱਡੇ ਵੱਡੇ, ਕਾਫੀ ਦਰੱਖਤ ਡਿੱਗ ਪਏ ਸਨ।

ਮੈਨੂੰ ਅਤੇ ਜਰਨੈਲ ਨੂੰ ਉਪਰ ਚੜਨਾ ਔਖਾ ਲੱਗ ਰਿਹਾ ਸੀ।ਸਾਹਮਣੇ ਤੋਂ ਆ ਰਹੇ ਜਿਸ ਵੀ ਸੈਲਾਨੀ ਨੂੰ ਅਸੀਂ 'ਕਿੰਨੀ ਦੂਰੀ ਹੈ' ਬਾਰੇ ਪੁੱਛਿਆ ਤਾਂ ਕਿਸੇ ਨੇ ਪੰਜਾਬੀਆਂ ਵਾਂਗ ਇਹ ਨਹੀਂ ਕਿਹਾ, 'ਬੱਸ ਆ ਗੇ ਜੀ ਤੁਸੀਂ ਤਾਂ, ਅਹੁ ਸਾਹਮਣੇ ਈ ਐ 'ਪਰ ਇਹ ਜ਼ਰੂਰ ਕਿਹਾ 'ਵੈਰੀ ਬਿਊਟੀਫੁੱਲ' ਵੈਰੀ ਸ਼ਬਦ ਨੂੰ ਇਹਨਾਂ ਲਮਕਾ ਕੇ ਕਿਹਾ ਜਿਵੇਂ ਕੁਦਰਤ ਦੀ ਸਾਰੀ ਸੁੰਦਰਤਾ ਉਥੇ ਹੀ ਪਈ ਹੋਵੇ। ਦੂਰੀ ਬਾਰੇ ਤਾਂ ਸ਼ਬਦਾਂ ਨੂੰ ਮੂੰਹ 'ਚ ਹੀ ਘੁੱਟ ਜਾਂਦੇ ਸਨ 'ਤੇ ਸਾਡਾ ਹੌਂਸਲਾ 'ਵੈਰੀ ਬਿਊਟੀਫੁੱਲ' ਨਾਲ ਵੱਧਦਾ ਹੀ ਜਾ ਰਿਹਾ ਸੀ, ਅਸੀਂ ਰੱਬ ਦਾ ਨਾਂ ਲੈਕੇ ਚੜਾਈ ਚੜਦੇ ਹੀ ਗਏ।ਅਸਲ ਵਿੱਚ ਸਾਡੇ ਹੌਂਸਲੇ ਨੂੰ ਪੱਠੇ ਜੋ ਪੈ ਰਹੇ ਸਨ, ਅਸੀਂ ਵੀ ਮਨ ਵਿੱਚ ਧਾਰ ਲਈ ਕਿ ਹੁਣ ਮੱਥਾ ਟੇਕ ਕੇ ਹੀ ਮੁੜਾਂਗੇ।ਡਿੱਗਦੇ ਖਹਿੰਦੇ ਪਹੁੰਚ ਗਏ। ਹਰੇ, ਚਿੱਟੇ, ਭੂਰੇ, ਕਾਲੇ ਅਤੇ ਹੋਰ ਕਈ ਰੰਗਾਂ ਦੀ ਭਾਅ ਮਾਰਦੇ ਪਰਬਤਾਂ ਵਿੱਚ ਘਿਰੀ ਐਵਾਲੈਂਚ ਝੀਲ ਜਿਵੇਂ ਕੋਈ ਮਹਾਰਾਨੀ ਦੈਂਤੀ ਪਹਿਰੇਦਾਰਾਂ ਦੇ ਘੇਰੇ ਵਿੱਚ ਆਰਾਮ ਨਾਲ ਲੇਟੀ ਹੋਵੇ।ਵਾਕਿਆ ਹੀ ਉਥੇ ਦੋ ਢਾਈ ਘੰਟੇ ਬਹਿਕੇ, (ਉਥੇ ਬੈਠਣ ਲਈ ਕੋਈ ਡੈਸਕ ਵਗੈਰਾ ਨਹੀਂ। ਪਹਾੜਾਂ ਤੋਂ ਰੁੜ ਕੇ ਆਏ ਵਿਸ਼ਾਲ ਦਰੱਖਤਾਂ ਦੇ ਤਣਿਆਂ ਦੇ ਬਣੇ ਖੁੰਢ ਅੱਡ ਅੱਡ ਆਕਾਰਾਂ 'ਚ ਅਤੇ ਅੱਡ ਅੱਡ ਪੁਜੀਸ਼ਨਾਂ 'ਚ ਪਏ ਹਨ।ਇਹਨਾਂ ਉਪਰ ਬੈਠ ਕੇ ਸੈਲਾਨੀ ਇਹਨਾਂ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ।) ਕਾਇਨਾਤੀ ਨਜ਼ਾਰੇ ਦਾ ਆਨੰਦ ਮਾਣਿਆ। ਧੁੱਪ ਨਾਲ ਚਮਕਦੀ ਪਹਾੜਾਂ 'ਤੇ ਪਈ ਬਰਫ, ਝੀਲ ਦੇ ਪਾਣੀ 'ਚ ਪੈਂਦੇ ਪ੍ਰਛਾਵੇਂ ਅਤੇ ਚਿੱਟੀਆਂ ਦੁੱਧ ਵਰਗੀਆਂ ਸੂਰਜ ਦੀਆਂ ਕਿਰਨਾਂ, ਮਾਨੋ ਸਵਰਗ ਦਾ ਨਜ਼ਾਰਾ ਪੇਸ਼ ਕਰ ਰਹੇ ਹੋਣ।(ਵੈਸੇ ਸਵਰਗ ਵੇਖਿਆ ਮੈਂ ਵੀ ਨਹੀਂ, ਲੋਕਾਂ ਤੋਂ ਸੁਣਿਆ ਸੁਣਾਇਆ ਹੀ ਹੈ)। ਐਵਾਲੈਂਚ ਲੇਕ ਦੇ ਦੱਖਣ ਪੱਛਮ ਵਿੱਚ 8684 ਫੁੱਟ ਉਚਾ ਪਰਬਤ 'ਬੀਅਰਹੱਟ ਮਾਊਨਟੈਨ' ਹੈ ਅਤੇ ਝੀਲ ਦੇ ਪਾਣੀ ਦਾ ਸੋਮਾ 'ਸਪੈਰੀ ਗਲੇਸ਼ੀਅਰ' ਹੈ। ਝੀਲ ਦੀ ਕੁਲ ਲੰਬਾਈ 3182 ਫੁੱਟ ਹੈ।ਅਤੇ ਚੌੜਾਈ 984 ਫੁੱਟ ਹੈ।ਦੱਖਣ ਵਾਲੇ ਪਾਸੇ 7886 ਫੁੱਟ ਉਚੇ ਪਰਬਤ ਹਨ :ਪਰਬਤਾਂ ਤੋਂ ਕਈ ਝਰਨੇ ਝੀਲ ਵਿੱਚ ਡਿੱਗਦੇ ਹਨ।

ਰਸਤੇ ਵਿੱਚ ਵਾਤਾਵਰਣ ਵਿੱਚ ਸਿਲ ਜ਼ਿਆਦਾ ਹੋਣ ਕਰਕੇ 'ਸੀਦਾਰ' ਦੇ ਦਰੱਖਤਾਂ ਦੀ ਉਚਾਈ ਸੌ ਫੁੱਟ ਤੋਂ ਵੀ ਉਚੀ ਚਲੀ ਜਾਂਦੀ ਹੈ। ਉਹਨਾਂ ਦੇ ਤਣੇ ਦਾ ਘੇਰਾ 4 ਤੋਂ 7 ਫੁੱਟ ਹੋ ਜਾਂਦਾ ਹੈ।ਕਈ ਦਰੱਖਤ ਤਾਂ ਪੰਜ ਸੌ ਸਾਲ ਪੁਰਾਣੇ ਹਨ।

ਦੂਸਰੀ ਵੇਖਣ ਵਾਲੀ ਝੀਲ 'ਹਿਡਨ ਲੇਕ' ਹੈ ਜਿਸ ਉਪਰ ਪਹੁੰਚਣ ਲਈ 'ਲਾਗਨ ਪਾਸ' ਤੋਂ ਚੜ੍ਹਾਈ ਸ਼ੁਰੂ ਕਰਨੀ ਪੈਂਦੀ ਹੈ 'ਲਾਗਨ ਪਾਸ ਵਿਜਟਰ ਇਨਫਾਰਮੇਸ਼ਨ ਸੈਂਟਰ' 6700 ਫੁੱਟ ਦੀ ਉਚਾਈ ਤੇ ਹੈ। ਸਨ ਰੋਡ ਦੀ ਬੈਕਸਾਈਡ ਤੋਂ ਇਕ ਕੁਦਰਤੀ ਪਗਡੰਡੀ ਹਿਡਨ ਲੇਕ ਦਾ ਨਜ਼ਾਰਾ ਤੱਕਣ ਲਈ ਜਾਂਦੀ ਹੈ। ਪਹਿਲਾਂ ਬੋਰਡਵਾਕ ਹੈ ਫਿਰ ਲਗਾਤਾਰ ਉਪਰ 'ਗਰੇਵਲ ਟਰੇਲ' ਹੈ। ਸੈਂਟਰ ਦੇ ਪੱਛਮ ਵੱਲੋਂ ਹਾਈਕ ਸ਼ੁਰੂ ਹੋ ਜਾਂਦੀ ਹੈ।ਪਹਿਲਾਂ ਫੁੱਲਾਂ ਦਾ ਬਾਗ ਜਿਸਨੂੰ 'ਹੈਂਗਿੰਗ ਗਾਰਡਨ' ਵੀ ਕਿਹਾ ਜਾਂਦਾ ਹੈ, ਅੱਖਾਂ ਨੂੰ ਆਨੰਦ ਦਿੰਦਾ ਹੈ। ਫਿਰ 'ਕਲੈਮੈਂਟਪਰਬਤ' ਦਿਖਾਈ ਦਿੰਦਾ ਹੈ। ਉਪਰ ਜਾਂਦਿਆਂ ਪਹਾੜੀ ਬੱਕਰੀਆਂ ਅਤੇ ਕਦੇ ਕਦੇ ਗਰਿਜ਼ਲੀ ਬੀਅਰਜ਼ ਵੀ ਵੇਖੇ ਜਾ ਸਕਦੇ ਹਨ।

ਉਚਾਈ ਉਪਰ ਜਾ ਕੇ ਲੱਕੜ ਦੇ ਬਣੇ ਡੈਕ ਉਪਰ ਖੜ੍ਹ ਕੇ ਹੇਠਾਂ ਦਿਖਾਈ ਦਿੰਦੀ ਝੀਲ ਦੀ ਝਲਕ ਤਾਂ ਮਿਲਦੀ ਹੀ ਹੈ, ਆਸੇ ਪਾਸੇ ਦੇ ਨਜ਼ਾਰੇ ਵੇਖ ਕੇ ਦੁੱਖ ਤਕਲੀਫਾਂ ਭੁੱਲ ਜਾਂਦੀਆਂ ਹਨ। ਫਿਰ ਪਗਡੰਡੀਆਂ ਉਪਰ ਥੱਲੇ ਨੂੰ ਆ ਕੇ ਹਿਡਨ ਲੇਕ ਦੇ ਕਿਨਾਰੇ ਤੇ ਪਹੁੰਚਿਆ ਜਾਂਦਾ ਹੈ। ਜਦੋਂ ਸੂਰਜ ਦੀਆਂ ਕਿਰਨਾਂ ਮਾਊਨਟੇਨ ਨੂੰ ਛੋਂਹਦੀਆਂ ਹਨ ਅਤੇ ਪਹਾੜੀਆਂ ਦੀਆਂ ਸਿਖਰਾਂ ਸੋਨ-ਸੰਤਰੀ ਲੱਗਦੀਆਂ ਹਨ। ਅਸਲ ਵਿੱਚ ਫੋਟੋਗ੍ਰਾਫੀ ਕਰਨ ਦਾ ਵਧੀਆ ਮੌਕਾ ਸੂਰਜ ਦੇ ਚੜ੍ਹਦਿਆਂ ਅਤੇ ਛਿਪਦਿਆਂ ਸਮੇਂ ਹੁੰਦਾ ਹੈ। ਬਰਫ ਪਈ ਹੋਣ ਕਰਕੇ ਬੰਦ ਹੋਏ ਰਸਤਿਆਂ ਦੇ ਕਾਰਨ ਅਸੀਂ ਹਿਡਨ ਲੇਕਤੇ ਨਹੀਂ ਜਾ ਸਕੇ। ਬਾਕੀ ਕੁਝ ਦੇਖਦਿਆਂ ਸਾਨੂੰ ਡੇਢ ਵੱਜ ਗਿਆ ਸੀ ਅਤੇ ਸਾਡੀ ਅੱਜ ਵਾਪਸੀ ਵੀ ਸੀ।

ਵਾਪਿਸ ਮੁੜਦਿਆਂ ਕੈਲਿਸਪੈਲ ਸ਼ਹਿਰ ਤੋਂ ਪਹਿਲਾਂ ਸਾਹਮਣੇ 'ਸਵਾਨ ਪਰਬਤ' ਹੈ। ਉਸ ਦੇ ਅੱਗੇ ਫੁੱਲਾਂ ਨਾਲ ਲੱਦੇ ਮੈਦਾਨ, ਵਿੱਦਿਅਕ ਅਤੇ ਕਮਿਊਨਿਟੀ ਪ੍ਰੋਗਰਾਮਾਂ ਲਈ ਮਸ਼ਹੂਰ 'ਕਨਰਾਡ ਫੈਮਿਲੀ ਇਸਟੇਟ (1895 ਦਾ)' ਹੈ, ਇਸ ਨੂੰ ਦੇਖਣ ਦੀ ਟਿਕਟ ਲੱਗਦੀ ਹੈ।

ਜਰਨੈਲ ਕੋਲ ਆਪਣੇ ਇਕ ਪੁਰਾਣੇ ਮਿੱਤਰ ਦਾ ਐਡਰੈਸ ਆ ਗਿਆ ਸੀ ਜੋ ਕਿ ਨਾਰਥ ਵੱਲ ਜਾਂਦਿਆਂ ਕੈਨੇਡਾ ਦੇ ਬਾਰਡਰ ਦੇ ਨੇੜੇ ਇਕ ਟਾਊਨ 'ਯੂਰੇਕਾ' ਵਿੱਚ ਰਹਿੰਦਾ ਹੈ। ਰੂਟ ਨੰ.93 ਉਪਰ 66 ਮੀਲ ਦੀ ਦੂਰੀ ਤਹਿ ਕਰਕੇ ਅਸੀਂ ਯੂਰੇਕਾ ਪਹੁੰਚ ਗਏ। ਇਸ ਰੂਟ ਉਪਰ ਆਸੇ ਪਾਸੇ ਲੋਹੜਿਆਂ ਦੀ ਹਰਿਆਵਲ ਅਤੇ ਜ਼ਿਆਦਾ ਇਲਾਕਾ ਪੱਧਰਾ ਹੀ ਸੀ। ਪਹਿਲਾਂ ਮਸ਼ਹੂਰ ਸ਼ਹਿਰ 'ਵਾਈਟਫਿਸ਼' ਆਇਆ, 'ਵਾਈਟਫਿਸ਼ ਝੀਲ ਅਤੇ ਸਪੈਸਰ ਝੀਲ' ਤੋਂ ਅੱਗੇ ਪਹਾੜੀਆਂ ਸ਼ੁਰੂ ਹੋ ਜਾਂ-ਦੀਆ ਹਨ, North Spencer Mountain Trail,Bears Lake Trails,Dog Sledge Adventures, Great Northern Powder guides, Dog Creek Lodge and Nordic Centre South Dicky Lake and Fortune city, Kootenai, Horse Hound, Stone Hedge, Air Museum ਆਦਿ ਦੇਖਣ ਯੋਗ ਸਥਾਨ ਆਉਂਦੇ ਹਨ। ਕਿਉਂਕਿ ਅਸੀਂ ਇੱਥੇ ਰੁਕੇ ਨਹੀਂ ਅਤੇ ਦੋ ਘੰਟਿਆਂ ਦੇ ਸਫਰ ਬਾਅਦ ਅਸੀਂ ਪ੍ਰੇਮ ਜੀ ਦੇ ਸਟੋਰ ਉਪਰ ਪਹੁੰਚ ਗਏ।

ਮੈਦਾਨੀ ਇਲਾਕੇ ਵਿੱਚ ਯੂਰੇਕਾ ਇਕ ਕਸਬਾ ਟਾਈਪ ਸ਼ਹਿਰ ਹੈ।ਸ਼ੋਰ ਸ਼ਰਾਬੇ ਤੋਂ ਰਹਿਤ, ਵਧੀਆ ਵਾਤਾਵਰਣ, ਸਾਰੀਆਂ ਸਹੂਲਤਾਂ ਨਾਲ ਭਰਪੂਰ ਇਹ ਕਸਬਾ ਕੈਨੇਡਾ ਦੇ ਬਾਰਡਰ ਤੋਂ ਮਹਿਜ਼ 13 ਮੀਲ ਦੀ ਦੂਰੀ ਤੇ ਹੈ ਅਤੇ ਬਾਰਡਰ ਕਰਾਸਿੰਗ ਦਾ ਨਾਂ 'ਰੂਜ਼ਵਿਲ ਬਾਰਡਰ ਕਰਾਸਇੰਗ' ਹੈ। ਨੰ.93 ਰੂਟ ਕੈਨੇਡਾ ਦੇ ਕੈਲੇਗਰੀ ਸ਼ਹਿਰ ਨੂੰ ਜਾਂਦਾ ਹੈ। ਯੂਰੇਕਾ ਦੇ ਵਿੱਚ ਦੇਖਣਯੋਗ ਸਥਾਨ 'ਹਿਸਟਰੀਕਲ ਵਿਲਜ਼' ਹੈ। ਇਸ ਕਸਬੇ ਵਿੱਚ ਦੋ ਚਾਰ ਪੰਜਾਬੀ ਪਰਿਵਾਰ ਹੀ ਰਹਿੰਦੇ ਹਨ। ਪ੍ਰੇਮ ਜੀ ਨੇ ਇੱਥੇ ਕਾਫੀ ਵੱਡਾ ਜਨਰਲ ਸਟੋਰ ਖੋਲ੍ਹਿਆ ਹੋਇਆ ਹੈ। ਸ਼ਾਮ ਨੂੰ ਪ੍ਰੇਮ ਜੀ ਸਾਨੂੰ ਬਾਰਡਰ ਤੇ ਗੇੜਾ ਵੀ ਲਵਾ ਲਿਆਏ ਇਸੇ ਕਸਬੇ ਕੋਲ ਕੈਨੇਡਾ ਤੋਂ ਆਉ ਨਦੀ ਰਾਹੀਂ ਬਣਦੀ ਝੀਲ ਦੇ ਕੋਲ 'ਅਬੇਐਂਸ ਬੇ ਮਰੀਨਬੀਚ' ਵੀ ਅਸੀਂ ਵੇਖ ਆਏ। ਇੱਥੇ ਨਾਲ ਹੀ 'ਟਬਾਕੂ ਰਿਵਰ ਕੈਂਪ ਗਰਾਊਂਡ ਅਤੇ ਰੈਕਸਫੋਰਡ ਬੀਚ ਕੈਂਪਗਰਾਊਂਡ' ਵੇਖਣ ਵਾਲੀ ਜਗਾਹ ਹੈ।

ਦੂਸਰੇ ਦਿਨ ਸੁਭਾ ਬ੍ਰੇਕ ਫਾਸਟ ਕਰਕੇ ਅਸੀਂ ਵਾਪਸੀ ਪਾ ਦਿੱਤੀ। ਸਾਡੇ ਲਈ ਰਸਤੇ ਵਿੱਚ ਖਾਣ ਲਈ ਉਹਨਾਂ ਪੇਂਡੂ-ਪਰਾਉਂਠੇ ਵੀ ਬਣਾ ਦਿੱਤੇ। ਖਾਣ ਵੇਲੇ ਲੱਗਿਆ ਕਿ ਅਸੀਂ ਪੀਜ਼ੇ ਦਾ ਰੂਪ ਹੀ ਖਾ ਰਹੇ ਹਾਂ। ਯੂਰੇਕਾ ਸ਼ਹਿਰ ਤੋਂ ਰੂਟ ਨੰ. 37 ਉਪਰ ਜਾਕੇ 69 ਮੀਲ ਸਫਰ ਤਹਿ ਕਰਨ ਤੋਂ ਬਾਅਦ 'ਲਿਬੀ' ਸ਼ਹਿਰ ਤੋਂ ਹਾਈ ਵੇਅ-2 ਲੈਣਾ ਸੀ। ਕੈਨੇਡਾ ਤੋਂ ਆਉਂਦੀ ਨਦੀ, ਉਚੇ ਉਚੇ ਪਰਬਤਾਂ ਵਿੱਚ ਦੀ ਲੰਘਦੇ ਰੂਟ ਦੇ ਨਾਲ ਨਾਲ ਚੱਲਦੀ ਰਹਿੰਦੀ ਹੈ, ਕਿਤੇ ਚੌੜੀ ਹੋ ਜਾਂਦੀ ਹੈ ਅਤੇ ਕਿਤੇ ਸੁੰਗੜ ਜਾਂਦੀ ਹੈ। ਲਿਬੀ ਸ਼ਹਿਰ ਤੋਂ ਪੂਰਬ ਵੱਲ ਮੁੜਿਆਂ ਕੈਲਿਸਪੈਲ ਸ਼ਹਿਰ ਨੂੰ ਜਾਇਆ ਜਾਂਦਾ ਹੈ ਅਤੇ ਪੱਛਮ ਵੱਲ ਮੁੜਿਆ ਸਪੋਕੇਨ ਸ਼ਹਿਰ ਨੂੰ ਪਹੁੰਚਿਆ ਜਾਂਦਾ ਹੈ। ਲਿਬੀ ਸ਼ਹਿਰ ਦੇ ਆਸ ਪਾਸ 'ਜੇ ਨੀਲਜ਼ ਯਾਦਗਾਰੀ ਪਾਰਕ', ਕਈ ਝਰਨੇ ਅਤੇ ਵਿਸ਼ਾਲ ਪੁੱਲਾਂ ਦਾ ਨਜ਼ਾਰਾ ਲਿਆ ਜਾ ਸਕਦਾ ਹੈ। 'ਟਰਾਏ' ਸ਼ਹਿਰ ਵਿੱਚ ' ਯਾਕ ਰਿਵਰ ਕੰਪਾਊਂਡ' ਤੋਂ ਬਾਅਦ ਇਡਾਹੋ ਸਟੇਟ ਅਤੇ ਮੋਨਟਾਨਾ ਦਾ ਬਾਰਡਰ ਆ ਜਾਂਦਾ ਹੈ। ਮਸ਼ਹੂਰ ਸ਼ਹਿਰ 'ਬੋਨਰ ਫੈਰੀ' ਦੇ ਗੈਸ ਸਟੇਸ਼ਨ ਨਾਲ ਵੀ ਜਰਨੈਲ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ।

ਹੁਣ ਅਸੀਂ ਹਾਈ ਵੇਅ 2 ਉਪਰ ਦੱਖਣ ਪੱਛਮ ਵੱਲ ਜਾ ਰਹੇ ਸਾਂ। ਰੂਟ 2 ਅਤੇ ਰੂਟ 95 ਸੈਂਡਰਪੋਆਇੰਟ ਤੱਕ ਇਕੱਠੀਆਂ ਚੱਲਦੀਆਂ ਹਨ। ਇੱਥੇ ਆਕੇ ਦੋਨੋਂ ਰੂਟ ਵੱਖ ਵੱਖ ਹੋ ਜਾਂਦੇ ਹਨ। ਰਸਤੇ ਵਿੱਚ ਸ਼ੀਲੋਹ, ਐਲਮੀਰਾ, ਸਾਮਿਊਲ, ਬਰੌਨਕਸ, ਪੌਂਡਰੇਅ ਆਦਿ ਸ਼ਹਿਰ ਅਤੇ ਕਈ ਝੀਲਾਂ ਅਤੇ ਨਦੀਆਂ ਆਉਦੀਆਂ ਹਨ। ਵੱਖ ਵੱਖ ਰੂਟਾਂ ਰਾਹੀ ਸਪੋਕੇਨ ਸ਼ਹਿਰ ਵਿੱਚ ਪਹੁੰਚਿਆ ਜਾਂਦਾ ਹੈ।

ਕਿਉਂਕਿ ਅੱਜ ਅਸੀਂ ਕੁਲ 540 ਮੀਲ ਦੇ ਕਰੀਬ ਸਫਰ ਤਹਿ ਕਰਨਾ ਸੀ ਇਸ ਲਈ ਰਸਤੇ ਵਿੱਚ ਤਿੰਨ ਆਰਾਮਗਾਹਾਂ ਤੇ ਆਰਾਮ ਕੀਤਾ, ਤਰੋ ਤਾਜ਼ਾ ਹੋਏ, ਇਕ ਥਾਂ ਬੈਠ ਘਰੋਂ ਲਿਆਂਦੇ ਪਰਾਉਂਠੇ ਖਾਦੇ। 'ਸੀਗੁੱਲ' ।ਨਾਂ ਦੇ ਪੰਛੀਆਂ ਦੀ ਡਾਰ ਸਾਡੇ ਆਲੇ ਦੁਆਲੇ ਆ ਬੈਠੀ- ਇਸ ਝਾਕ ਨਾਲ ਕਿ ਸਾਨੂੰ ਖਾਣ ਨੂੰ ਬੁਰਕੀਆਂ ਮਿਲਣਗੀਆਂ ਪਰ ਅਫਸੋਸ! ਚਾਹੁੰਦਿਆਂ ਹੋਇਆਂ ਵੀ ਅਸੀਂ ਉਹਨਾਂ ਦੀ ਇਹ ਰੀਝ ਪੂਰੀ ਨਾ ਕਰ ਸਕੇ ਕਿਉਂਕਿ ਕਾਨੂੰਨ ਇੱਥੇ ਅਜਿਹਾ ਕਰਨ ਦੀ ਇਜ਼ਾਜ਼ਤ ਨਹੀਂ ਦਿੰਦਾ। ਪਹਿਲਾਂ ਚਹਿਕ ਰਹੇ ਪੰਛੀ, ਇੰਤਜ਼ਾਰ ਕਰਕੇ ਗੁੱਸੇ ਦਾ ਇਜ਼ਹਾਰ ਕਰਨ ਲੱਗੇ।

ਉਹਨਾਂ ਦੀਆਂ ਸੁਰਾਂ ਵਿੱਚ ਆਈ ਤਬਦੀਲੀ ਸਾਨੂੰ ਅਹਿਸਾਸ ਕਰਵਾ ਰਹੀ ਸੀ ਕਿ ਜਿਵੇਂ ਉਹ ਸਾਨੂੰ ਗਾਲ੍ਹਾਂ ਕੱਢ ਰਹੇ ਹੋਣ।ਵਾਰ ਵਾਰ ਉਡਕੇ ਉਹ ਸਾਡੇ ਵੱਲ ਵੱਧਦੇ ਲੱਗਦਾ ਸੀ ਜਿਵੇਂ ਉਹ ਹਮਲਾ ਕਰਨਾ ਚਾਹੁੰਦੇ ਹੋਣ। ਸ਼ੁਕਰ ਸੀ ਕਿ ਨਜ਼ਦੀਕ ਕਿਸੇ ਹੋਰ ਨੇ ਖਾਣੇ ਦਾ ਛਾਬਾ ਖੋਲ ਲਿਆ ਤੇ ਉਹ ਉਧਰ ਨੂੰ ਚਲੇ ਗਏ। ਸੁਭਾ ਦੇ ਚੱਲੇ ਸ਼ਾਮ 8 ਵਜੇ ਘਰੇ ਪਹੁੰਚੇ। ਧੰਨ ਸੀ ਜਰਨੈਲ ਜੀਹਨੇ ਲਗਾਤਾਰ ਗੱਡੀ ਚਲਾਈ ਅਤੇ ਉਹ ਵੀ ਇਸ ਉਮਰ 'ਚ ।ਕਿਸੇ ਸਹੀ ਕਿਹਾ, 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।'

# ਬਲਜਿੰਦਰ ਮਾਨ ਵੱਲੋਂ ਮਹਿਮਦਵਾਲ ਸਕੂਲ ਦੀ ਲਾਇਬਰੇਰੀ ਨੂੰ ਪੁਸਤਕਾਂ ਭੇਟ

**ਮਾਹਿਲਪੁਰ-** ਪਿੰਡ ਮਹਿਮਦਵਾਲ ਕਲਾਂ ਦੇ ਉਘੇ ਸਾਹਿਤਕਾਰ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਵੱਲੋਂ ਬੀਤੇ ਦਿਨੀਂ ਸਰਕਾਰੀ ਮਿਡਲ ਸਕੂਲ ਮਹਿਮਦਵਾਲ ਦੇ ਸਟਾਫ ਮੈਂਬਰਾਂ ਨੂੰ ਪੁਸਤਕਾਂ ਦਾ ਸੈਟ ਭੇਂਟ ਕੀਤਾ । ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਪੁਸਤਕਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ।ਮਨੁੱਖ ਦੀਆਂ ਸਭ ਤੋਂ ਉਤਮ ਸਾਥੀ ਪੁਸਤਕਾਂ ਹਨ ਜੋ ਹਮੇਸ਼ਾ ਉੱਚੀਆਂ ਮੰਜਿਲਾ ਦੇ ਰਾਹ ਵਿਖਾਉਂਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਨੂੰ ਫੋਨ ਨੂੰ ਛੱਡ ਕੇ ਪੁਸਤਕਾਂ ਨੂੰ ਪੜਨਾ ਚਾਹੀਦਾ ਹੈ।ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਨਾਲ



ਅੱਖਾਂ ਅਤੇ ਦਿਮਾਗ ਤੇ ਪੈ ਰਹੇ ਬੁਰੇ ਪ੍ਰਭਾਵਾਂ ਤੋਂ ਬਚਣ ਦਾ ਸਭ ਤੋਂ ਸੌਖਾ ਸਾਧਨ ਪੁਸਤਕਾਂ ਹਨ। ਇਸ ਮੌਕੇ ਉਨ੍ਹਾਂ ਨਾਲ ਪਿੰਡ ਦੇ ਸਰਪੰਚ ਅਮਰਜੀਤ ਸਿੰਘ ਭਾਈ ਵੀ ਹਾਜ਼ਰ ਹੋਏ। ਉਨ੍ਹਾਂ ਬਲਜਿੰਦਰ ਮਾਨ ਦੀਆਂ ਸਰਗਰਮੀਆਂ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਅਤੇ ਸਮਾਜਕ ਦੇਣ ਨੂੰ ਸਦਾ ਯਾਦ ਰੱਖਿਆ ਜਾਵੇਗਾ। ਸਕੂਲ ਮੁਖੀ ਸੁਨੀਲ ਕੁਮਾਰ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਸਟਾਫ਼ ਮੈਂਬਰ ਜਸਬੀਰ ਕੌਰ ਜਸਪ੍ਰੀਤ ਕੌਰ ਸਮੇਤ ਅਧਿਆਪਕ, ਬੱਚੇ ਅਤੇ ਮਾਪੇ ਹਾਜ਼ਰ ਸਨ।ਤਸਵੀਰ: ਬਲਜਿੰਦਰ ਮਾਨ ਸਕੂਲ ਮੁਖੀ ਸੁਨੀਲ ਕੁਮਾਰ ਅਤੇ ਸਟਾਫ਼ ਮੈਂਬਰਾਂ ਨੂੰ ਪੁਸਤਕਾਂ ਦਾ ਸੈਟ ਭੇਟ ਕਰਦੇ ਹੋਏ।

# ਨਵੇਂ ਮਨੁੱਖ ਦੀ ਸਿਰਜਣਾ ਦਾ ਸਾਹਿਤ-ਦਲਿਤ ਸਾਹਿਤ



ਐਸ ਐਲ ਵਿਰਦੀ, ਐਡਵੋਕੇਟ

ਸਮਾਜ ਵਿਚ ਧਰਮ ਦਾ ਧੂਆਂ ਧਾਰ ਪ੍ਰਚਾਰ ਹੋਣ ਦੇ ਬਾਵਜੂਦ ਵੀ ਮਨੁੱਖ ਵਿੱਚ ਪਹਿਲਾਂ ਨਾਲੋਂ ਅਨੈਤਿਕਤਾ ਵੱਧ ਰਹੀ ਹੈ। ਝੂਠ, ਤੁਫਾਨ, ਛਲ, ਫਰੇਬ ਵੱਧ ਰਿਹਾ ਹੈ। ਚੋਰੀ, ਡਕੈਤੀ, ਮਾਰ-ਧਾੜ, ਕਤਲੇਆਮ ਵੱਧ ਰਿਹਾ ਹੈ। ਸ਼ਰਾਬ, ਨਸ਼ੇ ਨੰਗੇਜ਼, ਵਿਭਚਾਰ ਵੱਧ ਰਿਹਾ ਹੈ। ਹਿੰਸਾ ਵੱਧ ਰਹੀ ਹੈ। ਮਿਲਾਵਟ, ਕਾਲਾ ਬਜ਼ਾਰੀ, ਤਸਕਰੀ, ਧੋਖਾ ਧੜੀ ਵੱਧ ਰਹੀ ਹੈ। ਦਿਖਾਵਾ, ਪਾਖੰਡ, ਅੰਧ ਵਿਸ਼ਵਾਸ ਵੱਧ ਰਿਹਾ ਹੈ। ਜਾਤ ਪਾਤ, ਛੂਆ-ਛਾਤ, ਭੇਦ ਭਾਵ ਵੱਧ ਰਿਹਾ ਹੈ। ਮੱਕਾਰੀ, ਵਿਸ਼ਵਾਸਘਾਤ ਵੱਧ ਰਿਹਾ ਹੈ। ਸਿਫ਼ਾਰਸ਼ ਵੱਧ ਰਹੀ, ਅਨਿਆਂ ਵੱਧ ਰਿਹਾ ਹੈ। ਮਾਨਸਿਕ ਤਨਾਅ, ਬੇਚੈਨੀ ਵੱਧ ਰਹੀ ਹੈ। ਹੋਰ ਤਾਂ ਹੋਰ ਮਨੁੱਖ ਪਹਿਲਾਂ ਨਾਲੋਂ ਧਰਮੀ ਨਹੀ ਸਗੋਂ ਅਧਰਮੀ ਹੁੰਦਾਂ ਜਾ ਰਿਹਾ ਹੈ।

ਬਹੁਸੰਖਿਅਕ ਲੋਕ ਜਰੂਰੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸੁਰੱਖਿਆ, ਸਨਮਾਨ, ਦਵਾਈ, ਪਾਣੀ ਤੋਂ ਸੱਖਣੀ ਕਿਉਂ ਹੈ? ਭੁੱਖਮਰੀ, ਬੇਰੋਜਗਾਰੀ, ਅਨਪੜ੍ਹਤਾ ਕਿਉਂ ਹੈ? ਬਹੁ ਸੰਖਿਅਕ ਲੋਕ ਕਦੀ ਠੰਢ ਨਾਲ, ਕਦੀ ਹੜ੍ਹ ਨਾਲ ਅਤੇ ਕਦੀ ਲੂਅ ਨਾਲ ਮਰਨ ਲਈ ਮਜ਼ਬੂਰ ਕਿਉ ਹਨ? ਧਾਰਮਿਕ ਆਗੂਆਂ ਦੇ ਤਪ ਪ੍ਰਤਾਪ ਦਾ ਇਹਨਾਂ ਉਤੇ ਪ੍ਰਭਾਵ ਕਿਉਂ ਨਹੀਂ ਪੈ ਰਿਹਾ?

ਮਨੁੱਖ ਦੀ ਖੂਬੀ ਇਹ ਵੀ ਹੈ ਕਿ ਉਹ ਵਿਰਸਾ, ਸੱਭਿਆਚਾਰ, ਪ੍ਰਕਿਰਤੀ ਦੇ ਨੇਮਾਂ ਨੂੰ ਸਮਝਣ ਅਤੇ ਸਮਾਜ ਦੇ ਅਨੁਭਵ ਕਰਨ ਦੀ ਸਮਰੱਥਾ ਰੱਖਦਾ ਹੋਇਆ ਵਿਕਾਸ ਕਰਦਾ ਹੈ। ਉਹ ਮਾਂ-ਪਿਉ, ਭੈਣ-ਭਰਾ, ਰਿਸ਼ਤੇਦਾਰਾਂ, ਵੱਡੇ-ਵਡੇਰਿਆਂ, ਅਧਿਆਪਕਾਂ-ਗੁਰੂਆਂ ਤੋਂ ਗਿਆਨ ਪ੍ਰਾਪਤ ਕਰਦਾ ਹੈ, ਉਥੇ ਅੱਜ ਉਸ ਕੋਲ ਕਿਤਾਬਾਂ, ਸਾਹਿਤ/ਇਤਿਹਾਸ, ਕਾਢਾਂ, ਮੋਬਾਈਲ ਦੇ ਰੂਪ ਵਿੱਚ ਵੀ ਇੱਕ ਵਿਸ਼ਾਲ ਗਿਆਨ ਦਾ ਭੰਡਾਰ ਹੈ।

ਮਨੁੱਖ ਦੇ ਦਿਮਾਗ ਨੇ ਵਿਕਸਿਤ ਹੋ ਕੇ ਮਨੁੱਖ ਨੂੰ ਤਰਕਸ਼ੀਲ ਬਣਾਇਆ, ਉਹ ਸੋਚਣ ਲੱਗ ਪਿਆ ਤੇ ਕੁਦਰਤ ਦੇ ਵਰਤਾਰਿਆਂ ਪ੍ਰਤੀ ਕਿੰਤੂ-ਪ੍ਰੰਤੂ, ਇਹ ਕਿਵੇਂ ਹੈ? ਇਹ ਕਿਉਂ ਹੈ? ਉਹ ਘਟਨਾਵਾਂ ਨੂੰ ਘੋਖਣ ਲੱਗ ਪਿਆ। ਇਸ ਘੋਖ ਪ੍ਰਵਿਰਤੀ ਨੇ, ਮਨੁੱਖ ਨੂੰ ਹੋਰਾਂ ਨਾਲ ਦੁੱਖ ਸਾਂਝਾ ਕਰਨ ਲਈ ਉਕਸਾਇਆ ਤਾਂ ਇਸ ਨਾਲ ਮਨੁੱਖ ਅੱਗੇ ਵੱਧਦਾ ਗਿਆ ਤੇ ਜਾ ਰਿਹਾ ਹੈ।

ਮਨੁੱਖ ਨੇ ਰਹਿਣ ਲਈ ਨੇਮ ਬਣਾਏ ਤਾਂ ਉਸ ਦਾ ਮਕਸਦ ਇੱਕੋ ਹੀ ਸੀ ਕਿ ਆਪਸੀ ਮਿਲਵਰਤਨ ਹੋਵੇ, ਸਹਯੋਗ ਹੋਵੇ। ਪਿਆਰ ਦਾ ਮਾਹੌਲ ਬਣੇ। ਪਿਆਰ ਮਨੁੱਖ ਦੀ ਵੱਖਰੀ ਵਿਲੱਖਣਤਾ ਹੈ। ਅਸਲੀ ਵਿਰਸਾ ਪਿਆਰ ਹੀ ਹੈ। ਇਹ ਮਨੁੱਖ ਹੀ ਹੈ, ਜਿਸ ਵਿੱਚ ਦਇਆ ਹੈ।

ਸਹਿਤ ਇਕ ਅਜਿਹਾ ਦਸਤਾਵੇਜ਼ ਹੈ, ਜਿਸ ਨਾਲ ਮਾਨਵਤਾ ਦੀਆਂ ਜੜ੍ਹਾਂ ਪੁੰਗਰਦੀਆਂ ਅਤੇ ਨਸ਼ਟ ਹੁੰਦੀਆਂ ਹਨ। ਕਿਸੇ ਦੇਸ਼, ਕੌਮ ਤੇ ਸਮਾਜ ਦੀ ਤਰੱਕੀ ਅਤੇ ਪਤਨ ਦਾ ਮੁੱਖ ਕਾਰਨ ਵੀ ਮਨੁੱਖ, ਸਾਹਿਤ/ਇਤਿਹਾਸ/ਸਭਿਆਚਾਰ ਹੀ ਹੈ। ਸਾਹਿਤ/ਇਤਿਹਾਸ ਨਾਲ ਹੀ ਸਭਿਆਚਾਰਕ ਵਿਰਸੇ ਬਣਦੇ ਤੇ ਢਹਿੰਦੇ ਹਨ।

ਸਾਹਿਤ ਮਨੁੱਖ ਦੇ ਸੁਖਮਈ ਵਿਕਾਸ ਯਾਤਰਾ ਦਾ ਦਸਤਾਵੇਜ਼ ਹੈ। ਸਾਹਿਤ ਸਾਨੂੰ ਇਹ ਦੱਸਦਾ ਹੈ ਕਿ ਮਨੁੱਖ ਨੇ ਅਮੀਬਾ ਤੋਂ ਉੱਨਤੀ ਕਰਕੇ ਪਹਿਲਾਂ ਚੰਪਾਈ, ਫਿਰ ਆਦਮੀ, ਫਿਰ ਇਨਸਾਨ ਅਤੇ ਫਿਰ ਵਧੀਆ ਇਨਸਾਨ ਬਣਨ ਦੀ ਕਿਵੇਂ ਸੂਝ ਪ੍ਰਾਪਤ ਕੀਤੀ ਹੈ ਮਨੁੱਖ ਨੇ ਹੀ ਸ੍ਰਿਸ਼ਟੀ/ਸੰਸਾਰ, ਕਲਪ-ਵਿਕਲਪ ਦਾ ਨਾਮਕਰਣ ਕਰਕੇ ਇਹ ਧਰਤੀ ਹੈ, ਇਹ ਅਕਾਸ਼ ਹੈ, ਇਹ ਹਵਾ ਹੈ, ਇਹ ਮਿੱਟੀ ਹੈ, ਇਹ ਜੰਗਲ, ਦਰਿਆ, ਸਮੁੰਦਰ ਹੈ ਆਦਿ ਅਣਗਿਣਤ ਦਾ ਨਾਮਕਰਨ ਕਰਕੇ ਪ੍ਰਕਿਰਤੀ ਨੂੰ ਉਪਯੋਗੀ ਬਣਾਇਆ ਹੈ ਅਤੇ ਅੱਗੋਂ ਬਣਾ ਰਿਹਾ ਹੈ।

ਸਮੇਂ ਸਮੇਂ ਦੇ ਦਰਮਿਆਨ ਕਿਸੇ ਦੇਸ਼, ਕੌਮ, ਸਮਾਜ ਨੇ ਕਿਵੇ ਜੀਵਨ ਬਿਤਾਇਆ, ਉਸ ਦਾ ਰਹਿਣ ਸਹਿਣ, ਰਾਜਨੀਤੀ, ਆਰਥਿਕਤਾ, ਧਰਮ, ਸਭਿਅਤਾ, ਬੋਲੀ, ਭਾਵਨਾਵਾਂ ਆਦਿ ਦਾ ਮੁਲਅੰਕਣ ਕਰਨਾ ਹੀ ਸਾਹਿਤ ਦਾ ਲਕਸ਼ ਹੁੰਦਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਸਾਹਿਤ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਅਗਾਊਂ ਆਉਣ ਵਾਲੀਆਂ ਪੀੜ੍ਹੀਆਂ ਸਾਹਿਤ/ਇਤਿਹਾਸ 'ਚੋਂ ਹੀ ਸਦਾਚਾਰੀ ਮਹਾਂਪੁਰਸ਼ਾਂ, ਯੋਧਿਆਂ, ਸ਼ਹੀਦਾਂ ਤੇ ਹੁਕਮਰਾਨਾਂ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ, ਸੰਘਰਸ਼ ਕਰਕੇ, ਦੂਸਰੀਆਂ ਕੌਮਾਂ ਦੇ ਬਰਾਬਰ ਸਨਮਾਨ ਜਨਕ ਹੋ ਜਾਂਦੀਆਂ ਹਨ। ਕੋਈ ਵੀ ਦੇਸ਼, ਕੌਮ ਅਤੇ ਸਮਾਜ ਸਾਹਿਤ ਨਾਲ ਹੀ ਪਛਾਣਿਆ ਜਾਂਦਾ ਹੈ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਤਾਂ ਇਸ ਦਾ ਇਹ ਅਰਥ ਹੋਇਆ ਕਿ ਸਾਹਿਤ ਵਿਚੋਂ ਦੇਸ਼, ਸਮਾਜ, ਸਭਿਅਤਾ, ਧਰਮ, ਆਰਥਿਕਤਾ, ਰਾਜਨੀਤੀ ਆਦਿ ਦੇ ਹੂ-ਬ-ਹੂ ਦਰਸ਼ਨ ਕੀਤੇ ਜਾ ਸਕਦੇ ਹਨ। ਪ੍ਰੰਤੂ ਹਿੰਦੋਸਤਾਨੀ ਸਥਾਪਿਤ ਸਾਹਿਤ/ਇਤਿਹਾਸ ਦਾ ਗੰਭੀਰ ਅਧਿਐਨ ਕਰਨ ਤੇ ਇਹ ਸਮੁੱਚਾ ਸਮਾਜ ਨਜ਼ਰ ਨਹੀਂ ਆਉਂਦਾ। ਕੀ ਸਾਹਿਤ-ਇਤਿਹਾਸ ਕੇਵਲ ਉੱਚ ਵਰਗਾਂ ਜਾਂ ਰਾਜੇ ਰਾਣੀਆਂ ਦਾ ਜੀਵਨ ਬਿਰਤਾਂਤ ਹੁੰਦਾ ਹੈ? ਅਸਲ 'ਚ ਸਾਹਿਤ/ਇਤਿਹਾਸ ਨੂੰ ਸਮਾਜ ਦਾ ਸ਼ੀਸ਼ਾ ਕਹਿਣ ਵਾਲੇ ਲੇਖਕ, ਸਾਹਿਤਕਾਰ ਸਹੀ ਅਰਥਾਂ 'ਚ ਸਾਹਿਤ-ਇਤਿਹਾਸ ਨੂੰ ਸਮਾਜ ਦਾ ਸ਼ੀਸ਼ਾ ਦਰਸਾਉਣ 'ਚ ਫੇਲ੍ਹ ਹੋਏ ਹਨ।

ਭਾਰਤ ਵਿਚ ਧਰਮ, ਸ਼ਾਸ਼ਤਰ, ਸਿਮਰਤੀਆਂ ਦਾ ਇੰਨਾ ਪ੍ਰਚਾਰ ਹੁੰਦੇ ਹੋਏ ਵੀ ਮਨੁੱਖ ਠੀਕ ਦਿਸ਼ਾ ਵਲ੍ਹ ਕਿਉ ਨਹੀਂ ਵੱਧ ਰਿਹਾ? ਅੱਖਾਂ ਹੁੰਦੇ ਹੋਏ ਵੀ ਉਸ ਨੂੰ ਉਪਰੋਕਤ ਸਭ ਕੁੱਝ ਦਿਖਾਈ ਕਿਉਂ ਨਹੀਂ ਦੇ ਰਿਹਾ? ਹੱਥ ਪੈਰ ਹੁੰਦੇ ਹੋਏ ਵੀ ਉਹ ਇਸ ਸਭ ਬੁਰਾਈਆਂ ਨੂੰ ਰੋਕ ਕਿਉਂ ਨਹੀਂ ਰਿਹਾ? ਦਿਮਾਗ ਹੁੰਦੇ ਹੋਏ ਵੀ ਮਨੁੱਖ ਦੂਜੇ ਮਨੁੱਖ ਨਾਲ ਪਸ਼ੂਆਂ ਵਾਂਗ ਵਿਵਹਾਰ ਕਿਉਂ ਕਰ ਰਿਹਾ ਹੈ? ਮਨੁੱਖ ਪ੍ਰੰਪਰਾਗਤ ਰੂੜੀਆਂ ਦੇ ਪਿੱਛੋਂ ਲਕੀਰ ਦਾ ਫਕੀਰ ਬਣ ਕਿਉਂ ਭੱਜ ਰਿਹਾ ਹੈ?

ਭਾਰਤ ਵਿਚ ਆਮ ਤੌਰ 'ਤੇ ਲੋਕਾਂ ਨੂੰ ਧਾਰਮਿਕ ਤੇ ਰਾਜਨੀਤਕ ਸਾਹਿਤ ਹੀ ਪੜ੍ਹਾਇਆ ਜਾਂਦਾ ਹੈ। ਜਦ ਕਿ ਸਾਹਿਤ ਨੂੰ ਸਾਰੇ ਲੋਕਾਂ ਦੇ ਜੀਵਨ ਵਿਵਹਾਰ ਦੀ ਗੱਲ ਕਰਨੀ ਚਾਹੀਦੀ ਹੈ। ਇੰਨਾ ਹੀ ਨਹੀਂ ਬਲਕਿ ਸਮਾਜ ਪ੍ਰੀਵਰਤਨ ਦੇ ਮੱਧਮ ਕਾਰਨਾਂ ਨੂੰ ਵੀ ਖੋਜਣਾ ਚਾਹੀਦਾ ਹੈ। ਲੇਖਕ ਦਾ ਕੰਮ ਇਹ ਲਿਖਣਾ ਨਹੀਂ ਕਿ ਕੌਣ ਜਿੱਤਿਆ ਜਾਂ ਹਾਰਿਆ, ਬਲਕਿ ਇਹ ਲਿਖਣਾ ਹੈ ਕਿ ਲੜਾਈ ਦਾ ਲੋਕਾਂ ਉਤੇ ਕੀ ਪ੍ਰਭਾਵ ਪਿਆ। ਇਹ ਲਿਖਣਾ ਨਹੀਂ ਕਿ ਰਾਜ ਕੌਣ ਕਰਦਾ ਹੈ ਬਲਕਿ ਇਹ ਲਿਖਣਾ ਹੈ ਕਿ ਪੈਦਾਵਾਰ ਕੌਣ ਕਰਦੇ ਹਨ। ਉਹਨਾਂ ਨੂੰ ਸਾਹਿਤ ਦੇ ਵੱਖ-ਵੱਖ ਵਿਸ਼ੇ ਜਿਵੇਂ ਕਿ ਸਭਿਆਚਾਰ-ਧਰਮ-ਇਤਿਹਾਸ, ਕ੍ਰਾਂਤੀ-ਇਤਿਹਾਸ, ਆਰਥਿਕ-ਇਤਿਹਾਸ, ਦਰਸ਼ਨ-ਇਤਿਹਾਸ ਅਤੇ ਸਾਹਿਤਕ-ਇਤਿਹਾਸ ਆਦਿ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਸਾਹਿਤ ਨੂੰ ਚੰਦ ਲੋਕਾਂ ਦੇ ਸਨਮਾਨ ਦਾ ਛੁਣਛੁਣਾ ਹੀ ਨਹੀਂ ਛਣਕਾਉਣਾ ਚਾਹੀਦਾ ਬਲਕਿ ਦਲਿਤ ਸ਼ੋਸ਼ਿਤ ਮਜਦੂਰ ਕਿਸਾਨ ਔਰਤ ਅਤੇ ਦੁਖੀ ਲੋਕਾਂ ਦੀ ਦਾਸਤਾਨ ਵੀ ਦੱਸਣੀ ਚਾਹੀਦੀ ਹੈ। ਪਿਛਲੇ ਸੌ ਸਾਲਾਂ ਦੌਰਾਨ ਸਾਹਿਤ ਵਿਚ ਬਹੁਤ ਕੁਝ ਬੜੇ ਵਧੀਆ ਢੰਗ ਨਾਲ ਵੀ ਰਚਿਆ ਗਿਆ ਹੈ। ਸਮੇਂ ਸਮੇਂ ਸਾਹਿਤ ਵਿੱਚ ਨਵੇਂ ਨਵੇਂ ਰੁਝਾਨ ਪੈਦਾ ਹੋਣੇ ਚਾਹੀਦੇ ਹਨ ਅਤੇ ਇਹ ਰੁਝਾਨ ਆਪਣੇ ਸਮੇਂ ਦੀਆਂ ਸਮਾਜਕ, ਆਰਥਿਕ,




ਰਾਜਨੀਤਕ, ਸਭਿਆਚਾਰਕ ਹਾਲਤਾਂ ਦਾ ਪ੍ਰਤੀਬਿੰਬ ਵੀ ਹੋਣ। ਸਾਹਿਤ ਦੇ ਇਹਨਾਂ ਨਵੇਂ ਰੁਝਾਨਾਂ ਨੂੰ ਸਹੀ ਪਰਿਪੇਖ ਵਿੱਚ ਸਤੁੰਲਤ ਕਰਕੇ ਇਹਨਾਂ ਦੇ ਮੁੱਲਅੰਕਣ ਦੀ ਲੋੜ ਹੁੰਦੀ ਹੈ। ਜੋ ਸਥਾਪਤ ਸਾਹਿਤ ਵਿਚ ਦਿਖਾਈ ਨਹੀ ਦਿੰਦੀ?

ਮਨੁੱਖ ਦੀ ਸਮਾਜੀ ਹੋਂਦ ਉਸ ਦੀ ਵਿਚਾਰਧਾਰਾ ਦਾ ਫੈਸਲਾ ਕਰਦੀ ਹੈ। ਜਦ ਅਗਾਂਹ ਵਧੂ ਲੇਖਕਾਂ ਦੇ ਸਹੀ ਵਿਚਾਰ ਆਮ ਜਨਤਾ ਸਮਝ ਲੈਂਦੀ ਹੈ ਤਾਂ ਉਹ ਅੰਦੋਲਨ ਵਿੱਚ ਬਦਲ ਜਾਂਦੇ ਹਨ। ਅੰਦੋਲਨ ਸਮਾਜ ਤੇ ਦੁਨੀਆਂ ਨੂੰ ਬਦਲ ਦਿੰਦਾ ਹੈ। ਉਹ ਸਾਹਿਤ ਜੋ ਲੋਕ ਚੇਤਨਾ ਨੂੰ ਨਿਪੁੰਸਕ ਤੇ ਭ੍ਰਿਸ਼ਟ ਕਰਨ ਹਿੱਤ ਅਖੌਤੀ ਸਾਹਿਤ ਦੇ ਨਾ ਹੇਠ ਲਿਖਿਆ ਜਾ ਰਿਹਾ ਹੈ, ਇਹ ਬਿਲਕੁਲ ਸਾਹਿਤ ਨਹੀਂ ਅਖਵਾ ਸਕਦਾ। ਲੋਟੂ ਜਮਾਤਾਂ ਆਪਣੇ ਪਿਛਾਂਹ-ਖਿਚੂ ਨਿਜ਼ਾਮ ਨੂੰ ਕਾਇਮ ਰੱਖਣ ਲਈ ਲੋਕ ਚੇਤਨਾ ਨੂੰ ਖੁੰਢਾ ਕਰਨ ਤੇ ਕੁਰਾਹੇ ਪਾਉਣ ਲਈ ਬੜੀ ਚਲਾਕੀ ਨਾਲ ਸਾਹਿਤ ਅਤੇ ਸੱਭਿਆਚਾਰ 'ਤੇ ਹੱਲਾ ਬੋਲਦੀਆਂ ਹਨ। ਬਹੁਤ ਸਾਰੇ ਲੇਖਕ ਸਰਮਾਏ ਦੀ ਮਾਰ ਹੇਠ, ਰਾਜ ਸ਼ਕਤੀ ਦੇ ਡਰੋਂ ਜਾਂ ਸ਼੍ਰੈਣੀ ਸੰਸਕਾਰਾਂ ਅਧੀਨ ਲੋਕ ਜੀਵਨ ਨਾਲੋਂ ਟੁੱਟ ਜਾਂਦੇ ਹਨ। ਅਜਿਹੇ ਲੇਖਕਾਂ ਵੱਲੋਂ ਰਚਿਆ ਗਿਆ ਸਾਹਿਤ ਜਿੰ2ਦਗੀ ਦੇ ਯਥਾਰਥ ਨਾਲੋਂ ਟੁੱਟ ਕੇ ਨਿਪੁੰਸਕ ਤੇ ਅੰਤਰ ਮੁੱਖੀ ਸੋਚ ਦਾ ਤਾਣਾ ਬਾਣਾ ਬੁਣਕੇ ਰਹਿ ਜਾਂਦਾ ਹੈ। ਉਹ ਨਿੱਜੀ ਸਵਾਰਥ ਲਈ ਪਾਠਕਾਂ ਵਿੱਚ ਹੀਣ ਭਾਵਨਾ, ਘਿਰਣਾ, ਲਿੰਗ ਉਤੇਜਨਾ, ਅੰਧਵਿਸ਼ਵਾਸ, ਨਿਰਾਸ਼ਾਵਾਦ, ਭਰਮ ਜਾਲ ਤੇ ਕਿਸਮਤਵਾਦ ਪੈਦਾ ਕਰਦਾ ਹੈ। ਅਜਿਹਾ ਸਾਹਿਤ, ਸਾਹਿਤ ਨਹੀਂ ਕਿਉਂਕਿ ਅਜਿਹਾ ਸਾਹਿਤ ਪਾਠਕਾਂ ਵਿੱਚ ਮਨੁੱਖਤਾ ਭਰਨ ਦੀ ਬਜਾਏ, ਅੰਧ ਵਿਸ਼ਵਾਸ, ਜਾਤ ਪਾਤ, ਮਜ਼ਹਬ ਤੇ ਗੁਲਾਮੀ ਦਾ ਜ਼ਹਿਰ ਭਰਦਾ ਹੈ।

ਸਾਹਿਤਕਾਰ ਨੂੰ ਚਾਹੀਦਾ ਹੈ ਕਿ ਉਹ ਹਾਲਾਤ ਦਾ ਮੁੱਲਅੰਕਣ ਲੋਕਾਂ ਦੇ ਸਮਾਜਿਕ ਸੰਦਰਭ ਵਿੱਚ ਕਰੇ ਅਤੇ ਬਿਹਤਰ ਕਾਰਗੁਜ਼ਾਰੀ ਲਈ ਹਰ ਸੰਭਵ ਜਤਨ ਕਰੇ। ਜਦ ਛੂਆ ਛਾਤ, ਜਾਤ-ਪਾਤ, ਲੁੱਟ-ਖਸੁੱਟ, ਨਰਕ-ਸਵਰਗ, ਗੁਲਾਮੀ-ਦਾਸਤਾ ਵਿੱਚ ਜਕੜੇ ਲੋਕ, ਵੱਡੇ ਵੱਡੇ ਜਿਮੀਂਦਾਰਾਂ ਅਤੇ ਧਰਮ ਦੇ ਠੇਕੇਦਾਰਾਂ ਵਿਰੁੱਧ ਅਜ਼ਾਦੀ, ਸਮਾਨਤਾ ਅਤੇ ਸਨਮਾਨ ਲਈ ਸੰਘਰਸ਼ ਕਰਦੇ ਹਨ ਤਾਂ ਸਾਹਿਤਕਾਰਾਂ ਨੂੰ ਉਹਨਾਂ ਦਾ ਸਵਾਗਤ ਕਰਨਾ ਚਾਹੀਦਾ ਹੈ। ਜੋ ਨਵੇਂ ਮਨੁੱਖ ਦੀ ਸਿਰਜਣਾ ਨੂੰ ਸਮਰਪਤ ਦਲਿਤ ਸਾਹਿਤ 'ਚ ਪ੍ਰਤੱਖ ਦਿਖਾਈ ਦਿੰਦੀ ਹੈ।

ਦਲਿਤ ਸਾਹਿਤਕਾਰਾਂ ਦੇ ਆਪਣੇ ਖ਼ੁਦ ਦੇ ਜੀਵਨ ਦੀ ਹੀ ਦਾਸਤਾਨ ਨਹੀਂ, ਬਲਕਿ ਸਮੁੱਚੇ ਭਾਰਤ ਦੇ ਦਲਿਤ, ਸ਼ੋਸ਼ਿਤ, ਮਜ਼ਦੂਰ, ਮੁਜ਼ਾਹਰੇ, ਔਰਤਾਂ ਪੀੜਤਾਂ ਦੀ ਦਾਸਤਾਨ ਹੈ। ਇਸ ਲਈ ਇਹ ਹੀ ਪਰਿਵਰਤਨ ਦਾ ਸਾਹਿਤ ਹੈ। ਸਮਾਜ ਦੀ ਜਾਤਾਂ, ਮਜ਼ਹਬਾਂ, ਸਮੇਂ, ਸਥਾਨ, ਬੋਲੀ, ਭਾਸ਼ਾ, ਲਿੰਗ 'ਚ ਵੰਡੀ ਪਹਿਚਾਣ ਕਿਸੇ ਧਰਮ ਜਾਂ ਧਰਮ ਸ਼ਾਸਤਰ ਦਾ ਹੁਕਮਨਾਮਾ ਤਾਂ ਹੋ ਸਕਦਾ ਹੈ, ਪਰ ਸਾਹਿਤ ਹਰਗਿਜ਼ ਨਹੀਂ ਹੋ ਸਕਦਾ? ਸਥਾਪਿਤ ਸਾਹਿਤ ਆਤਮਾਂ-ਪ੍ਰਮਾਤਮਾਂ, ਕਰਮ-ਕਾਂਡ, ਭਾਗ-ਕਿਸਮਤ, ਨਰਕ-ਸਵਰਗ, ਅਨੰਦ-ਰਸ, ਮੁਨਾਫਾ ਤੇ ਜਿਆਦਾ ਕਲਪਨਾ ਦਾ ਸਾਹਿਤ ਹੈ। ਜਦ ਕਿ ਦਲਿਤ ਸਾਹਿਤ 'ਚ ਮਨੁੱਖ ਹੀ ਮੁੱਖ ਮੁੱਦਾ ਹੈ। ਦਲਿਤ ਸਾਹਿਤ ਵਿੱਚ ਕਿਸੇ ਵੀ ਘਟਨਾ ਦਾ ਮੁੱਲ-ਅੰਕਣ ਦਾ ਪੈਮਾਨਾ ਅਨੁਭਵ ਹੈ। ਅਨੁਭਵ ਉਸ ਦਾ ਆਪਣਾ, ਪਰਿਵਾਰ, ਸਮਾਜ ਤੇ ਸਦੀਆਂ ਤੋਂ ਚਲੀ ਆ ਰਹੀ ਮਨੂੰਵਾਦੀ ਵਿਵਸਥਾ ਦਾ ਹੈ। ਨਾ ਕਿ ਸਭ ਪਿੱਛੋਂ ਹੀ ਨਿਰਧਾਰਤ ਹੈ।

ਮੌਜੂਦਾ ਸੰਵਿਧਾਨ ਤੇ ਲੋਕਤੰਤਰ ਦੇ ਆਉਣ ਨਾਲ ਰਾਜੇ-ਰਾਣਿਆਂ ਦੇ ਯੁੱਗ ਬੀਤ ਗਏ ਹਨ। ਹੁਣ ਪ੍ਰਜਾ ਦਾ, ਪ੍ਰਜਾ ਲਈ, ਪ੍ਰਜਾਤੰਤਰ ਹੈ। ਪ੍ਰਜਾਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਸਮਝ ਕੇ, ਸੋਚ ਤੇ ਸੂਝ ਦੇ ਨਾਲ-ਨਾਲ ਦਲਿਤ ਸਾਹਿਤਕਾਰ ਪ੍ਰਚਲਿਤ ਰੂੜੀਆਂ, ਮੁਹਾਵਰੇ, ਅਖਾਣ, ਰੀਤੀ-ਰਿਵਾਜ਼ ਤੇ ਮਿੱਥਾਂ ਨੂੰ ਮਿੱਧ ਕੇ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਵਾਲੇ ਨਵੇਂ ਮਨੁੱਖ ਦੀ ਸਿਰਜਣਾ ਕਰ ਰਿਹਾ ਹੈ।

ਡਾਕਟਰ ਅੰਬੇਡਕਰ ਦਾ ਮੰਨਣਾ ਹੈ ਕਿ ਵਿੱਦਿਆ ਵਿਚ ਅਸੀਮ ਸ਼ਕਤੀ ਹੈ। ਇਹ ਇਕ ਇਹੋ ਜਿਹੀ ਸ਼ੇਰਨੀ ਦਾ ਦੁੱਧ ਹੈ ਜੋ ਇਸ ਨੂੰ ਪੀਵੇਗਾ ਉਹ ਦਹਾੜੇਗਾ ਹੀ। ਸਮਾਜਿਕ ਗੁਲਾਮੀ ਨੂੰ ਖਤਮ ਕਰਨ ਲਈ ਵਿੱਦਿਆ ਇਕ ਕਾਰਗਰ ਹਥਿਆਰ ਹੈ। ਜੇ ਔਰਤ-ਮਰਦ ਨੂੰ ਸਮਾਨ ਸਿੱਖਿਆ ਦਿੱਤੀ ਜਾਵੇ ਤਾਂ ਉਹ ਅਮੀਰ-ਗਰੀਬ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਸਮਾਪਤ ਕਰ ਸਕਦੀ ਹੈ। ਵਿੱਦਿਆ/ਸਿੱਖਿਆ ਨੂੰ ਸਮਾਜ ਸੁਧਾਰ ਦਾ ਤੰਤਰ ਬਣਨਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਸਿੱਖਿਆ ਹਰ ਇਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਉਹਨਾਂ ਸਿੱਖਿਆ ਦੇ ਅਧਿਕਾਰ ਨੂੰ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਰੱਖਣ ਅਤੇ 14 ਸਾਲ ਤਕ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਕਿਉਂਕਿ ਉੱਚ ਵਿੱਦਿਆ/ਸਿੱਖਿਆ ਹੀ ਮਨੁੱਖ ਦੇ ਸਭਿਅਕ ਹੋਣ ਦਾ ਇਕ ਮਾਤਰ ਸਾਧਨ ਹੈ।

ਭਾਰਤ ਵਿਚ ਜਦ ਦਲਿਤਾਂ ਨੂੰ ਪੜ੍ਹਨ-ਲਿਖਣ ਦਾ ਅਧਿਕਾਰ ਹੀ ਨਹੀ ਸੀ ਤਦ ਉਹਨਾਂ ਕਹਾਣੀ ਕਿੱਥੋਂ ਲਿਖਣੀ ਸੀ? ਹਾਂ ਸੌਣ ਤੋਂ ਪਹਿਲਾਂ ਬਜ਼ੁਰਗਾਂ ਕੋਲੋਂ 'ਬਾਤਾਂ' ਜਰੂਰ ਸੁਣਿਆ ਕਰਦੇ ਸੀ। ਇਹ ਤਾਂ ਡਾ. ਅੰਬੇਡਕਰ ਦੇ ਸੰਘਰਸ਼ ਤੋਂ ਬਾਅਦ ਹੀ ਦਲਿਤਾਂ 'ਚ ਚੇਤਨਾ ਆਉਣ ਲੱਗੀ, ਤਾਂ ਉਹ ਹੁਣ ਆਪਣੀ ਹੋਣੀ ਆਪ ਲਿਖਣ ਲੱਗੇ ਤਾਂ ਦਲਿਤ ਕਵਿਤਾ, ਦਲਿਤ ਕਹਾਣੀ, ਦਲਿਤ ਨਾਵਲ, ਦਲਿਤ ਨਾਟਕ, ਦਲਿਤ ਰੰਗਮੰਚ, ਦਲਿਤ ਸਵੈ-ਜੀਵਨੀ, ਦਲਿਤ ਫਿਲਮਾਂ ਆਦਿ ਸਾਹਿਤ ਸਾਹਮਣੇ ਆਉਣ ਲੱਗਾ ਤਾਂ ਸਾਹਿਤ ਵਿੱਚ ਇੱਕ ਨਵਾਂ ਪੜਾਅ ਖੁੱਲ੍ਹ ਗਿਆ ਜੋ ਅੱਜ ਸੰਸਾਰ ਪੱਧਰ 'ਤੇ ਦਲਿਤ ਸਾਹਿਤ ਦੇ ਨਾਮ ਨਾਲ ਜਾਣਿਆ-ਪਛਾਣਿਆ ਜਾਂਦਾ ਹੈ।

ਦਲਿਤ ਵਰਗਾਂ ਦੀ ਸਦੀਆਂ ਤੋਂ ਵਲੂੰਦਰੀ ਹੋਈ ਮਨੋਬਿਰਤੀ ਦਾ ਅਗਰ ਥੋੜ੍ਹਾ ਬਹੁਤ ਭਾਵਪੂਰਵਕ ਖ਼ੁਲਾਸਾ ਹੋਣਾ ਸ਼ੁਰੂ ਹੋਇਆ ਹੈ ਤਾਂ ਉਹ ਹੈ ਦਲਿਤ ਸਵੈ-ਜੀਵਨੀ। ਸਵੈ-ਜੀਵਨੀਆਂ ਸਮਾਜ ਨੂੰ ਸਮਝਣ ਵਾਸਤੇ ਗਾਇਡ ਦਾ ਕੰਮ ਕਰਦੀਆਂ ਹਨ। ਇਹ ਜਿਥੇ ਲੇਖਕ ਦੇ ਜੀਵਨ ਤੇ ਉਸ ਦੀ ਸਮਾਜ ਦੀਆਂ ਵੱਖ-ਵੱਖ ਸ਼ਕਤੀ ਕੇਂਦਰਾਂ ਨਾਲ ਹੋ ਰਹੀ ਆਹਮੋ-ਸਾਹਮਣੀ ਟੱਕਰ ਦਾ ਵੀ ਆਲੋਤਨਾਤਮਕ ਅਤੇ ਭਾਵਪੂਰਵਕ ਵੇਰਵਾ ਪ੍ਰਦਾਨ ਕਰਦੀਆਂ ਹਨ, ਉਥੇ ਇਹ ਸਮਾਜ ਦੀ ਸਮੁੱਚੀ ਸਥਿਤੀ ਦੀ ਪ੍ਰਤੀਨਿਧਤਾ ਵੀ ਕਰਦੀਆਂ ਹੁੰਦੀਆਂ ਹਨ।

ਦਲਿਤ ਸਾਹਿਤ ਇਕ ਅਜਿਹਾ ਵਿਗਿਆਨ ਹੈ ਜੋ ਇਹ ਗਿਆਨ ਕਰਾਉਂਦਾ ਹੈ ਕਿ ਭੂਤਕਾਲ ਵਿਚ ਮਨੁੱਖ ਕਿਸ ਕਿਸ ਤਰ੍ਹਾਂ ਦੇ ਸਨ? ਉਹਨਾਂ ਮੇਹਨਤ ਨਾਲ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਕਿਵੇਂ ਸ਼ੁਰੂ ਕੀਤੀ? ਪਦਾਰਥ ਨੂੰ ਉਪਯੋਗੀ ਕਿਵੇਂ ਬਣਾਇਆ? ਇਹ ਸ਼ਰਿਸ਼ਟੀ, ਧਰਤੀ, ਪਾਣੀ, ਪਹਾੜ, ਹਵਾ, ਅਗਨੀ, ਜੰਗਲ, ਜੀਵ-ਜੰਤੂ, ਆਦਿ ਦਾ ਨਾਮਕਰਨ ਮਨੁੱਖ ਨੇ ਕੀਤਾ ਅਤੇ ਸ਼ੈਤਾਨ ਲੋਟੂਆਂ ਨੇ ਆਤਮਾਂ-ਪ੍ਰਮਾਤਮਾ, ਕਰਮ-ਕਾਂਡ, ਰੀਤੀ-ਰਿਵਾਜ਼, ਸਵਰਗ-ਨਰਕ, ਦੇਵ-ਧਰਮ, ਮਾਲਕ-ਗੁਲਾਮ, ਸਵਰਣ-ਅਛੂਤ, ਵਰਣ-ਅਵਰਨ, ਊਚ-ਨੀਚ, ਛੂਆ-ਛਾਤ ਦੀ ਸਿਰਜਣਾ ਕਿਸ, ਕਿਵੇਂ ਅਤੇ ਕਿਓ ਕੀਤੀ? ਅਤੀਤ ਵਿੱਚ ਘਟੀਆ ਕਿਸਮ ਦੀਆਂ ਇਹ ਘਟੀਆਂ ਘਟਨਾਵਾਂ ਪ੍ਰਤੀ ਗੰਭੀਰਤਾ ਨਾਲ ਜਾਣਕਾਰੀ ਦੇਣੀ ਹੀ ਦਲਿਤ ਸਾਹਿਤ ਵਿਸ਼ਾ-ਵਸਤੂ ਹੈ।

ਡਾ. ਅੰਬੇਡਕਰ ਦੀ ਵਿਚਾਰਧਾਰਾ, ਬੁੱਧਾਂ ਦਾ ਤਰਕਵਾਦੀ ਸੱਭਿਆਚਾਰਕ ਵਿਰਸਾ ਹੀ ਹੈ, ਜਿਸ ਤੋਂ ਦਲਿਤ ਸਾਹਿਤ ਅੰਦੋਲਨ ਸੇਧ ਪ੍ਰਾਪਤ ਕਰਦਾ ਹੈ। ਪਰ ਢਾਈ ਹਜ਼ਾਰ ਸਾਲ ਤੋਂ ਦਲਿਤਾਂ ਨੇ ਇਹੋ ਸਿੱਖਿਆ ਹੈ, ਜੋ ਦੂਜਿਆਂ ਵੱਲੋਂ ਉਹਨਾਂ ਨੂੰ ਸਿਖਾਇਆ/ਪੜ੍ਹਾਇਆ ਗਿਆ ਹੈ। ਦਲਿਤ ਸਾਹਿਤਕਾਰ ਕਹਿੰਦੇ, ਇਹ ਸਭ ਕਲਪਨਾ ਹੈ। ਸ੍ਰਿਸ਼ਟੀ ਦਾ ਨਿਰੰਤਰ ਵਿਕਾਸ ਹੋ ਰਿਹਾ, ਸੰਪੂਰਨ ਵਿਸ਼ਵ ਦਾ ਨਾਮਕਰਨ ਮਨੁੱਖ ਨੇ ਹੀ ਕੀਤਾ ਹੈ। ਵਰਣ, ਜਾਤ, ਵੇਦ, ਦੇਵ, ਧਰਮ, ਗ੍ਰੰਥ, ਕਰਮ-ਕਾਂਡ, ਨਰਕ-ਸਵਰਗ, ਕਿਸਮਤ ਸਭ ਸ਼ੈਤਾਨ ਮਨੁੱਖ ਦੀ ਕਲਪਨਾ ਹੈ, ਕਲਪਨਾ ਨੂੰ ਖਤਮ ਕੀਤਾ ਜਾ ਸਕਦਾ ਹੈ, ਪ੍ਰੰਤੂ ਮਨੁੱਖ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਹੈ। ਕਿਉਂਕਿ ਮਨੁੱਖ ਦੇ ਖਾਤਮੇ ਦਾ ਅਰਥ ਹੈ-ਪਰਲੋ! ਦਲਿਤ ਸਾਹਿਤਕਾਰ ਦਾਹਵੇ ਨਾਲ ਕਹਿੰਦੇ, "ਮਾਨਵ ਹੀ ਸੱਚ ਹੈ, ਸਭ ਕੁੱਝ ਮਾਨਵ ਵਿਚ ਹੈ ਤੇ ਸਭ ਕੁੱਝ ਮਾਨਵ ਲਈ ਹੈ।" ਇਸ ਲਈ ਸਭ ਕਲਾ ਸਾਹਿਤ ਦਾ ਨਾਇਕ ਮਨੁੱਖ ਹੈ।

ਅੱਜ ਮਾਨਵਤਾ ਕੈਦ ਵਿੱਚ ਹੈ। ਜਾਤ, ਧਰਮ, ਵਿਸ਼ਵਾਸ, ਪਰੰਪਰਾਵਾਦ ਦੇ ਨਾਮ 'ਤੇ ਇਨਸਾਨ, ਇਨਸਾਨ ਦੇ ਹੱਥੋਂ ਅਪਮਾਨਤ ਹੈ, ਪੀੜਤ ਹੈ, ਸੋਸ਼ਿਤ ਹੈ ਅਤੇ ਦਬਾਇਆ ਜਾ ਰਿਹਾ ਹੈ। ਅਸੀਂ ਅਤੇ ਤੁਸੀਂ ਇਹ ਪ੍ਰਤੱਖ ਵੇਖ ਰਹੇ ਹੋ। ਯੁੱਗ ਦੇ ਬਾਅਦ ਯੁੱਗ ਆਏ, ਬੜੇ ਬੜੇ ਚੱਕਰਵਰਤੀ ਆਏ, ਉਹਨਾਂ ਦਾ ਰਾਜ ਆਇਆ, ਪਾਠ ਆਇਆ, ਧਰਮ ਆਇਆ, ਤੰਤਰ ਆਇਆ, ਸਾਧ ਆਏ, ਸੰਤ ਆਏ, ਪੰਥ ਆਏ, ਫਿਰ ਵੀ ਹਿੰਦੋਸਤਾਨ ਵਿਚ ਮਨੁੱਖ, ਮਨੁੱਖ ਨਹੀ ਬਣਿਆ? ਅੱਜ ਵੀ ਉਹ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਪਾਰਸੀ, ਬੋਧੀ, ਜੈਨੀ, ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ, ਚੰਡਾਲ, ਅਛੂਤ ਹੀ ਹੈ।

ਮਾਨਵਤਾ ਤੋਂ ਸਾਡਾ ਭਾਵ ਸਾਰੀ ਇਨਸਾਨੀਅਤ ਨੂੰ ਇਕ ਸਾਰ ਸਮਝਣ ਤੇ ਦੇਖਣ ਤੋਂ ਹੈ। ਕੋਈ ਵੀ ਚੇਤੰਨ ਮਨੁੱਖ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਸਾਡਾ ਦੇਸ਼ ਅੱਜ ਸੰਕਟ-ਕਾਲੀਨ ਦੌਰ ਵਿੱਚੋਂ ਗੁਜਰ ਰਿਹਾ ਹੈ। ਇਹ ਸੰਕਟ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਾਹਿਤਕ ਹੈ। ਜੋ ਜ਼ਿੰਦਗੀ ਦੇ ਹਰ ਖੇਤਰ ਵਿੱਚ ਨਵੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਜਿਸ ਦਾ ਹੱਲ ਲੱਭਣਾ ਲਾਜ਼ਮੀ ਹੈ। ਹੁਣ ਤੱਕ ਸਥਾਪਤ ਸਾਹਿਤ ਇਸ ਸੰਕਟ ਨੂੰ ਅਣਗੋਲਿਆ ਕਰਦਾ ਰਿਹਾ। ਇਹੀ ਕਾਰਨ ਹੈ ਕਿ ਅੱਜ ਦਲਿਤ ਲੇਖਕਾਂ ਨੂੰ ਨਵੇਂ ਸਿਰੇ ਤੋਂ ਆਪਣੇ ਸਾਹਿਤ ਸਭਿਅਤਾ ਦੀ ਸਿਰਜਨਾ ਕਰਨੀ ਪਈ ਹੈ।

ਸਮਾਜ ਵਿੱਚ ਕਿਸੇ ਨਵੀਂ ਲਹਿਰ ਦੇ ਉਠਣ ਦਾ ਮੰਤਵ ਉਸ ਸਮਾਜ ਵਿੱਚ ਚਲ ਰਹੀਆਂ ਸਮੱਸਿਆਵਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਹੁੰਦਾ ਹੈ ਤਾਂ ਕਿ ਸਮਾਜ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ। ਨਵੀ ਦਿਸ਼ਾ ਨੂੰ ਨਵੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਨੂੰ ਸਮਝਣ ਲਈ, ਇਹ ਨਵੇਂ ਮਨੁੱਖ ਦੀ ਸਿਰਜਣਾ ਲਈ ਦਲਿਤ ਸਾਹਿਤ ਪੈਦਾ ਹੋਇਆ ਹੈ।

ਜੋ ਲੋਕ ਲੁੱਟ ਦਮਨ ਸ਼ੋਸ਼ਣ ਨੂੰ ਕਿਸਮਤ ਮੰਨਣ ਲੱਗ ਪਏ ਹਨ। ਜੋ ਉਮੀਦ' ਛੱਡ ਬੈਠੇ ਹਨ ਤੇ ਉਨ੍ਹਾਂ ਦੀ ਦ੍ਰਿਸ਼ਟੀ ਧੁੰਦਲੀ ਪੈ ਗਈ ਹੈ, ਆਸਾਂ 'ਤੇ ਪਾਣੀ ਫਿਰ ਚੁੱਕਾ ਹੈ, ਢੇਰੀ ਢਾਈ ਬੈਠੇ ਹਨ, ਜਿਹਨਾਂ ਦੀ ਕਾਰਜ ਕੁਸ਼ਲਤਾ ਖਤਮ ਹੋ ਗਈ ਹੈ। ਐਸੇ ਮਨੁੱਖ ਨੂੰ ਬੁੱਧੀਮਾਨ, ਦਯਾਵਾਨ, ਸਦਾਚਾਰੀ, ਚੇਤਨ, ਨਿਰਬਾਣੀ ਬਣਾਉਣਾ ਹੀ ਦਲਿਤ ਸਾਹਿਤ ਦਾ ਲਕਸ਼ ਹੈ।

ਮਨੂੰਵਾਦੀ ਵਰਣ-ਵਿਵਸਥਾ ਤੇ ਲੁੱਟ ਦੇ ਪ੍ਰਤੀ ਜੋ ਵਿਦਰੋਹ ਦੀ ਭਾਵਨਾ ਹੋਣੀ ਚਾਹੀਦੀ ਸੀ, ਉਹ ਸਥਾਪਤ ਸਾਹਿਤ/ਇਤਿਹਾਸ ਵਿੱਚੋਂ ਦਿਖਾਈ ਨਹੀਂ ਦੇ ਰਹੀ ਹੈ। ਮਤਲਵ ਕਿ ਸਥਾਪਿਤ ਸਾਹਿਤ ਇਤਿਹਾਸ ਨੇ ਆਮ ਆਦਮੀ ਵਿੱਚੋਂ ਵਿਦਰੋਹ ਦੀ ਭਾਵਨਾ ਖਤਮ ਕਰ ਦਿੱਤੀ ਹੈ। ਜਿਸ ਕਾਰਣ ਆਮ ਆਦਮੀ ਨਾ-ਬਰਾਬਰੀ ਵਾਲੀ ਵਿਵਸਥਾ ਦਾ ਅਲੋਚਕ ਨਹੀਂ, ਸਗੋਂ ਪੂਜਕ ਬਣਿਆ ਹੋਇਆ ਹੈ।

ਭਾਰਤੀ ਸਮਾਜ ਨੂੰ ਅੱਜ ਐਸੇ ਸਾਹਿਤ/ਇਤਿਹਾਸ ਦੀ ਲੋੜ ਹੈ, ਜੋ ਸਮਾਜ ਪ੍ਰੀਵਰਤਨ 'ਚ ਇਨਕਲਾਬੀ ਚੇਤਨਾ ਪੈਦਾ ਕਰ ਸਕੇ। ਕਿਉਂਕਿ ਸਮਾਜ ਪ੍ਰੀਵਰਤਨ ਲਈ ਸਾਹਿਤ/ਇਤਿਹਾਸ ਦੀ ਬੜੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜਿਸ ਸਮਾਜ ਦਾ ਜੈਸਾ ਸਾਹਿਤ/ਇਤਿਹਾਸ ਹੋਵੇਗਾ, ਉਸ ਸਮਾਜ ਦਾ ਸਵਰੂਪ ਵੀ ਵੈਸਾ ਹੀ ਹੋਵੇਗਾ। ਇਸ ਦ੍ਰਿਸ਼ਟੀ ਤੋਂ ਦਲਿਤ ਸਾਹਿਤ ਦੀ ਬੜੀ ਵਿਸ਼ੇਸ਼ ਭੂਮਿਕਾ ਹੈ। ਭਾਰਤੀ ਸਮਾਜ ਵਿੱਚ ਇਨਕਲਾਬ ਦਾ ਦੂਸਰਾ ਨਾਂ ਦਲਿਤ ਸਾਹਿਤ ਹੀ ਹੈ। ਸਭਿਆਚਾਰਕ ਚੇਤਨਾਂ ਲਈ ਦਲਿਤ ਵਿਦਵਾਨਾਂ ਨੇ ਦਲਿਤ ਸਾਹਿਤ ਨੂੰ ਨਵੇਂ ਦਿਸਹੱਦੇ ਦਿਖਾਏ ਹਨ, ਇਸੇ ਕਰਕੇ ਦਲਿਤ ਸਾਹਿਤ ਤੇ ਸਾਹਿਤਕਾਰਾਂ ਨੂੰ ਸਿਰਫ਼ ਆਪਣੇ ਦੇਸ਼ ਵਿਚ ਨਹੀ, ਬਾਹਰ ਅੰਤਰਰਾਸ਼ਟਰੀ ਪ੍ਰਸਿੱਧੀ ਵੀ ਮਿਲ ਰਹੀ ਹੈ।

ਸਦੀਆਂ ਤੋਂ ਸਮਾਜ ਜਿਨਾਂ ਨੂੰ ਘਟੀਆ ਤੇ ਨੀਚ ਮੰਨਦਾ ਆਇਆ ਹੈ, ਭਾਰਤੀ ਸੰਸਕ੍ਰਿਤੀ ਦੇ ਰਚਣ ਵਿੱਚ ਉਹਨਾਂ ਦਲਿਤਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਯੋਗਦਾਨ ਨੂੰ ਹਟਾ ਦੇਈਏ ਤਾਂ ਭਾਰਤੀ ਸੰਸਕ੍ਰਿਤੀ ਦਾ ਵਿਸ਼ਾਲ ਮਹੱਲ ਰੇਤ ਦੀ ਦੀਵਾਰ ਵਾਂਗ ਢਹਿ ਢੇਰੀ ਹੋ ਜਾਵੇਗਾ। ਜਨਮ ਦੇ ਅਧਾਰ ਤੇ ਆਪਣੇ ਉੱਚੇਪਨ ਦਾ ਹੰਕਾਰ ਕਰਨ ਵਾਲਿਆਂ ਨੂੰ ਦਲਿਤ ਸਮਾਜ ਦਾ ਸਾਹਿਤ/ਇਤਿਹਾਸ ਇੱਕ ਵਾਰ ਆਪਣੀਆਂ ਖੁੱਲ੍ਹੀਆਂ ਅੱਖਾਂ ਨਾਲ ਪੜ੍ਹਨਾ ਵਿਚਾਰਨਾ ਚਾਹੀਦਾ ਹੈ।

ਡਾ.ਅੰਬੇਡਕਰ ਕਹਿੰਦੇ, "ਸਾਹਿਤ/ਇਤਿਹਾਸ ਕੇਵਲ ਇਹ ਜਾਨਣ ਲਈ ਨਹੀਂ ਪੜ੍ਹਿਆ ਜਾਂਦਾ ਕਿ ਦੂਜੇ ਦੇਸ਼ਾਂ ਦੀਆਂ ਗਲਤੀਆਂ ਦੀ ਅਸੀਂ ਕਿੰਨੀ ਚੰਗੀ ਤਰ੍ਹਾਂ ਨਕਲ ਕਰ

(ਬਾਕੀ ਅਗਲੇ ਸਫੇ 'ਤੇ)

24 ਮਈ- ਬਚੇਂਦਰੀ ਪਾਲ ਦੇ ਜਨਮ ਦਿਨ 'ਤੇ ਵਿਸ਼ੇਸ਼

# ਮਾਊਂਟ ਐਵਰੈਸਟ 'ਤੇ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ–ਬਚੇਂਦਰੀ ਪਾਲ

ਕਿਸੇ ਵੀ ਕੰਮ ਨੂੰ ਕਰਨ ਲਈ ਹਿੰਮਤ ਤੇ ਮਿਹਨਤ ਦੀ ਲੋੜ ਹੁੰਦੀ ਹੈ ।ਜੇਕਰ ਨਿਸ਼ਾਨਾ ਪਹਿਲਾ ਮਿੱਥਿਆ ਜਾਵੇ ਤਾਂ ਮੰਜਿਲ ਪਾਉਣ ਵਿੱਚ ਅਸਾਨੀ ਹੋ ਜਾਂਦੀ ਹੈ। ਅੱਜ ਆਪਾ ਗੱਲ ਕਰਾਂਗੇ ਮਾਊਂਟ ਐਵਰੈਸਟ 'ਤੇ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਚੇਂਦਰੀ ਪਾਲ ਦੀ। ਜੋ ਆਪਣੀ ਮਿਹਨਤ ਸਦਕਾ ਅੱਜ ਦੁਨੀਆਂ ਲਈ ਖ਼ਾਸ ਕਰ ਔਰਤਾਂ ਲਈ ਇੱਕ ਉਦਾਹਰਨ ਹੈ।ਬਚੇਂਦਰੀ ਪਾਲ ਇੱਕ ਭਾਰਤੀ ਪਰਬਤਾਰੋਹੀ ਹੈ। ਇਹ ਪਹਿਲੀ ਭਾਰਤੀ ਔਰਤ ਹੈ ਜੋ 23 ਮਈ 1984 ਈ. ਵਿੱਚ ਮਾਊਂਟ ਐਵਰੈਸਟ ਉੱਤੇ ਸਭ ਤੋਂ ਪਹਿਲਾਂ ਪਹੁੰਚੀ। ਬਚੇਂਦਰੀ ਪਾਲ ਦਾ ਜਨਮ 24 ਮਈ 1954 ਵਿੱਚ ਹਿਮਾਲਿਆ ਦੇ ਉਤਰਕਾਸ਼ੀ ਵਿੱਚ ਮੌਜੂਦ ਪਿੰਡ ਨਾਕੁਰੀ, ਜਿਲ੍ਹਾ ਗੜਵਾਲ ਵਿੱਚ ਹੋਇਆ। ਬਚੇਂਦਰੀ ਪਾਲ ਨੇ ਮਾਤਾ ਹੰਸਾ ਦੇਵੀ ਅਤੇ ਪਿਤਾ ਸ਼੍ਰੀ ਕ੍ਰਿਸ਼ਨ ਪਾਲ ਸਿੰਘ ਦੇ ਘਰ ਜਨਮ ਲਿਆ। ਉਹਨਾਂ ਦਾ ਮੁੱਖ ਕਿੱਤਾ ਪਰਬਤਾਰੋਹੀ ਅਤੇ ਪ੍ਰੋਮੋਟਰ ਫ਼ਾਰ ਐਡਵੈਂਚਰ ਹੈ।ਸਭ ਤੋਂ ਪਹਿਲਾ ਬਚੇਂਦਰੀ ਪਾਲ ਨੇ ਨਿਰਦੇਸ਼ਕ– ਨੈਸ਼ਨਲ ਐਡਵੈਂਚਰ ਫਾਉਂਡੇਸ਼ਨ ਤੋਂ ਆਪਣੇ ਕਿੱਤੇ ਦੀ ਸੁਰੂਆਤ ਕੀਤੀ। ਸਿਆਣੇ ਕਹਿੰਦੇ ਹਨ ਕਿ ਬੱਚੇ ਦੇ ਗੁਣ ਤਾਂ ਬਚਪਨ ਵਿੱਚ ਹੀ ਦਿੱਸਣੇ ਸ਼ੁਰੂ ਹੋ ਜਾਂਦੇ ਹਨ ਕਿ ਉਹ ਵੱਡਾ ਹੋ ਕੇ ਕੀ ਬਣੇਗਾ ਕੁੱਝ ਇਸ ਤਰ੍ਹਾਂ ਦਾ ਬਚੇਂਦਰੀ ਪਾਲ ਨਾਲ ਵੀ ਹੋਇਆਂ।ਜਦੋ ਉਹ 12 ਸਾਲ ਦੀ ਉਮਰ ਵਿੱਚ ਸੀ ਤਾ ਉਸਦੇ ਮਨ ਵਿੱਚ ਪਰਬਤਾਰੋਹੀ ਬਣਨ ਦੀ ਦਿਲਚਸਪੀ ਸੀ ਉਸਨੇ ਪਹਿਲਾ ਹੀ ਜੀਵਨ ਦੇ ਉਦੇਸ਼ ਨੂੰ ਪਛਾਣ ਲਿਆ ਸੀ ਜਦੋਂ ਇਹ ਆਪਣੇ ਆਪਣੇ ਦੋਸਤਾਂ ਨਾਲ ਸਕੂਲ ਪਿਕਨਿਕ ਤੇ ਗਈ



ਸੀ। ਇੱਕ ਸਕੂਲ ਦੀ ਪਿਕਨਿਕ ਦੌਰਾਨ 13,123 ਫੁੱਟ (3,999.9 ਮੀਟਰ) ਉੱਚੀ ਚੋਟੀ ਨੂੰ ਸਕੇਲ ਕੀਤਾ। ਉਹ ਮਾਊਂਟ ਐਵਰੈਸਟ 'ਤੇ ਚੜ੍ਹਨ ਵਾਲੀ ਦੁਨੀਆਂ ਦੀ 5ਵੀਂ ਔਰਤ ਹੈ। ਤੇਨਜਿੰਗ ਐਡਮੰਡ ਹਿਲੇਰੀ ਦੀ ਮਾਉਂਟ ਐਵਰੈਸਟ ਦੇ ਪਹਿਲੇ ਉਤਸਵ ਦੀ ਪਹਿਲੀ ਵਰ੍ਹੇਗੰਢ ਤੋਂ ਸਿਰਫ ਪੰਜ ਦਿਨ ਪਹਿਲਾਂ ਉਸ ਦਾ ਜਨਮ ਹੋਇਆ ਸੀ। ਉਸ ਨੇ ਆਪਣੀ ਐਮ.ਏ. ਅਤੇ ਬੀ.ਐਡ. ਤੋਂ ਡੀ.ਏ.ਵੀ. ਪੋਸਟ ਗ੍ਰੈਜੂਏਟ ਕਾਲਜ, ਦੇਹਰਾਦੂਨ ਤੋਂ ਪੂਰੀ ਕੀਤੀ। ਸੰਨ 1984 ਵਿੱਚ, ਭਾਰਤ ਨੇ ਆਪਣੀ ਚੌਥੀ ਮੁਹਿੰਮ ਨੂੰ, "ਐਵਰੇਸਟ' 84" "ਦਾ ਨਾਮ, ਮਾਉਂਟ ਐਵਰੈਸਟ ਤੱਕ ਤੈਅ ਕੀਤਾ ਸੀ। ਬਚੇਂਦਰੀ ਪਾਲ ਨੂੰ ਛੇ ਭਾਰਤੀ ਔਰਤਾਂ ਅਤੇ ਗਿਆਰਾਂ ਆਦਮੀਆਂ ਦੇ ਕੁਲੀਨ ਸਮੂਹ ਦੇ ਮੈਂਬਰਾਂ ਵਜੋਂ ਚੁਣਿਆ ਗਿਆ ਸੀ ਜਿਨ੍ਹਾਂ ਨੂੰ ਮਾਊਂਟ ਐਵਰੈਸਟ (ਨੇਪਾਲੀ ਵਿੱਚ ਸਾਗਰਮਾਥਾ) ਚੜ੍ਹਨ ਦੀ ਕੋਸ਼ਿਸ਼ ਕਰਨ ਦਾ ਸਨਮਾਨ ਮਿਲਿਆ ਸੀ। ਬਚੇਂਦਰੀ ਪਾਲ ਨੂੰ ਮਿਲੇ ਕੁੱਝ ਸਨਮਾਨ ਇਸ ਤਰ੍ਹਾਂ ਹਨ–

* ਭਾਰਤ ਪਰਬਤ ਰੋਹੀ ਫਾਉਂਡੇਸ਼ਨ ਨੇ ਸੋਨ ਤਗਮਾ (1984)
* ਭਾਰਤ ਸਰਕਾਰ ਨੇ ਪਦਮ ਸ੍ਰੀ (1984)
* ਉੱਤਰ ਪ੍ਰਦੇਸ਼ ਨੇ ਸਿੱਖਿਆ ਵਿਭਾਗ ਦਾ ਸੋਨ ਤਗਮਾ(1985)।
* ਭਾਰਤ ਸਰਕਾਰ ਨੇ ਅਰਜੁਨ ਇਨਾਮ (1986)
* ਕੋਲਕਾਤਾ ਲੇਡੀਜ਼ ਸਟੱਡੀ ਗਰੁੱਪ ਆਰਡਰ (1986)।
* ਗਿਨੀਜ਼ ਵਰਡ ਰਿਕਾਰਡ (1990) 'ਚ ਨਾਮਜਦ
* ਭਾਰਤ ਸਰਕਾਰ ਨੇ ਕੌਮੀ ਐਡਵੈਂਚਰ ਸਨਮਾਨ (1994)।
* ਉੱਤਰ ਪ੍ਰਦੇਸ਼ ਨੇ ਯਸ਼ ਭਾਰਤੀ ਸਨਮਾਨ (1995)।
* ਹੇਮਵਤੀ ਨੰਦਨ ਬਹੁਗੁਣਾ ਗੜਵਾਲ ਯੂਨੀਵਰਸਿਟੀ ਨੇ ਪੀਐਚਡੀ ਦੀ ਡਿਗਰੀ (1997)।
* ਸੰਸਕ੍ਰਿਤ ਮੰਤਰਾਲਾ ਮੱਧ ਪ੍ਰਦੇਸ਼ ਨੇ ਪਿਹਲੀ ਵੀਰਾਂਗਣਾ ਲਕਸ਼ਮੀਬਾਈ ਰਾਸ਼ਟਰੀ ਸਨਮਾਨ(2013-14)। ਇਸ ਤਰ੍ਹਾਂ ਬਚੇਂਦਰੀ ਪਾਲ ਨੇ ਆਪਣੇ ਜੀਵਕ ਕਾਲ ਵਿੱਚ ਬਹੁਤ ਹੀ

ਪ੍ਰੋ. ਗਗਨਦੀਪ ਕੌਰ ਧਾਲੀਵਾਲ

ਸਲਾਘਾਯੋਗ ਕੰਮ ਕੀਤੇ ਸਮਾਜ ਸੁਧਾਰਕ ਹੋਣਾ ਵੀ ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਹੈ। ਬਚੇਂਦਰੀ ਪਾਲ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਚੜ੍ਹਨ ਤੋਂ ਬਾਅਦ ਵੀ ਕਿਰਿਆਸ਼ੀਲ ਰਹੀ। ਉਹ ਕਦੇ ਵੀ ਨਹੀਂ ਹਾਰੀ। ਇੱਕ "ਇੰਡੋ-ਨੇਪਾਲੀ ਔਰਤ ਦੀ ਮਾਊਟ ਐਵਰੈਸਟ ਅਭਿਆਨ - 1993" ਵਿੱਚ ਸਿਰਫ਼ ਔਰਤਾਂ ਸ਼ਾਮਲ ਹਨ, ਜਿਹੜੀ ਭਾਰਤੀ ਪਰਬਤਾਰੋਹੀ ਲਈ ਮਾਪਦੰਡ ਤੈਅ ਕੀਤੇ ਜਦੋਂ ਇਸ ਸੰਮੇਲਨ ਵਿਚ 7 ਔਰਤਾਂ ਸਮੇਤ 18 ਲੋਕ ਪਹੁੰਚੇ। ਇਸ ਤਰਾਂ ਬਚੇਂਦਰੀ ਪਾਲ ਨੇ ਆਪਣੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਿਲ ਕੀਤੀ। ਜਿੰਨਾਂ ਦੇ ਹੌਸਲੇ ਬੁਲੰਦ ਹੁੰਦੇ ਹਨ। ਉਹ ਇੱਕ ਦਿਨ ਜ਼ਰੂਰ ਮੰਜਿਲ ਪਾ ਲੈਂਦੇ ਹਨ।ਬਚੇਂਦਰੀ ਪਾਲ ਨੇ ਨਾ ਸਿਰਫ ਆਪਣਾ ਤੇ ਪਰਿਵਾਰ ਦਾ ਨਾਂ ਰੌਸ਼ਨ ਕੀਤਾ ਹੈ ਬਲਕਿ ਭਾਰਤ ਦੇਸ਼ ਦਾ ਨਾਂ ਚਮਕਾਇਆ ਹੈ।

# ਨਵੇਂ ਮਨੁੱਖ ਦੀ ਸਿਰਜਣਾ ਦਾ ਸਾਹਿਤ–ਦਲਿਤ ਸਾਹਿਤ

(ਸਫਾ 24 ਦੀ ਬਾਕੀ)

ਸਕਦੇ ਹਾਂ। ਬਲਕਿ ਇਸ ਲਈ ਪੜ੍ਹਿਆ ਜਾਂਦਾ ਹੈ ਕਿ ਜਾਣੀਏ ਪਿੱਛੇ ਲੋਕਾਂ ਨੇ ਕੀ ਕੀ ਗਲਤੀਆਂ ਕੀਤੀਆਂ ਹਨ, ਅਤੇ ਉਹਨਾਂ ਤੋਂ ਬਚਿਆ ਕਿਵੇਂ ਜਾ ਸਕਦਾ ਹੈ। ਸਾਹਿਤ/ਇਤਿਹਾਸ, ਹਮੇਸ਼ਾ ਹੀ ਉਦਾਹਰਣ ਨਹੀਂ, ਅਕਸਰ ਇਹ ਭਵਿੱਖ ਲਈ ਚੇਤਾਵਨੀ ਵੀ ਹੁੰਦਾਂ ਹੈ।

ਕਹਾਵਤ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜਦ ਮਨੁੱਖ ਅਤੇ ਸਮਾਜ ਇਤਿਹਾਸ ਤੋਂ ਸਬਕ ਨਹੀਂ ਸਿੱਖਦਾ, ਭਾਵ ਆਪਣੇ ਪੂਰਵਜਾਂ ਦੀਆਂ ਗਲਤੀਆਂ, ਅਸਫਲਤਾਵਾਂ, ਔਕੜਾਂ ਅਤੇ ਪ੍ਰੇਸ਼ਾਨੀਆਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਕੇ ਉਹਨਾਂ ਦਾ ਹੱਲ ਨਹੀਂ ਲੱਭਦਾ ਤਾਂ ਉਸ ਨੂੰ ਵੀ ਜਦ ਉਪਰੋਕਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਨੂੰ ਕਿਹਾ ਜਾਂਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਪ੍ਰੰਤੂ ਜੇਕਰ ਮਨੁੱਖ ਆਪਣੇ ਪੂਰਵਜਾਂ ਦੀਆਂ ਔਕੜਾਂ ਤੇ ਅਸਫਲਤਾਵਾਂ ਨੂੰ ਸਮਝਕੇ ਚਲਦਾ ਹੈ ਤਾਂ ਇਕ ਤਾਂ ਉਹ ਪੂਰਵਜਾਂ ਦੀਆਂ ਗਲਤੀਆਂ ਨੂੰ ਦੁਹਰਾਉਂਦਾéਹੀਂ, ਦੂਜਾ ਉਹ ਵਿਕਾਸ ਦੀਆਂ ਬੁਲੰਦੀਆਂ ਨੂੰ ਛੂੰਹਦਾ ਖੁੱਦ ਇਤਿਹਾਸ ਬਣ ਜਾਂਦਾ ਹੈ।

ਅੰਤ! ਸਾਹਿਤ ਦਾ ਉਦੇਸ਼ ਜੀਵਨ ਦੇ ਆਦਰਸ਼ ਨੂੰ ਉਜਾਗਰ ਕਰਨਾ ਹੈ, ਜਿਸ ਨੂੰ ਪੜ੍ਹ ਕੇ ਮਨੁੱਖ ਪੈਰ-ਪੈਰ 'ਤੇ ਆਉਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਸਕੇ। ਜੇ ਸਾਹਿਤ ਤੋਂ ਸਹੀ ਸੇਧ ਨਾ ਮਿਲੇ ਤਾਂ ਉਸ ਸਾਹਿਤ ਦਾ ਕੀ ਲਾਭ? ਜੀਵਨ ਜਾਚ ਦੀ ਅਲੋਚਨਾ ਹੋਵੇ, ਚਾਹੇ ਚਿੱਤਰ ਕਲਾ 'ਚ ਹੋਵੇ, ਚਾਹੇ ਵਿਸ਼ਵ ਦੀ ਖੋਜ ਹੋਵੇ, ਜੇ ਸਾਹਿਤ ਜੀਵਨ 'ਚ ਯੋਗਦਾਨ ਨਹੀਂ ਪਾਉਂਦਾ ਹਾਂ ਅਜਿਹੀ ਲੇਖਣੀ ਸਾਹਿਤ ਨਹੀਂ ਹੈ। ਸਾਹਿਤ ਲਿਖਣ ਦਾ ਨਾਮ ਹੈ, ਨਾ ਵਧੀਆ-ਵਧੀਆ ਸ਼ਬਦ ਚੁਣ ਕੇ ਪਰੋਣਾ ਹੈ, ਨਾ ਅਖਾਣ, ਮੁਹਾਵਰਿਆਂ ਨਾਲ ਮਨੋਰੰਜਨ ਬਣਾਉਣਾ ਹੈ। ਉਚੇ, ਸਮਾਨ ਤੇ ਸੱਚੇ ਵਿਚਾਰ ਹੀ ਸਾਹਿਤ ਹਨ। ਅਜਿਹਾ ਸਾਹਿਤ ਹੀ ਆਮ ਲੋਕਾਂ ਨੂੰ ਜੀਵਨ ਦਿੰਦਾ ਹੈ, ਗਿਆਨ ਦੀ ਅਭਿਲਾਸ਼ਾਂ ਸ਼ਾਂਤ ਕਰਦਾ ਹੈ, ਵਿਵੇਕ ਦੀ ਭੁੱਖ ਵਧਾਉਂਦਾ ਤੇ ਸਮਾਜ ਨੂੰ ਨਵਾਂ ਰਾਹ ਦਰਸਾਉਂਦਾ।

ਕਲਮ ਕ੍ਰਾਂਤੀ ਦੀ ਧਾਰ ਬਣਕੇ ਨਵੇਂ ਯੁੱਗ ਦਾ ਨਿਰਮਾਣ ਕਰਦੀ ਹੈ। ਪੂਰਵਜਾਂ ਦੀ ਮਿਹਨਤ ਭਵਿੱਖ ਉਲੀਕਦੀ ਹੈ। ਪਰ ਭਾਰਤੀ ਸਥਾਪਤ ਸਾਹਿਤ ਵਿਚ ਅਜਿਹਾ ਦਿਖਾਈ ਨਹੀ ਦਿੰਦਾ। ਇਸੇ ਲਈ ਦਲਿਤ ਸਾਹਿਤਕਾਰ ਨਵੇਂ ਸਿਰੇ ਤੋਂ ਨਵੇਂ ਮਨੁੱਖ ਦੀ ਸਿਰਜਣਾ ਕਰਕੇ ਨਵੀਂ ਦੁਨੀਆਂ ਬਣਾਉਣੀ/ਵਸਾਉਣੀ ਚਾਹੁੰਦੇ ਹਨ।

ਦੇਸ਼ ਵਿੱਚ ਦਲਿਤ ਸ਼ੋਸ਼ਿਤ ਮਜ਼ਦੂਰ ਔਰਤਾਂ, ਸਮਾਜ ਦੇ ਅਨੇਕਾਂ ਮਾਨਵਰ ਦਾਨਿਸ਼ਵਰ ਸੰਘਰਸ਼ਸ਼ੀਲ ਯੋਧੇ ਲੇਖਕ ਤੇ ਸਾਹਿਤਕਾਰ ਹੋਏ ਹਨ। ਜਿਨ੍ਹਾਂ ਨੇ ਆਜ਼ਾਦੀ ਸੰਗਰਾਮ ਵਿੱਚ ਅੱਗੇ ਹੋ ਕੇ ਭਾਗ ਲਿਆ, ਕਰੋੜਾਂ ਲੋਕਾਂ ਨੂੰ ਅਧਿਕਾਰ ਲੈ ਕੇ ਦਿੱਤੇ। ਅੰਗਰੇਜ਼ਾਂ ਨੇ ਉਨ੍ਹਾਂ ਦੇ ਸੰਘਰਸ਼ ਨੂੰ ਆਪਣੇ ਵਿਰੁੱਧ ਬਗਾਵਤ ਮੰਨ ਕੇ ਉਨ੍ਹਾਂ ਨੂੰ ਅਪਰਾਧੀ ਘੋਸ਼ਿਤ ਕੀਤਾ, ਸਜ਼ਾਵਾਂ ਦਿੱਤੀਆਂ, ਸ਼ਹੀਦ ਕੀਤੇ ਫਿਰ ਵੀ ਉਹਨਾਂ ਨੂੰ ਪੁਰਸ਼ਕਾਰ ਨਹੀ ਦਿੱਤੇ ਜਾਂਦੇ? ਅਜਿਹੇ ਸੂਰਬੀਰਾਂ, ਆਜ਼ਾਦੀ ਸੰਗਰਾਮੀਆਂ, ਵਿਦਵਾਨਾਂ, ਲੇਖਕਾਂ, ਸਾਹਿਤਕਾਰਾਂ ਦੀਆਂ ਕੁਰਬਾਨੀਆਂ ਨੂੰ ਦਲਿਤ ਸਾਹਿਤ ਬਾ-ਖ਼ੂਬੀ ਉਜਾਗਰ ਕਰ ਰਿਹਾ ਹੈ।

ਪਿਛਲੇ ਸੱਤ ਦਹਾਕਿਆਂ ਦੌਰਾਨ ਕੀਤੇ ਗਏ 'ਸਬਾਲਟ੍ਰਨ ਸਟੱਡੀਜ਼' ਨੇ ਦਲਿਤ ਸਾਹਿਤ ਨੂੰ ਆਪਣੇ ਪ੍ਰਾਜੈਕਟ ਦਾ ਵਿਸ਼ਾ ਬਣਾਇਆ ਹੈ। ਖੋਜ ਤੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਹਿੱਤ ਕੁਝ ਅਕਾਦਮਿਕ ਕਿਸਮ ਦਾ ਕੰਮ ਦਲਿਤ ਸਾਹਿਤ ਬਾਰੇ ਜ਼ਰੂਰ ਹੋਇਆ ਹੈ, ਜਿਸ ਦਾ ਮਨੋਰਥ ਖੋਜਾਰਥੀਆਂ ਦੇ ਨੌਕਰੀ ਪ੍ਰਾਪਤ ਕਰਨ ਲਈ ਇੱਕ ਕੜੀ ਵੱਜੋਂ ਡਿਗਰੀ ਪ੍ਰਾਪਤ ਕਰਨਾ ਹੀ ਸਿੱਧ ਹੋਇਆ ਹੈ। ਕਥਾ-ਕਹਾਣੀਆਂ, ਨਿਬੰਧਾਂ, ਨਾਵਲਾਂ, ਕਵਿਤਾਵਾਂ ਦੇ ਰੂਪ ਵਿੱਚ ਸਾਹਿਤ ਲਿਖਣ ਦਾ ਸਿਲਸਿਲਾ ਚੱਲ ਰਿਹਾ ਹੈ, ਉਸ ਵਿੱਚ ਵੀ ਦਲਿਤਾਂ ਨੂੰ ਘਟੀਆ, ਘ੍ਰਿਣਿਤ, ਨੀਚ ਅਤੇ ਔਰਤਾਂ ਨੂੰ ਭੋਗ-ਵਿਲਾਸ ਦੀ ਵਸਤੂ ਵੱਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਯਤਨ ਨੇ ਵੀ ਦਲਿਤ ਨੂੰ ਸਹੀ ਇਤਿਹਾਸਕ ਦ੍ਰਿਸ਼ਟੀ ਪ੍ਰਦਾਨ ਨਹੀਂ ਕੀਤੀ। ਇਹ ਸਥਿਤੀ ਕੇਵਲ ਦਲਿਤ ਵਿਰੋਧੀ ਹੀ ਨਹੀਂ ਬਲਕਿ ਪੂਰਬ ਸਮਾਜ ਨੂੰ ਇੱਕ ਅਧੂਰਾ ਅਤੇ ਅਸੰਤੁਲਿਤ ਆਧਾਰ ਪ੍ਰਦਾਨ ਕਰਦੀ ਹੈ। ਕੀ ਕੁਝ ਹੀ ਲੇਖਕਾਂ ਤੱਕ ਅਕਾਦਮਿਕ/ਆਲੋਚਨਾਤਮਕ ਕਾਰਜਾਂ ਨੂੰ ਸੀਮਤ ਕਰਕੇ, ਸਾਹਿਤ ਦੀਆਂ ਵੱਖ ਵੱਖ ਧਾਰਾਵਾਂ ਨੂੰ ਸਮਝਿਆ ਜਾ ਸਕਦਾ ਹੈ? ਹਰਗਿਜ ਨਹੀਂ।

ਸਾਹਿਤ ਅਕਾਦਮੀਆਂ ਤੇ ਯੂਨੀਵਰਸਿਟੀਆਂ 'ਚ ਹਰ ਭਾਸ਼ਾ ਦੀ ਸਰਵੋਤਮ ਪੁਸਤਕ ਦੇ ਆਧਾਰ ਉਤੇ ਪੁਰਸਕਾਰ ਦੇਣਾ ਅਤੇ ਚੁਣੀ ਗਈ ਪੁਸਤਕ ਦਾ ਅਨੁਵਾਦ ਸਭ ਭਾਸ਼ਾਵਾਂ ਵਿੱਚ ਕਰਵਾ ਕੇ ਪ੍ਰਕਾਸ਼ਤ ਕਰਦੀਆਂ ਹਨ। ਲੇਖਕਾਂ ਤੇ ਕਿਤਾਬਾਂ ਦੀ ਚੋਣ 'ਚ ਦਲਿਤ ਸਾਹਿਤਕਾਰਾ ਤੇ ਪੁਸਤਕਾਂ ਬਾਰੇ ਰਵੱਈਆ ਕੋਈ ਬਹੁਤਾ ਸ਼ਲਾਘਾਯੋਗ ਨਹੀਂ ਹੈ। ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਭਾਰਤੀ ਸਾਹਿਤ ਅਕਾਦਮੀਆਂ ਤੇ ਯੂਨੀਵਰਸਿਟੀਆਂ 'ਚ ਦਲਿਤ ਲੇਖਕਾਂ/ਆਲੋਚਕਾਂ/ਅਧਿਆਪਕਾਂ ਦਾ ਨਾਮਾਤਰ ਹੋਣਾ ਹੈ। ਇਹੋ ਕਾਰਨ ਹੈ ਕਿ ਖੋਜ ਖੇਤਰਾਂ, ਪੀ. ਐਚ. ਡੀ., ਐਮ. ਫਿਲ ਕਰਾਉਣ ਵੇਲੇ ਉਪਰਲੇ ਵਰਗਾਂ ਦੇ ਹੀ ਲੇਖਕਾਂ/ਆਲੋਚਕਾਂ ਦਾ ਗਲਬਾ ਹੈ, ਜਿਨ੍ਹਾਂ ਦੇ ਬਾਰੇ ਬਾਰ ਬਾਰ ਖੋਜ ਕਾਰਜ ਦਾ ਸਿਰਲੇਖ ਬਦਲ ਕੇ ਵਿਦਿਆਰਥੀਆਂ ਕੋਲੋਂ ਕੰਮ ਕਰਵਾਇਆ ਜਾਂਦਾ ਹੈ। ਦਲਿਤ ਸਾਹਿਤ ਨੂੰ ਵੀ ਆਲੋਚਨਾ ਤੇ ਅਕਾਦਮੀ ਪੁਰਸਕਾਰਾਂ ਲਈ ਵਿਚਾਰਿਆ ਜਾਣਾ ਚਾਹੀਦਾ ਹੈ?

ਪੰਜਾਬੀ ਦਲਿਤ ਸਾਹਿਤ ਦੇ ਸਿਧਾਂਤ ਅਤੇ ਵਿਚਾਰਧਾਰਾ ਅਥਵਾ ਇਸ ਦੇ ਸੁਹਜ ਸਾਸ਼ਤਰੀ ਪਰਿਪੇਖ, ਜਾਤੀ ਜਮਾਤੀ ਵਿਸ਼ਲੇਸ਼ਣ ਬਾਰੇ ਭਾਰਤ ਦੀਆਂ ਬਾਕੀ ਭਸ਼ਾਵਾਂ ਵਿੱਚ ਪ੍ਰਸੰਸਾਯੋਗ ਸਾਹਿਤ ਦੀ ਰਚਨਾ ਹੋਈ ਹੈ ਪਰ ਪੰਜਾਬੀ ਆਲੋਚਕ ਇਸ ਬਾਰੇ ਚੁੱਪ ਹਨ। ਜਦਕਿ ਪੰਜਾਬੀ ਵਿੱਚ ਦਲਿਤ ਸਾਹਿਤ ਬਹੁਤ ਰਚਿਆ ਜਾ ਚੁੱਕਾ ਹੈ। ਵੱਖ ਵੱਖ ਖੋਜ ਨਿਬੰਧਾਂ, ਕਵਿਤਾ, ਕਹਾਣੀ, ਨਾਵਲ, ਨਾਟਕ, ਸਵੈ-ਜੀਵਨੀਆਂ ਛਪਕੇ ਆਈਆਂ, ਕੁੱਝ ਪੁਸਤਕਾਂ ਦੀ ਸੰਪਾਦਨਾ ਵੀ ਹੋਈ, ਇਹਨਾਂ ਦਾ ਸਵਾਗਤ ਕਰਨਾ ਬਣਦਾ ਹੈ ਅਤੇ ਦਲਿਤ ਸਾਹਿਤ ਬਾਰੇ ਪੰਜਾਬੀ ਅਲੋਚਕਾਂ ਨੂੰ ਚੁੱਪ ਤੋੜਨ ਦੀ ਲੋੜ ਹੈ। ਅੱਜ ਲੋੜ ਹੈ ਕਿ ਇਤਿਹਾਸ ਲੇਖਨ ਵਿੱਚ ਦਲਿਤ ਦ੍ਰਿਸ਼ਟੀਕੋਣ ਅਤੇ ਉਸ ਦੀ ਵਾਸਤਵਿਕ ਸਥਿਤੀ ਨੂੰ ਚਿਤਰਤ ਕੀਤਾ ਜਾਵੇ, ਤਾਂ ਹੀ ਸਾਹਿਤ ਪ੍ਰਮਾਣਿਕ ਅਤੇ ਜਨ-ਸਾਹਿਤ ਬਣ ਸਕੇਗਾ।

ਸੰਸਾਰ ਵਿਚ ਚਾਰ ਤਰ੍ਹਾਂ ਦੇ ਪੁਰਸ਼ ਹਨ। ਪਹਿਲੇ ਉਹ ਹਨ ਜੋ ਕਹਿੰਦੇ ਕੋਈ ਸਮੱਸਿਆ ਹੈ ਹੀ ਨਹੀਂ। ਦੂਜੇ ਉਹ ਜੋ ਕਹਿੰਦੇ ਸਮੱਸਿਆ ਹੈ ਪਰ ਇਸ ਦਾ ਕੋਈ ਹੱਲ ਨਹੀਂ ਹੈ। ਤੀਸਰੇ ਉਹ ਜੋ ਸਮੱਸਿਆਵਾਂ ਤੋਂ ਡਰ ਕੇ ਸਮਾਜ ਨੂੰ ਛੱਡ ਕੇ ਜੰਗਲਾਂ ਪਹਾੜਾਂ ਵਲ੍ਹ ਚਲੇ ਜਾਂਦੇ ਹਨ। ਚੌਥੇ ਉਹ ਪੁਰਸ਼ ਪੈਦਾ ਹੁੰਦੇ ਹਨ ਜੋ ਜਿਸ ਸਮਾਜ ਵਿਚ ਪੈਦਾ ਹੁੰਦੇ ਹਨ ਉਹ ਉਸ ਸਮਾਜ ਦੀਆਂ ਸਮੱਸਿਆ ਦਾ ਕਾਰਨ ਲੱਭ ਕੇ, ਉਸਨੂੰ ਸਮਝ ਕੇ, ਉਸ ਦੇ ਸਮਾਧਾਨ ਲਈ ਹਮੇਸ਼ਾਂ ਜੂਝਦੇ ਰਹਿੰਦੇ ਹਨ। ਅਜਿਹੇ ਪੁਰਸ਼ ਨਹੀਂ, ਮਹਾਂਪੁਰਸ਼ ਹੁੰਦੇ ਹਨ। ਮਹਾਂਪੁਰਸ਼ ਸਮਾਜ ਦਾ ਮਾਰਗ ਦਰਸ਼ਨ ਕਰਦੇ ਹਨ। ਮਹਾਂਪੁਰਸ਼ਾਂ ਦਾ ਜੀਵਨ ਬਿਰਤਾਂਤ ਹੀ ਆਉਣ ਵਾਲੀਆਂ ਪੀੜ੍ਹੀਆਂ ਦੇ ਮਾਰਗ ਦਰਸ਼ਨ ਲਈ ਸਾਹਿਤ/ਇਤਿਹਾਸ ਹੁੰਦਾ ਹੈ।

ਡਾ. ਅੰਬੇਡਕਰ ਦਾ ਕਥਨ 'ਸਮਾਜਿਕ ਚੇਤਨਾ ਤੋਂ ਬਿਨਾਂ ਰਾਜਨੀਤਿਕ ਚੇਤਨਾ ਵਿਅਰਥ ਹੈ' ਨੂੰ ਸਮਝਦੇ ਹੋਏ ਦਲਿਤ ਸਾਹਿਤਕਾਰ ਤੇ ਲੇਖਕ, ਬਾਬਾ ਸਾਹਿਬ ਦੇ ਕਾਰਵਾਂ ਨੂੰ ਗਤੀਸ਼ੀਲ ਬਣਾਉਣ ਲਈ ਸਾਰਥਿਕ ਭੂਮਿਕਾ ਨਿਭਾਅ ਰਹੇ ਹਨ। ਗੈਰ-ਰਾਜਨੀਤਕ, ਸਾਹਿਤਕ, ਸਭਿਆਚਾਰਕ ਸੰਗਠਨਾਂ ਨੇ ਹੀ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਖਤਮ ਨਹੀ ਹੋਣ ਦਿੱਤਾ। ਇਸ 'ਚ ਦਲਿਤ ਸਾਹਿਤ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

ਸਾਥੀਓ! ਆਓ, ਨਵੇ ਮਨੁੱਖ ਦੀ ਸਿਰਜਣਾ ਲਈ ਇਕ ਅਜਿਹੇ ਸਾਹਿਤ, ਸਮਾਜ, ਸੰਸਾਰ ਦੀ ਰਚਨਾ ਲਈ ਸੰਘਰਸ਼ਤ ਹੋਈਏ, ਜਿੱਥੇ ਤਰਕ ਤਕਾਜ਼ਾ ਬਣੇ, ਗਿਆਨ-ਵਿਗਿਆਨ ਦਾ ਬੋਲ ਬਾਲਾ ਹੋਵੇ, ਲੋਕਤੰਤਰ ਲੋਕਾਂ ਦਾ, ਲੋਕਾਂ ਦੁਆਰਾ, ਲੋਕਾਂ ਲਈ ਹੋਵੇ। ਜਿੱਥੇ ਸਭ ਲੋਕ ਰਲ ਮਿਲ ਕੇ ਜਾਤ ਤੇ ਜਮਾਤ ਰਹਿਤ ਸਮਾਜ ਵਿੱਚ ਰਹਿਣ। ਜਿੱਥੇ ਹਰ ਮਨੁੱਖ ਨੂੰ ਮੌਕਾ ਮਿਲੇ, ਨੌਜ਼ਵਾਨਾਂ ਨੂੰ ਆਪਣਾ ਭਵਿੱਖ ਰੋਸ਼ਨ ਦਿਸੇ, ਔਰਤਾਂ, ਬਜ਼ੁਰਗਾਂ ਤੇ ਬੇਸਹਾਰਿਆ ਨੂੰ ਆਪਣੀ ਸੁਰੱਖਿਆ ਮਿਲੇ।

ਜਦੋਂ ਤੱਕ ਅਸੀਂ ਆਪਣੇ ਸਾਹਿਤ/ਇਤਿਹਾਸ ਦਾ ਪੁਨਰਮੁੱਲਾਂਕਣ ਕਰਕੇ ਉਹਨਾਂ ਗਲਤੀਆਂ ਨੂੰ ਨਹੀਂ ਪਹਿਚਾਣ ਲੈਂਦੇ ਜਿਸ ਕਾਰਨ ਸਾਡੀ ਹਾਲਤ ਐਨੀ ਭੈੜੀ ਹੋ ਚੁੱਕੀ ਹੈ, ਤਦ ਤੱਕ ਸਾਨੂੰ ਨਾ ਤਾਂ ਇਹਨਾਂ ਪ੍ਰਸ਼ਨਾਂ ਦਾ ਉੱਤਰ ਮਿਲੇਗਾ ਤੇ ਨਾ ਹੀ ਸਾਨੂੰ ਅਗੋਂ ਦਾ ਰਾਹ ਸਪੱਸ਼ਟ ਹੋਵੇਗਾ।

ਦਲਿਤ ਸਾਹਿਤ ਨਵੀਨਤਾ ਦਾ ਸਾਹਿਤ ਹੈ। ਇਹ ਬਣੀਆਂ-ਬਣਾਈਆਂ ਮਾਨਤਾਵਾਂ ਨੂੰ ਰੱਦ ਕਰਦਾ ਹੈ ਜਾਂ ਘੱਟੋ-ਘੱਟ ਦੁਬਾਰਾ ਸੋਚਣ ਲਈ ਮਜਬੂਰ ਕਰਦਾ ਹੈ। ਕਿਉਕਿ ਦਲਿਤ ਸਾਹਿਤ ਆਪਣੇ-ਆਪ ਵਿੱਚ ਪ੍ਰੇਰਨਾ ਵੀ ਹੈ। ਦਲਿਤ ਸਾਹਿਤ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਹੋਰ ਪੜ੍ਹਨ ਤੇ ਮੌਲਿਕ ਪੁਸਤਕਾਂ ਦੀ ਖੋਜ ਕਰਨ ਅਤੇ ਕੁਝ ਨਵਾਂ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ। ਦਲਿਤ ਸਾਹਿਤ ਵਿਸ਼ਵ ਸਾਹਿਤ ਦਾ ਹਾਣੀ ਹੋ ਕੇ ਮੋਢੇ ਨਾਲ ਮੋਢਾ ਜੋੜਦਾ ਹੋਇਆ ਕ੍ਰਾਂਤੀ ਦਾ ਸੰਦੇਸ਼ ਲੈ ਕਾਰਖਾਨਿਆਂ, ਪਿੰਡਾਂ ਦੇ ਵਿਹੜਿਆਂ, ਠੱਠੀਆਂ, ਸਲੱਮ ਬਸਤੀਆਂ ਵੱਲ੍ਹ ਹੋ ਤੁਰਿਆ ਹੈ। ਦਲਿਤ ਸਾਹਿਤ, ਕਲਾਸੀਕਲ ਸਾਹਿਤ, ਕਲਾ, ਨਾਟ, ਨ੍ਰਿਤ, ਸੰਗੀਤ, ਚਿੱਤਰ, ਮੂਰਤੀ ਆਦਿ ਅਨੇਕ ਭਾਂਤੀਆਂ, ਸੂਖਮ ਕਲਾਵਾਂ ਨੂੰ ਆਪਣੇ ਕਲਾਵੇ 'ਚ ਲੈ ਰਿਹਾ ਹੈ। ਦਲਿਤ ਸਾਹਿਤ ਨਾਲ ਪੰਜਾਬੀ ਸਾਹਿਤ ਵਿੱਚ ਨਵੇਂ ਮਿਆਰ ਸਥਾਪਿਤ ਹੋਣਗੇ। ਐਸੀ ਸਾਡੀ ਆਸਾ ਹੈ।

ਲੇਖਕ ਸਾਹਿਤ/ਇਤਿਹਾਸ ਦੀ ਮਾਂ ਹੁੰਦਾ ਹੈ। ਲੇਖਕ ਸਿਰਜਣਹਾਰ ਹੈ। ਲੇਖਕ ਹੀਰੋ ਨੂੰ ਜ਼ੀਰੋ ਅਤੇ ਜ਼ੀਰੋ ਨੂੰ ਹੀਰੋ ਬਣਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਜਦ ਤੱਕ ਲੇਖਕ ਆਪਣੀ ਕਲਮ ਦਾ ਪ੍ਰਯੋਗ ਰਾਜੇ ਰਾਣੀਆਂ ਦੇ ਸੰਘਾਸਨਾਂ ਲਈ ਕਰਦੇ ਰਹੇ ਤਾਂ ਰਾਜੇ ਰਾਣੀਆਂ ਦੇ ਰਾਜ ਕਾਇਮ ਰਹੇ। ਪ੍ਰੰਤੂ ਜਦ ਲੇਖਕ ਆਪਣੀ ਕਲਮ ਰਾਜੇ ਰਾਣੀਆਂ ਦੇ ਖਿਲਾਫ ਵਰਤਨ ਲੱਗੇ ਤਾਂ ਰਾਜੇ ਰਾਣੀਆਂ ਦੇ ਰਾਜ ਪਲਟ ਗਏ। ਫਰਾਂਸ ਦੇ ਰਾਜਾ ਲੂਈਸ ਸੋਲਵੇਂ ਦਾ ਰਾਜ ਵਾਲਟੇਅਰ, ਰੂਸੋਂ ਨੇ, ਰੂਸ ਜਾਰਸ਼ਾਹੀ ਦਾ ਰਾਜ ਗੋਰਕੀ ਆਦਿ ਲੇਖਕਾਂ ਦੀ ਕਲਮ/ਲੇਖਣੀ ਨੇ ਖ਼ਤਮ ਕਰਾ ਦਿੱਤੇ।

ਸਮਾਜਿਕ ਤਬਦੀਲੀ ਤਾਂ ਹੀ ਆ ਸਕਦੀ ਹੈ ਜੇ ਪੁਰਾਣੇ ਸੱਭਿਆਚਾਰ ਨੂੰ ਬਦਲਿਆ ਜਾ ਸਕੇ। ਪੁਰਾਣਾ ਸੱਭਿਆਚਾਰ ਤਾਂ ਹੀ ਬਦਲਿਆ ਜਾ ਸਕਦਾ ਹੈ ਜੇ ਇਸ ਦੇ ਪੁਰਾਣੇ ਸਾਹਿਤਕ/ਇਤਿਹਾਸਕ ਸੋਮੇ ਪੂਰਨ ਰੂਪ ਵਿੱਚ ਰੱਦ ਕੀਤੇ ਜਾਣ। ਪ੍ਰਾਚੀਨ ਸਾਹਿਤਕ/ਇਤਿਹਾਸਕ ਸੋਮੇ ਤਾਂ ਹੀ ਰਦ ਕੀਤੇ ਜਾ ਸਕਦੇ ਹਨ ਜੇ ਸਾਹਿਤਕਾਰ ਤਰਕ ਦੀ ਤਲਵਾਰ ਉਠਾ ਕੇ ਨਵੇਂ ਸਾਹਿਤ ਦੀ ਸਿਰਜਣਾ ਕਰੇ।

ਕਲਮ, ਤਲਵਾਰ ਨਾਲੋਂ ਜਿਆਦਾ ਕਾਰਗਰ ਹੁੰਦੀ ਹੈ। ਜੋ ਕੰਮ ਤਲਵਾਰ ਨਹੀਂ ਕਰ ਸਕਦੀ ਉਹ ਕਲਮ ਕਰ ਦਿੰਦੀ ਹੈ। ਇੰਨਾਂ ਹੀ ਨਹੀਂ ਤਲਵਾਰ ਸਿਰਫ ਮਿਟਾ ਹੀ ਸਕਦੀ ਹੈ, ਬਣਾ ਨਹੀਂ ਸਕਦੀ। ਪ੍ਰੰਤੂ ਕਲਮ ਮਿਟਾਉਣਾ ਅਤੇ ਬਣਾਉਣਾ ਦੋਨੋਂ ਜਾਣਦੀ ਹੈ। ਅੱਜ ਜ਼ਰੂਰਤ ਹੈ ਕਿ ਸਾਹਿਤ ਵਿੱਚ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਔਰਤਾਂ ਦੇ ਦਰਿਸ਼ਟੀਕੋਣ ਨੂੰ ਕਾਬਲੇ-ਗੌਰ ਬਣਾਇਆ ਜਾਵੇ। ਮਨੁੱਖਤਾ ਦਾ ਮਨੁੱਖਤਾ ਲਈ ਸਾਹਿਤ ਲਿਖਿਆ ਜਾਏ। ਤਦ ਹੀ ਸਾਹਿਤ, ਪ੍ਰਮਾਣਤ ਭਾਵ ਮਨੁੱਖਤਾ ਦਾ ਮਨੁੱਖਤਾ ਲਈ ਸਹਿਤ ਮੰਨਿਆ ਜਾਵੇਗਾ

## ਵਾਤਾਵਰਨ ਜਾਗਰੂਕਤਾ ਲਈ ਸਕੂਲ 'ਚ ਪੌਦੇ ਲਗਾਏ

**ਭਵਾਨੀਗੜ, 24 ਮਈ–** ਸਿੱਖਿਆ ਵਿਭਾਗ ਭ/ ਸਰਕਾਰੀ ਸਕੂਲਾਂ ਅੰਦਰ ਵਾਤਾਵਰਨ ਚੇਤਨਾ ਦੇ ਲਈ ਗਤੀਵਿਧੀਆਂ ਕਰਵਾਉਣ ਸਬੰਧੀ ਕੈਲੰਡਰ ਜਾਰੀ ਕੀਤਾ ਹੋਇਆ ਹੈ। ਇਹਨਾਂ ਹੁਕਮਾਂ ਦੀ ਪਾਲਣਾ ਹਿੱਤ ਸੁਤੰਤਰਤਾ ਸੰਗਰਾਮੀ ਸਰਦਾਰ ਹਜ਼ੂਰਾ ਸਿੰਘ ਸਮਿਸ ਮੱਟਰਾਂ ਵਿਖੇ ਸਕੂਲ ਇੰਚਾਰਜ ਚਮਨਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਪੌਦੇ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ। ਸਕੂਲ ਇੰਚਾਰਜ ਨੇ ਦੱਸਿਆ ਕਿ ਵਾਤਾਵਰਨ ਸਬੰਧੀ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਦਾ ਸਾਰਥਿਕ ਨਤੀਜਾ ਨਿਕਲ ਰਿਹਾ ਹੈ ਕਿਉਂਕਿ ਵਿਦਿਆਰਥੀਆਂ ਨੇ ਕੁਦਰਤ ਦੇ ਪ੍ਰਤਿ ਆਪਣੀ ਜਿੰ-ਮੇਵਾਰੀ ਦਾ ਅਹਿਸਾਸ ਕਰਦੇ ਹੋਏ ਵੱਖ—ਵੱਖ ਕਿਸਮ ਦੇ ਬੂਟੇ ਲਗਾਏ ਹਨ। ਇਹ ਕਦਮ ਵਾਤਾਵਰਨ ਪ੍ਰਤਿ ਚਲਾਈ ਜਾ ਰਹੀ ਮੁਹਿੰਮ ਦੀ ਸਫਲਤਾ ਦੇ ਵੱਲ ਇਸ਼ਾਰਾ ਕਰਦਾ ਹੈ। ਸਕੂਲ ਮੁਖੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਆਪਣੇ ਜਨਮ ਦਿਨ ਤੇ ਘੱਟੋ ਘੱਟ ਇੱਕ ਬੂਟਾ ਲਗਾਉਣ ਦੇ ਲਈ ਉਤਸ਼ਾਹਿਤ ਕੀਤਾ। ਇਸ ਮੁਹਿੰਮ ਨੂੰ ਸਫਲ ਬਣਾਉਣ 'ਚ ਜਗਤਾਰ ਸਿੰਘ, ਜਸਪਾਲ ਸਿੰਘ, ਚਮਕੌਰ ਸਿੰਘ, ਗੁਰਭਜਨੀਕ ਸਿੰਘ, ਸੂਬੇਦਾਰ ਪ੍ਰਗਟ ਸਿੰਘ, ਅਮੀਸ਼ ਬਾਂਸਲ, ਹਰਵਿੰਦਰ ਸਿੰਘ, ਸੁਖਵਿੰਦਰ ਕੌਰ, ਭੁਪਿੰਦਰ ਕੌਰ ਆਦਿ ਨੇ ਮਹੱਤਵਪੂਰਨ ਭੂਮਿਕਾ ਨਿਭਾਈ।



# ਅਣਖ ਦੇ ਰਾਖੇ ਪੈਦਾ ਕਰੋ



ਬਹੁਜਨ ਸਮਾਜ ਪਾਰਟੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੀ ਬਦੌਲਤ ਵੱਖ-ਵੱਖ ਜਾਤੀ ਟੁਕੜਿਆਂ 'ਚ ਵੰਡਿਆ ਤੇ ਤੋੜਿਆ ਗਿਆ ਸਮਾਜ ਜੁੜਨ ਲੱਗਗਿਆ ਸੀ। ਪੱਛੜੀਆਂ ਸ਼੍ਰੇਣੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲੱਗ ਪਈਆਂ ਸਨ। ਧਾਰਮਿਕ ਘੱਟ ਗਿਣਤੀਆਂ ਵਿਰੁੱਧ ਦੰਗਿਆਂ ਨੂੰ ਨਾ ਸਿਰਫ ਠੱਲ੍ਹ ਪੈਣ ਲੱਗ ਗਈ ਸਗੋਂ ਉਹ ਹਿੰਦੂਤਵੀ ਧੌਂਸ ਤੋਂ ਮੁਕਤ ਹੋਣ ਲਈ ਅੰਗੜਾਈਆਂ ਲੈਣ ਲੱਗ ਪਈਆਂ ਸਨ। ਸਾਹਿਬ ਕਾਂਸ਼ੀ ਰਾਮ ਦੀ ਲਹਿਰ ਬ੍ਰਾਹਮਣਵਾਦ ਲਈ ਦਿਨੋਂ ਦਿਨ ਖਤਰਾ ਬਣਦੀ ਜਾ ਰਹੀ ਸੀ। ਉਸ ਸਮੇਂ ਆਪਣੀ ਹੋਂਦ ਖ਼ਤਰੇ ਵਿਚ ਭਾਂਪ ਕੇ ਆਰ ਐੱਸ ਐਸ ਵਲੋ ਆਪਣੇ ਕਾਰਜਕਰਤਾਵਾਂ ਨੂੰ ਗੁਪਤ ਪੱਤਰਾਂ ਰਾਹੀਂ ਆਗਾਹ ਕਰਨ ਦੇ ਯਤਨ ਅਰੰਭ ਦਿੱਤੇ ਗਏ। ਆਪਣੀ ਹੋਂਦ ਲਈ ਖ਼ਤਰੇ ਦਾ ਖਦਸ਼ਾ ਜ਼ਾਹਰ ਕਰਦਿਆਂ ਆਪਣੇ ਕੇਡਰ ਨੂੰ ਆਪਣੇ ਬਚਾਅ ਖਾਤਰ ਆਖ਼ਰੀ ਲੜਾਈ ਲੜਨ ਲਈ ਸਭ ਕੁੱਝ ਦਾਅ ਤੇ ਲਗਾਉਣ ਲਈ ਵੰਗਾਰਿਆ ਗਿਆ ਤੇ ਹਿੰਦੂ ਔਰਤਾਂ ਨੂੰ ਵੀ ਹਰ ਕੁਰਬਾਨੀ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ। ਕਿਉਂਕਿ ਬਸਪਾ ਸੁਪ੍ਰੀਮੋ ਐਲਾਨੀਆਂ ਕਿਹਾ ਕਰਦੇ ਸਨ "ਉਹਨਾਂ ਦੇ ਜੀਵਨ ਦਾ ਇਕੋ-ਇਕ ਨਿਸ਼ਾਨਾ ਬ੍ਰਾਹਮਣਵਾਦ ਨੂੰ ਕਿਨਾਰੇ ਲਗਾ ਕੇ ਮਾਨਵਤਾ ਦਾ ਬੋਲਬਾਲਾ ਕਰਨਾ ਹੈ।" ਜਿਸ ਨੂੰ ਪੰਥਕ ਮੁਹਾਵਰੇ ਮੁਤਾਬਕ ਖਾਲਸੇ ਦੇ ਬੋਲਬਾਲੇ ਕਿਹਾ ਜਾਂਦਾ ਹੈ। ਇਸ ਲਈ ਹਿੰਦੂਤਵੀ ਤਾਕਤਾਂ ਸਾਹਿਬ ਕਾਂਸ਼ੀ ਰਾਮ ਦੇ ਸ਼ਾਂਤਮਈ ਦੇਸ਼ਵਿਆਪੀ ਅੰਦੋਲਨ ਤੋਂ ਪੂਰੀ ਤਰ੍ਹਾਂ ਭੈਅ ਭੀਤ ਸਨ। ਉਹਨਾਂ ਦੇ ਕਾਂਸ਼ੀ ਰਾਮ ਨੂੰ ਡਰਾਉਣ, ਝੁਕਾਉਣ ਜਾਂ ਖਰੀਦਣ ਦੇ ਸੱਭ ਮਨਸੂਬੇ ਨਾਕਾਮ ਹੋ ਚੁੱਕੇ ਸਨ। ਕੇਂਦਰ ਵਿਚ ਰਾਜਸੀ ਸਮੀਕਰਨ ਵਿਗੜ ਚੁੱਕੇ ਸਨ। ਪਾਰਟੀਆਂ ਅੰਦਰ ਨਵੇਂ ਸਿਰੇ ਤੋਂ ਧਰੁਵੀਕਰਨ ਹੋ ਰਿਹਾ ਸੀ। ਸਾਹਿਬ ਕਾਂਸ਼ੀ ਰਾਮ ਦੀ ਦੂਰ ਦਰਸ਼ੀ ਰਾਜਸੀ ਸੂਝ-ਬੂਝ ਸਦਕਾ ਸਿਆਸੀ ਪੰਡਤਾਂ ਦੀਆਂ ਗਿਣਤੀਆਂ ਮਿਣਤੀਆਂ ਵਿਗੜ ਗਈਆਂ ਸਨ। ਇਕੋ ਪਾਰਟੀ ਦੀ ਮਜ਼ਬੂਤ ਸਰਕਾਰ ਬਣਨ ਦੇ ਦਿਨ ਲੱਦ ਚੁੱਕੇ ਹਨ। ਵਣ ਵਣ ਦੀ ਲੱਕੜੀ ਜੋੜ ਕੇ ਬਣੀਆਂ ਮਜ਼ਬੂਰ ਸਰਕਾਰਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਬੇਵਿਸ਼ਵਾਸੀ ਦੇ ਐਸੇ ਮਹੌਲ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਕੇਂਦਰ ਤੋਂ ਪੰਜਾਬ ਅਤੇ ਪੰਥਕ ਹਿਤਾਂ ਲਈ ਬਹੁਤ ਕੁੱਝ ਪ੍ਰਾਪਤ ਕਰਨ ਦੀ ਸਥਿਤੀ ਵਿਚ ਆ ਗਿਆ ਸੀ ਜੇਕਰ ਅਕਾਲੀ ਦਲ ਦੀ ਲੀਡਰਸ਼ਿਪ ਦੂਰ-ਅੰਦੇਸ਼ੀ ਸੋਚ ਅਪਨਾ ਕੇ ਪੰਜਾਬ ਦੇ ਜੰਮਪਲ ਤੇ ਸਿੱਖ ਹਿਤੈਸ਼ੀ ਮਜ਼ਬੂਤ ਇਰਾਦੇ ਵਾਲੇ ਬਸਪਾ ਮੁਖੀ ਨਾਲ ਡਟ ਕੇ ਖੜ੍ਹੀ ਰਹਿੰਦੀ ਤਾਂ ਦੇਸ਼ ਦਾ ਸਿਆਸੀ ਵਾਤਾਵਰਨ ਬਿਲਕੁੱਲ ਹੋਰ ਹੋਣਾ ਸੀ। ਐਸੇ ਮਹੌਲ ਵਿਚ ਜਿਥੇ ਸਿੱਖ, ਸਿੱਖੀ ਅਤੇ ਪੰਥਕ ਸੋਚ ਦੇ ਉਭਾਰ ਦੀਆਂ ਪ੍ਰਬਲ ਸੰਭਾਵਨਾਵਾਂ ਕਿਆਸੀਆਂ ਜਾ ਰਹੀਆਂ ਸਨ ਉਥੇ ਆਰ ਐੱਸ ਐੱਸ ਤੇ ਹਿੰਦੂਤਵੀ ਸ਼ਕਤੀਆਂ ਦੇ ਬੇਖੌਫ਼ ਆਪਣਾ ਫੰਨ ਚੁੱਕਣ ਤੇ ਆਪਣਾ ਰੁਕਵਾ ਏਜੰਡਾ ਐਲਾਨੀਆਂ ਲਾਗੂ ਕਰਨ ਦਾ ਹੌਸਲਾ ਨਹੀਂ ਕਰ ਸਕਦੀਆਂ ਸਨ। ਪਰ ਪੰਜਾਬ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਮੁੱਦਿਆਂ ਨੂੰ ਭੁੱਲ ਭੁਲਾ ਕੇ, ਪੰਥਕ ਹਿਤਾਂ ਤੇ ਸਿੱਖ ਸਿਧਾਂਤਾਂ ਦੀ ਅਣਦੇਖੀ ਕਰਕੇ ਬਾਦਲਕਿਆਂ ਨੇ ਆਪਣੇ ਸੌੜੇ ਵਕਤੀ ਹਿਤਾਂ ਤੇ ਸਿਆਸੀ ਲਾਭਾਂ ਲਈ ਬਿਨਾਂ ਸ਼ਰਤ ਭਾਰਤੀ ਜਨਤਾ ਪਾਰਟੀ ਅੱਗੇ ਆਪਣੇ ਗੋਡੇ ਟੇਕ ਦਿੱਤੇ। ਬਾਦਲਕਿਆਂ ਦੇ ਇਸ ਫੈਸਲੇ ਨਾਲ ਪੰਥਕ ਹਲਕੇ ਭੌਚੱਕੇ ਰਹਿ ਗਏ। ਖੇਤਰੀ ਪਾਰਟੀਆਂ ਦਾ ਮੁਹਰੈਲ, ਸੂਬਿਆਂ ਦੇ ਵੱਧ ਅਧਿਕਾਰਾ ਲਈ ਲੜਨ ਵਾਲਾ ਅਤੇ ਫੈਡਰਲ ਢਾਂਚੇ ਦਾ ਮੁਦੱਈ ਬਾਦਲ ਆਰ ਐੱਸ ਦਾ ਹੱਥ ਠੋਕਾ ਬਣ ਗਿਆ।



ਲਾਲ ਸਿੰਘ ਸੁਲਹਾਣੀ
91-98721-55120

ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਨੇ ਸਿੱਖਾਂ ਵਿਚੋਂ ਹੋਰ ਪੰਥਕ ਹਿਤੈਸ਼ੀ ਧਿਰਾਂ ਦੀ ਭਾਲ ਜਾਰੀ ਰੱਖੀ। ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ, ਪ੍ਰੋਫੈਸਰ ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ, ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਪੰਥਕ ਕਹਾਉਂਦੇ ਖਿੰਡੇਪੁੰਡੇ ਗੁੱਟਾਂ ਨੂੰ ਇਕੱਠਾ ਕਰਕੇ ਪੰਥਕ ਮੋਰਚਾ ਉਸਾਰਨ ਲਈ ਯਤਨ ਆਰੰਭਿਆ ਗਿਆ। ਇਕ ਸਾਂਝਾ ਮੁਹਾਜ਼ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਰੱਸੇ ਪੈੜੇ ਵਟਣੇ ਸ਼ੁਰੂ ਕਰ ਦਿੱਤੇ ਗਏ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਵੀ ਇਸ ਮੋਰਚੇ ਵਿਚ ਸ਼ਾਮਿਲ ਹੋਣ ਲਈ ਰਜ਼ਾਮੰਦ ਹੋ ਗਿਆ। ਸੰਘ ਪਰਿਵਾਰ ਨਾਲ ਬਾਦਲਕਿਆਂ ਦੀ ਸਾਂਝ ਭਿਆਲੀ ਤੋਂ ਔਖੇ ਪੰਥਕ ਹਿਤੈਸ਼ੀਆਂ ਵਲੋਂ ਨਵੇਂ ਉਸਰ ਰਹੇ ਗਠਜੋੜ ਨੂੰ ਭਰਵਾਂ ਹੁੰਗਾਰਾ ਮਿਲਣ ਲੱਗਾ। ਸਾਂਝੇ ਮੁਹਾਜ਼ ਵਲੋਂ ਸ਼੍ਰੋਮਣੀ ਕਮੇਟੀ ਹਲਕਿਆਂ ਅਤੇ ਸੀਟਾਂ ਦੀ ਵੰਡ ਵੰਡਾਈ ਦਾ ਕੰਮ ਸੁਹਿਰਦਤਾ ਨਾਲ ਨੇਪਰੇ ਚਾੜ੍ਹ ਲਿਆ ਗਿਆ। ਐਨ ਮੌਕੇ ਤੇ ਸਿਮਰਨਜੀਤ ਸਿੰਘ ਮਾਨ ਵਲੋਂ ਬਸਪਾ ਤੇ ਪੰਥਕ ਮੋਰਚੇ ਦੀਆਂ ਦੂਜੀਆਂ ਧਿਰਾਂ ਦੇ ਹਿੱਸੇ ਆਈਆਂ ਸੀਟਾਂ ਤੇ ਵੀ ਮਾਨ ਦਲ ਦੇ ਉਮੀਦਵਾਰਾਂ ਦੇ ਕਾਗਜ਼ ਦਾਖਲ ਕਰਵਾ ਦਿੱਤੇ ਗਏ। ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪ੍ਰਧਾਨ ਪੰਥਕ ਮੋਰਚਾ ਤੇ ਮੈਂ ਕਈ ਦਿਨ ਸਿਮਰਨਜੀਤ ਸਿੰਘ ਮਾਨ ਨੂੰ ਪੰਥਕ ਮੁਹਾਜ਼ ਨੂੰ ਤਾਰਪੀਡੋ ਕਰਨ ਵਾਲੇ ਉਹਦੇ ਉਮੀਦਵਾਰ ਵਾਪਸ ਲੈਣ ਲਈ ਜ਼ੋਰ ਪਾਉਂਦੇ ਰਹੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਮਾਨ ਦੀ ਇਸ ਸਿਆਸੀ ਬੇਈਮਾਨੀ ਕਾਰਨ ਪੰਥਕ ਮੋਰਚਾ ਮਿੱਥੇ ਗਏ ਸਾਰਥਕ ਨਤੀਜੇ ਕੱਢਣ ਤੋਂ ਖੁੰਝ ਗਿਆ। ਜਿਸ ਦਾ ਸਿੱਧਾ ਲਾਭ ਸੰਘ ਪਰਿਵਾਰ ਪੱਖੀ ਬਾਦਲਕਿਆਂ ਨੂੰ ਹੋਇਆ। ਯਾਨੀ ਮਾਨ ਅਸਿੱਧੇ ਢੰਗ ਨਾਲ ਬਾਦਲਕਿਆਂ ਦਾ ਰਾਹ ਮੋਕਲਾ ਕਰਨ ਦਾ ਸਬੱਬ ਬਣ ਗਿਆ।

ਆਪਣੇ ਨਵੇਂ ਮਾਲਕਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ ਮੋਗਾ ਵਿਖੇ ਵਿਸ਼ਾਲ ਰੈਲੀ 'ਚ ਬਾਦਲਕਿਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਬਦਲ ਕੇ ਪੰਜਾਬੀ ਪਾਰਟੀ ਹੋਣ ਦਾ ਐਲਾਨ ਕਰ ਦਿੱਤਾ ਗਿਆ। ਜਿਸ ਨਾਲ ਅਕਾਲੀ ਦਲ ਦੀ ਪੰਥਕ ਰੂਹ ਖੁਰਨੀ ਸ਼ੁਰੂ ਹੋ ਗਈ।

ਫਰਵਰੀ 1992 ਦੀਆਂ ਪੰਜਾਬ ਦੀਆਂ ਚੋਣਾਂ ਸਮੇਂ ਬਸਪਾ ਦੇ ਵੀ ਨੌਂ ਵਿਧਾਇਕ ਤੇ ਇਕ ਸਾਂਸਦ ਜਿੱਤ ਗਏ ਸਨ। ਜਿਹੜੇ ਸਰਕਾਰੀ ਸਹੂਲਤਾਂ ਤੇ ਗੱਡੀਆਂ ਦੇ ਹੱਕਦਾਰ ਬਣ ਗਏ ਸਨ। ਸਾਹਿਬ ਕਾਂਸ਼ੀ ਰਾਮ ਉਹਨਾਂ ਤੋਂ ਉਮੀਦ ਕਰਦੇ ਸਨ ਕਿ ਉਹ ਇਨ੍ਹਾਂ ਸਹੂਲਤਾਂ ਦਾ ਇਸਤੇਮਾਲ ਕਰਕੇ ਬਹੁਜਨ ਸਮਾਜ ਬਨਾਉਣ ਲਈ ਯੋਗਦਾਨ ਪਾਉਂਦੇ ਤਾਂ ਕਿ ਸਦੀਆਂ ਤੋਂ ਗੁਲਾਮੀ ਦੀ ਚੱਕੀ 'ਚ ਪਿਸ ਰਿਹਾ ਦਲਿਤ ਸ਼ੋਸ਼ਿਤ ਸਮਾਜ ਸਵੈਮਾਣ ਤੇ ਅਣਖ ਨਾਲ ਜੀਵਨ ਜਿਉਣ ਦੇ ਸਮਰੱਥ ਹੋ ਸਕੇ। ਪਰ ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ ਦੀ ਕਹਾਵਤ ਅਨੁਸਾਰ ਨਵੇਂ ਬਣੇ ਬਸਪਾ ਵਿਧਾਇਕਾਂ ਵਿਚੋਂ ਕਈ ਕੁਰਸੀ ਗਰਮ ਕਰਨ ਦੇ ਨਾਲ-ਨਾਲ ਐਸ਼ੋ ਇਸ਼ਰਤ ਵਿਚ ਗ੍ਰਸਤ ਹੋ ਗਏ। ਜੋ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਵਿਸਾਰ ਕੇ ਰੰਗੀਨ ਮਿਜ਼ਾਜ ਜ਼ਿੰਦਗੀ ਜਿਉਣ ਲੱਗ ਪਏ। ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਉਹਨਾਂ ਦੀ ਢਿੱਲੀ ਮੱਠੀ ਕਾਰਗੁਜ਼ਾਰੀ ਤੋਂ ਬੇਹੱਦ ਨਿਰਾਸ਼ ਸਨ। ਉਹ ਉਹਨਾਂ 'ਚੋਂ ਕਈਆਂਨੂੰ ਮੁਸ਼ਟੰਡੇ ਵਰਗੇ ਲਕਬ ਨਾਲ ਨਿਵਾਜ਼ਦੇ ਰਹੇ।

19 ਫਰਵਰੀ 1997 ਤੋਂ ਪਹਿਲਾਂ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ ਤੇ ਸਨ ਪਰ ਬਸਪਾ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਪਛੜ ਗਈ ਜਾਪਦੀ ਸੀ। ਸ਼ਾਹਿਬ ਕਾਂਸ਼ੀ ਰਾਮ ਗਾਹੇ ਬ ਗਾਹੇ ਪੰਜਾਬ ਇਕਾਈ ਨੂੰ ਦਰੁਸਤ ਕਰਨ ਲਈ ਆਪਣੇ ਕੀਮਤੀ ਵਕਤ ਚੋਂ ਵਕਤ ਕੱਢ ਕੇ ਪਹਿਲਾਂ ਵੀ ਯਤਨ ਕਰਦੇ ਰਹਿੰਦੇ ਸਨ। ਚੋਣਾਂ ਤੋਂ ਪਹਿਲਾਂ ਉਹਨਾਂ ਨੇ ਪੰਜਾਬ ਦੀ ਕਮਾਂਡ ਖੁਦ ਸੰਭਾਲ ਲਈ ਅਤੇ 21 ਨਵੰਬਰ ਤੋਂ ਹੈਲੀਕਾਪਟਰ ਰਾਹੀਂ ਪੰਜਾਬ ਦੇ ਸਾਰੇ 117 ਹਲਕਿਆਂ 'ਚ ਪਹੁੰਚਣ ਲਈ ਟੀਚਾ ਮਿੱਥ ਕੇ 13 ਦਿਨਾਂ ਦਾ ਪ੍ਰੋਗਰਾਮ ਉਲੀਕ ਲਿਆ। ਉਹ ਹਰ ਰੋਜ਼ ਨੌਂ ਵਿਧਾਨ ਸਭਾ ਹਲਕਿਆਂ 'ਚ ਪਹੁੰਚ ਕੇ ਦਲਿਤ ਸ਼ੋਸ਼ਿਤ ਸਮਾਜ ਦੀ ਅਣਖ ਨੂੰ ਟੁੰਬਦੇ। ਉਹਨਾਂ ਨੂੰ ਸਵੈਮਾਣ ਨਾਲ ਜਿਉਣ ਵਾਸਤੇ ਪ੍ਰੇਰਨਾ ਦਿੰਦੇ ਅਤੇ ਹੁਕਮਰਾਨ ਬਣਨ ਲਈ ਰਜ਼ਾਮੰਦ ਕਰਨ ਦਾ ਯਤਨ ਕਰਦੇ। ਫਰੀਦਕੋਟ ਤੇ ਫਿਰੋਜ਼ਪੁਰ ਲੋਕ ਸਭਾ ਹਲਕਿਆਂ ਆਉਂਦੀਆਂ ਕੁਝ ਅਸੈਂਬਲੀ ਸੀਟਾਂ ਤੇ ਸਾਹਿਬ ਦੀਆਂ ਰੈਲੀਆਂ ਵਿਚ ਪਹੁੰਚਣ ਲਈ ਮੈਂ ਆਪਣੇ ਇਕ ਮਿਸ਼ਨਰੀ ਮਿੱਤਰ ਬਲਵਿੰਦਰ ਸਿੰਘ ਘਾਲੀ ਰਾਹੀਂ ਵਧੀਆ ਗੱਡੀ ਦਾ ਬੰਦੋਬਸਤ ਕਰ ਲਿਆ ਸੀ। ਸਾਹਿਬ ਕਾਂਸ਼ੀ ਰਾਮ ਦਾ ਭਾਸ਼ਨ ਖ਼ਤਮ ਹੁੰਦਿਆਂ ਹੀ ਮੈਂ ਤੇਜ਼ੀ ਨਾਲ ਅਗਲੇ ਪ੍ਰੋਗਰਾਮ ਲਈ ਰਵਾਨਾ ਹੋ ਜਾਂਦਾ, ਉਹਨਾਂ ਤੋਂ ਪਹਿਲਾਂ ਰੈਲੀ ਵਾਲੀ ਥਾਂ 'ਤੇ ਪੁੱਜ ਜਾਂਦਾ ਸੀ। ਉਹਨਾਂ ਦੇ ਆਦੇਸ਼ ਅਨੁਸਾਰ ਹੈਲੀਕਾਪਟਰ ਲਈ ਹੈਲੀਪੈਡ ਜਿਥੋਂ ਤੀਕ ਸੰਭਵ ਹੋ ਸਕਦਾ ਪੰਡਾਲ ਦੇ ਨੇੜੇ ਤੋਂ ਨੇੜੇ ਬਣਾਇਆ ਜਾਂਦਾ ਸੀ। ਇਸ ਨਾਲ ਜਿੱਥੇ ਸਮੇਂ ਦੀ ਬਚਤ ਹੋ ਜਾਂਦੀ ਸੀ ਉਥੇ ਸਦੀਆਂ ਤੋਂ ਦਬਾਏ ਗਏ ਸਮਾਜ ਦੇ ਥੁੜ੍ਹਾਂ ਮਾਰੇ ਲੋਕ ਉਡਣ ਖਟੋਲੇ ਰਾਹੀਂ ਆਪਣੇ ਮਸੀਹਾ ਨੂੰ ਅਕਾਸ਼ੋਂ ਉਤਰਦਾ ਦੇਖ ਕੇ ਖੁਸ਼ੀ 'ਚ ਖੀਵੇ ਹੋ ਉਠਦੇ। ਉਸ ਮੌਕੇ ਦਲਿਤਾਂ ਸ਼ੋਸ਼ਿਤਾਂ ਦੇ ਚਿਹਰਿਆਂ ਦਾ ਜਲੌਅ ਵੇਖਣ ਵਾਲਾ ਹੁੰਦਾ ਸੀ। ਜੋਸ਼ ਵਿਚ ਆਕੇ ਉਹ ਨਾਅਰਿਆਂ ਨਾਲ ਆਕਾਸ਼ ਗੂੰਜਣ ਲਾ ਦਿੰਦੇ।

ਲੜੀਵਾਰ ਪ੍ਰੋਗਰਾਮਾਂ ਦੇ ਨੌਵੇਂ ਦਿਨ 29 ਨਵੰਬਰ ਨੂੰ ਧਰਮਕੋਟ ਹਲਕੇ ਦੀ ਆਖਰੀ ਰੈਲੀ ਨੂੰ ਸੰਬੋਧਨ ਕਰਦਿਆਂ ਬੜੀ ਸੋਜ਼ ਭਰੀ ਆਵਾਜ਼ ਵਿਚ ਸਾਹਿਬ ਨੇ ਆਖਿਆ ਸਾਥੀਓ! 19 ਫਰਵਰੀਤੋਂ ਪਹਿਲਾਂ ਪਹਿਲਾਂ ਪੰਜਾਬ ਚ ਨਵੀਂ ਸਰਕਾਰ ਚੁਣਨ ਵਾਸਤੇ ਚੋਣ ਹੋਵੇਗੀ। ਇਸ ਚੋਣ ਨੂੰ ਮੁੱਖ ਰੱਖਕੇ ਦਬੇ ਕੁਚਲੇ ਲੋਕਾਂ ਵਾਸਤੇ ਸੋਚਣ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਪੰਜਾਬ ਦੇ ਜਿਹਨਾਂ ਲੋਕਾਂ 'ਚ ਮੈਂ ਪੈਦਾ ਹੋਇਆ ਹਾਂ ਉਹ ਬੈਗੈਰਤ ਲੋਕ ਹਨ ਅੱਜ ਵੀ ਆਪਣੇ ਵਿਚ ਗ਼ੈਰਤ ਪੈਦਾ ਨਹੀਂ ਕਰ ਸਕੇ। ਨਿਮਾਣੇ ਲੋਕ ਆਪਣੇ ਵਿਚ ਮਾਨ ਸਨਮਾਨ ਨਾਲ ਜਿਉਣ ਲਈ ਮਹੌਲ ਪੈਦਾ ਨਹੀਂ ਕਰ ਸਕੇ। ਇਸ ਦੇਸ਼ ਦੀ ਸਮਾਜ ਵਿਵਸਥਾ ਉਹਨਾਂ ਨੂੰ ਮਾਨ ਸਨਮਾਨ ਨਾਲ ਨਾ ਜਿਉਣ ਦਾ ਬੰਦੋਬਸਤ ਕਰ ਚੁਕੀ ਹੈ ਉਸ ਵਿਵਸਥਾ ਦਾ ਮੁਕਾਬਲਾ ਕਰਕੇ ਉਹ ਮਾਨ ਸਨਮਾਨ ਨਾਲ ਜਿਉਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ ਇਸ ਤਰ੍ਹਾਂ ਦਾ ਕੰਮ ਅਜ ਤਕ ਨਹੀਂ ਹੋਇਆ ਇਹ ਕੰਮ ਓਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਵਿਚ ਕੋਈ ਅਣਖ ਹੋਵੇ। ਜਦੋਂ ਉਹਨਾਂ ਦੀ ਅਣਖ ਨੂੰ ਲਲਕਾਰਿਆ ਜਾਵੇ ਤਾਂ ਉਹ ਉਠ ਕੇ ਖੜ੍ਹੇ ਹੋਣ ਤੇ ਦੂਜੇ ਲੋਕਾਂ ਨੂੰ ਤਿਆਰ ਕਰਕੇ ਅਜਿਹਾ ਪ੍ਰਬੰਧ ਕਰਨ ਕੇ ਸਾਰਾ ਸਮਾਜ ਅਣਖ ਦੀ ਜ਼ਿੰਦਗੀ ਜਿਊਂ ਸਕੇ। ਪਰ ਅੱਜ ਤੱਕ ਅਜਿਹੀ ਤਿਆਰੀ ਨਹੀਂ ਹੋ ਸਕੀ। 15 ਕੁ ਸਾਲਾਂ ਤੋਂ ਮੈਂ ਕੋਸ਼ਿਸ਼ ਕਰਦਾ ਰਿਹਾ ਹਾਂ ਕੁਝ ਸਾਥੀਆਂ ਨੂੰ ਤਿਆਰ ਕਰਕੇ ਕੁਰਸੀਆਂ ਤੇ ਬਿਠਾਇਆ। ਪੰਜ ਸਾਲ ਪਹਿਲਾਂ ਹੋਈ ਚੋਣ ਚ ਸਾਡਾ ਪੰਜਾਬ ਦਾ ਪ੍ਰਧਾਨ ਮੈਂਬਰ ਪਾਰਲੀਮੈਂਟ ਬਣਿਆਂ ਤੇ ਜਨਰਲ ਸਕੱਤਰ ਐਮ ਐਲ ਐਮ ਬਣਿਆਂ। ਤੁਹਾਡੇ ਹਲਕੇ ਧਰਮਕੋਟ ਸਮੇਤ ਹੋਰ ਵੀ ਐਮ ਐਲ ਏ ਬਣੇ। ਮੈਨੂੰ ਖੁਸ਼ੀ ਹੋਈ ਕਿ ਜਿਹੜਾ ਕੰਮ ਪਹਿਲਾਂ ਦਸ ਸਾਲ ਨਹੀਂ ਕੀਤਾ ਉਹ ਇਹ ਸਾਰੇ ਰਲ ਮਿਲ ਕੇ ਕਰ ਲੈਣਗੇ। ਪਰ ਉਹਨਾਂ ਨੇ ਪੰਜ ਸਾਲਾਂ 'ਚ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਸਗੋਂ ਰੰਗ ਰਲੀਆਂ ਮਨਾਉਣ 'ਚ ਮਸਤ ਰਹੇ। ਪੰਜਾਬ ਛੋਟਾ ਜਿਹਾ ਸੂਬਾ ਹੈ ਤੇ ਛੋਟੇ ਛੋਟੇ 117 ਹਲਕੇ ਹਨ। ਜੇ ਨੌਂ ਐਮ ਐਲ ਏ 13-13 ਹਲਕੇ ਤਿਆਰ ਕਰਨ ਦੀ ਜ਼ਿੰਮੇਵਾਰੀ ਲੈ ਲੈਂਦੇ ਤਾਂ ਪੰਜਾਬ ਦੇ ਸਾਰੇ ਹਲਕੇ ਤਿਆਰ ਹੋ ਸਕਦੇ ਸਨ ਅਤੇ ਅੱਜ ਅਸੀਂ ਖੁਸ਼ੀ ਖੁਸ਼ੀ ਚੋਣਾਂ ਵਿਚ ਕੁੱਦ ਸਕਦੇ ਸੀ ਪਰ ਮੈਨੂੰ ਨਜ਼ਰ ਆਉਂਦਾ ਹੈ ਕਿ ਉਹਨਾਂ ਨੇ ਤਾਂ ਆਪਣੇ ਆਪਣੇ ਹਲਕੇ ਵੀ ਤਿਆਰ ਨਹੀਂ ਕੀਤੇ। ਇਸ ਲਈ ਉਹ ਸਾਰੇ ਡਰੇ ਡਰੇ ਹਨ। ਐਮ ਪੀ ਵੀ ਡਰਿਆ ਹੋਇਆ ਹੈ। ਉਹਨਾਂ ਵਿਚੋਂ ਕਿੰਨੇ ਝੜ ਜਾਣਗੇ ਕੁਝ ਨਹੀਂ ਕਿਹਾ ਜਾ ਸਕਦਾ। ਆਓ ਪੰਜਾਬ ਦੇ ਐਸੇ ਮਾਹੌਲ ਵਿਚ ਅਣਖ ਵਾਲੇ ਕੁੱਝ ਲੋਕ ਛਾਂਟ ਕੇ, ਅਣਖ ਦੇ ਰਾਖੇ ਕੁਝ ਲੋਕ ਤਿਆਰ ਕਰੀਏ ਤਾਂਕਿ ਸਾਡਾ ਸਮਾਜ ਅਣਖ ਨਾਲ ਜੀਅ ਸਕੇ।

ਜੈ ਭੀਮ! ਜੈ ਭਾਰਤ!!
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ!!

ਰੈਲੀ ਦੀ ਸਮਾਪਤੀ ਤੋਂ ਬਾਅਦ ਦਿਲਾਂ 'ਚ ਨਵੀਆਂ ਉਮੀਦਾਂ ਸੰਜੋਈ ਬੈਠੇ ਕਾਰਜ ਕਰਤਾ ਆਪਣੇ ਮਹਿਬੂਬ ਆਗੂ ਨਾਲ ਗੱਲ ਬਾਤ ਕਰ ਰਹੇ ਸਨ। ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਹੈਲੀਕਾਪਟਰ ਅਗਲੀ ਮੰਜ਼ਿਲ ਤੇ ਪੁੱਜ ਜਾਣਾ ਚਾਹੀਦਾ ਹੈ ਇਸ ਗੱਲ ਨੂੰ ਭਾਂਪ ਕੇ ਉਹਨਾਂ ਨੇ ਮੈਨੂੰ ਹੈਲੀਕਾਪਟਰ ਦੇਕੇ ਫਿਰੋਜ਼ਪੁਰ ਭੇਜ ਦਿੱਤਾ ਤੇ ਆਪ ਦੇਰ ਰਾਤ ਸੜਕੀ ਰਸਤੇ ਕਾਰ ਰਾਹੀਂ ਸਿੱਧੇ ਫਿਰੋਜ਼ਪੁਰ ਵਿਖੇ ਲੋਕ ਨਿਰਮਾਣ ਵਿਭਾਗ ਦੇ ਆਰਮ ਘਰ 'ਚ ਪੁੱਜੇ ਜਿੱਥੇ ਸੈਂਕੜੇ ਕਾਰਜ ਕਰਤਾ ਅੱਖਾਂ ਵਿਛਾਈ ਉਹਨਾਂ ਦੇ ਸੁਆਗਤ ਲਈ ਇੰਤਜ਼ਾਰ ਕਰ ਰਹੇ ਸਨ।

ਲੜੀਵਾਰ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ 30 ਨਵੰਬਰ ਨੂੰ ਦਸਵੇਂ ਦਿਨ ਉਹਨਾਂ ਨੇ ਆਪਣੇ ਪਹਿਲੇ ਪ੍ਰੋਗਰਾਮ ਦੀ ਸ਼ੁਰੂਆਤ ਫਿਰੋਜ਼ਪੁਰ ਛਾਉਣੀ ਹਲਕੇ ਤੋਂ ਸਵੇਰੇ ਦਸ ਵਜੇ ਕੀਤੀ। ਮੌਜੂਦਾ ਬੱਸ ਅੱਡੇ ਵਾਲੇ ਮੈਦਾਨ 'ਚ ਹਜ਼ਾਰਾਂ ਲੋਕਾਂ ਨੂੰ ਖੁਸ਼ੀ ਭਰੇ ਮਾਹੌਲ ਵਿਚ ਸੰਬੋਧਨ ਕਰਕੇ ਸਾਹਿਬ ਕਾਂਸ਼ੀ ਰਾਮ ਅਗਲੇ ਪ੍ਰੋਗਰਾਮਾਂ ਲਈ ਉਡਾਣ ਭਰ ਗਏ।

ਪੰਜਾਬ ਭਰ 'ਚ ਲਗਾਤਾਰ 117 ਹਲਕਿਆਂ ਵਿੱਚ ਸਾਹਿਬ ਕਾਂਸ਼ੀ ਰਾਮ ਵਲੋਂ ਕੀਤੀਆਂ ਗਈਆਂ ਰੈਲੀਆਂ ਨੇ ਸਿਆਸੀ ਮਾਹੌਲ ਗਰਮਾ ਦਿੱਤਾ। ਪਰ ਸਤਾਧਾਰੀ ਕਾਂਗਰਸ ਪਾਰਟੀ ਨੂੰ ਕੰਬਣੀ ਛੇੜ ਦਿੱਤੀ। ਉਹਨਾਂ ਦੇ ਦੌਰਿਆਂ ਨਾਲ ਪੰਜਾਬ ਦੀ ਰਾਜਨੀਤਕ ਫਿਜ਼ਾ ਵਿਚ ਨਵੀਂ ਹਲਚਲ ਪੈਦਾ ਹੋ ਗਈ। ਬਹੁਜਨ ਸਮਾਜ ਵਿਚ ਨਵਾਂ ਉਭਾਰ ਅਤੇ ਬਸਪਾ ਕਾਰਜਕਰਤਾਵਾਂ ਵਿਚ ਵਧੇਰੇ ਜੋਸ਼ ਉਮੜ ਪਿਆ। 29 ਦਸੰਬਰ ਨੂੰ ਬਸਪਾ ਵਲੋਂ ਲੁਧਿਆਣਾ ਵਿਖੇ ਵਰਧਮਾਨ ਮਿੱਲ ਦੇ ਪਿਛਵਾੜੇ ਵਿਸ਼ਾਲ ਮੈਦਾਨ ਅੰਦਰ ਕੀਤੀ ਗਈ ਵਿਰਾਟ ਰਾਜਨੀਤਕ ਰੈਲੀ ਨੇ ਰਾਜਸੀ ਪੰਡਤਾਂ ਵਿਚ ਨਵੀਂ ਚਰਚਾ ਛੇੜ ਦਿੱਤੀ। ਇਸ ਰੈਲੀ ਤੋਂ ਬਾਅਦ ਬਾਦਲਕਿਆਂ ਵਲੋਂ ਅਤੇ ਸਤਾਧਾਰੀ ਕਾਂਗਰਸ ਪਾਰਟੀ ਵਲੋਂ ਚੁਣਾਵੀ ਗਠਜੋੜ ਲਈ ਬਸਪਾ ਮੁਖੀ ਨੂੰ ਤਜ਼ਵੀਜਾਂ ਭੇਜੀਆਂ ਜਾਣ ਲੱਗੀਆਂ।

ਪਰ ਉਹਨਾਂ ਵਿਚੋਂ ਕਿਸੇ ਨਾਲ ਵੀ ਗੱਲ ਕਿਸੇ ਤਣ ਪੱਤਣ ਨਾ ਲੱਗ ਸਕੀ। ਅੰਤ ਪੰਜਾਬ ਬਸਪਾ ਦੇ ਕੁਝ ਆਗੂਆਂ ਵਲੋਂ ਬਸਪਾ ਦਾ ਚੁਣਾਵੀ ਤਾਲਮੇਲ ਸਿਮਰਨਜੀਤ ਸਿੰਘ ਮਾਨ ਵਾਲੇ ਅਕਾਲੀ ਦਲ ਨਾਲ ਕਰਵਾ ਦਿੱਤਾ ਗਿਆ। 1989 ਦੀ ਲੋਕ ਸਭਾ ਚੋਣਾਂ 'ਚ ਭਾਰੀ ਬਹੁਮਤ ਲੈਕੇ ਪੰਜਾਬੀਆਂ ਨੂੰ ਕੋਈ ਠੋਸ ਸੇਧ ਤੇ ਪੰਥ ਨੂੰ ਕੋਈ ਦੂਰ ਅੰਦੇਸ਼ੀ ਵਾਲਾ ਪ੍ਰੋਗਾਰਮ ਨਾ ਦੇ ਸਕਣ ਕਰਕੇ ਮਾਨ ਪੰਥਕ ਹਲਕਿਆਂ ਵਲੋਂ ਰਾਜਸੀ ਸਫ਼ਾਂ 'ਚੋਂ ਨਕਾਰਿਆ ਜਾ ਚੁੱਕਾ ਸੀ ਅਤੇ ਇਸ ਵੇਲੇ ਤੱਕ ਉਹਦੀ ਰਾਜਨੀਤਕ ਸ਼ਾਖ਼ ਨੂੰ ਵੱਡਾ ਖੋਰਾ ਲੱਗ ਚੁੱਕਿਆ ਸੀ। ਦਲਿਤਾਂ ਸ਼ੋਸ਼ਿਤਾਂ ਵਲੋਂ ਵੀ ਉਹਦੀ ਰਜਵਾੜਾਸ਼ਾਹੀ, ਜਗੀਰੂ ਸੋਚ ਅਤੇ ਉਹਦੀਆਂ ਅਲਹਿਦਗੀ ਪਸੰਦ ਨੀਤੀਆਂ ਕਰਕੇ ਹੁੰਗਾਰਾ ਨਾ ਭਰਿਆ ਗਿਆ।

ਇਹਨਾਂ ਕਾਰਨਾਂ ਕਰਕੇ ਨਤੀਜਾ ਉਹੀ 'ਢਾਕ ਕੇ ਤੀਨ ਪਾਤ' ਨਿਕਲ਼ਿਆ। ਮਾਨ ਦਲ ਨਾਲ ਗਠਜੋੜ ਦੇ ਬਾਵਜੂਦ ਇਸ ਚੋਣ 'ਚ ਬਸਪਾ ਦਾ ਇਕਲੌਤਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਹੀ ਗੜ੍ਹਸ਼ੰਕਰ ਹਲਕੇ ਤੋਂ ਵਿਧਾਨ ਸਭਾ ਦੀਆਂ ਪੌੜੀਆਂ ਮੁੜ ਚੜ੍ਹਨ 'ਚ ਕਾਮਯਾਬ ਹੋ ਸਕਿਆ ਤੇ ਅਜੀਤ ਇੰਦਰ ਸਿੰਘ ਮੋਫ਼ਰ ਸਰਦੂਲਗੜ੍ਹ ਹਲਕੇ ਤੋਂ ਮਾਨ ਦਲ ਦੇ ਵਿਧਾਇਕ ਵਜੋਂ ਜਿੱਤ ਹਾਸਲ ਕਰ ਸਕਿਆ ਸੀ। ਅਕਾਲੀ ਦਲ ਬਾਦਲ 75 ਸੀਟਾਂ ਜਿੱਤ ਗਿਆ, ਉਧਰ ਪੰਜਾਬ ਅੰਦਰ ਇੱਕਾ ਦੁੱਕਾ ਵਿਧਾਨ ਸਭਾ ਸੀਟਾਂ ਤੇ ਸੰਤੁਸ਼ਟੀ ਜ਼ਾਹਰ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਬਾਦਲਕਿਆਂ ਨੂੰ ਪੜੁੱਲ ਬਣਾ ਕੇ ਅਠਾਰਾਂ ਵਿਧਾਇਕ ਜਿਤਾਉਣ ਅਤੇ ਪੰਜਾਬ ਸਰਕਾਰ ਵਿਚ ਠੋਸ ਹਿੱਸੇਦਾਰੀ ਪਾਉਣ ਵਿਚ ਕਾਮਯਾਬ ਹੋ ਗਈ। ਜਿਸ ਨਾਲ ਆਰ ਐੱਸ ਐੱਸ ਦਾ ਹਿੰਦੂਤਵੀ ਏਜੰਡਾ ਪੰਜਾਬ ਅੰਦਰ ਵੀ ਬੇਰੋਕ ਲਾਗੂ ਕਰਨ ਲਈ ਰਾਹ ਮੋਕ਼ਲਾ ਹੋ ਗਿਆ।

## ਸੰਯੁਕਤ ਰਾਸ਼ਟਰ ਮੁਖੀ ਵੱਲੋਂ ਸੁਰੱਖਿਆ ਪਰਿਸ਼ਦ ਵਿਚ ਸੁਧਾਰਾਂ ਦੀ ਵਕਾਲਤ

**ਸੰਯੁਕਤ ਰਾਸ਼ਟਰ/ਹੀਰੋਸ਼ੀਮਾ-** ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਅੰਤੋਨੀਓ ਗੁਟੇਰੇਜ਼ ਨੇ ਕਿਹਾ ਹੈ ਕਿ ਸਲਾਮਤੀ ਪਰਿਸ਼ਦ ਸੰਨ 1945 ਦੀਆਂ ਆਲਮੀ ਸ਼ਕਤੀਆਂ ਦੇ ਸਬੰਧਾਂ ਨੂੰ ਦਰਸਾਉਂਦਾ ਹੈ, ਤੇ ਵਰਤਮਾਨ ਸਮਿਆਂ ਦੀ ਅਸਲੀਅਤ ਮੁਤਾਬਕ ਹੁਣ ਤਾਕਤਾਂ ਦੀ ਮੁੜ ਵੰਡ ਦੀ ਲੋੜ ਵਧਦੀ ਜਾ ਰਹੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਇਸ 'ਆਲਮੀ ਇਕਾਈ ਵਿਚ ਸੁਧਾਰਾਂ ਦਾ ਸਮਾਂ ਹੈ।' ਜੀ-7 ਮੀਟਿੰਗ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮਹਾਮਾਰੀ ਦੇ ਮਾਰੂ ਅਸਰਾਂ, ਜਲਵਾਯੂ ਸੰਕਟ, ਯੂਕਰੇਨ 'ਤੇ ਰੂਸ ਦੇ ਹਮਲੇ, ਕਰਜ਼ਿਆਂ ਦੀ ਪੰਡ ਭਾਰੀ ਹੋਣ, ਵਿਆਜ ਦਰਾਂ ਵਧਣ ਤੇ ਮਹਿੰਗਾਈ ਵਿਚ ਵਾਧੇ ਨੇ ਵਿਕਾਸਸ਼ੀਲ ਤੇ ਉੱਭਰ ਰਹੇ ਅਰਥਚਾਰਿਆਂ ਨੂੰ ਝੰਬ ਦਿੱਤਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਤਾਕਤਾਂ ਦੀ ਵੰਡ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ 1945 ਤੋਂ ਬਾਅਦ ਬਹੁਤ ਕੁਝ ਬਦਲ ਗਿਆ ਹੈ, ਵਿੱਤੀ ਢਾਂਚਾ ਆਪਣੀ ਮਿਆਦ ਪੁਗਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਭਾਰਤ ਵੀ ਕਾਫੀ ਸਮੇਂ ਤੋਂ ਸਲਾਮਤੀ ਪਰਿਸ਼ਦ ਵਿਚ ਸੁਧਾਰਾਂ ਦੀ ਮੰਗ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਜੀ-7 ਸੰਮੇਲਨ ਦੌਰਾਨ ਸੰਯੁਕਤ ਰਾਸ਼ਟਰ ਵਿਚ ਸੁਧਾਰਾਂ ਦੀ ਗੱਲ ਕੀਤੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਪੁਸਤਕ ਸਮੀਖਿਆ

**ਨੀਨਾ ਜਿਉਂਦੀ ਹੈ (ਜੀਵਨੀ ਮੂਲਕ ਨਾਵਲ)**
**ਲੇਖਕ: ਓਮ ਪ੍ਰਕਾਸ਼ ਸਰੋਏ**
**ਪ੍ਰਕਾਸ਼ਕ: ਸਾਹਿਬਦੀਪ ਪਬਲੀਕੇਸ਼ਨ ਭੀਖੀ**
**ਕੀਮਤ 200/- ਰੁਪਏ**

'ਓਪਰੀ ਸ਼ੈਅ' ਕਹਾਣੀ ਸੰਗ੍ਰਹਿ, 'ਯੁੱਗ ਪੁਰਸ਼ ਡਾ: ਅੰਬੇਡਕਰ', 'ਅੰਬੇਡਕਰ ਜੀ ਦਾ ਦਾਰਸ਼ਨਿਕ ਸਵਰੂਪ' ਅਤੇ 'ਸੰਘਰਸ਼ ਜਾਰੀ ਹੈ' ਕਿਤਾਬਾਂ ਦੇ ਰਚੇਤਾ ਓਮ ਪ੍ਰਕਾਸ਼ ਸਰੋਏ ਦਾ ਜੀਵਨੀ ਮੂਲਕ ਨਾਵਲ "ਨੀਨਾ ਜਿਉਂਦੀ ਹੈ" ਕੁਝ ਦਿਨ ਪਹਿਲਾਂ ਹੀ ਲੋਕ ਅਰਪਣ ਹੋਇਆ ਹੈ। ਇਹ ਵਿਲੱਖਣ ਨਾਵਲੀ ਕਿਰਤ ਓਮ ਪ੍ਰਕਾਸ਼ ਸਰੋਏ ਦੀ ਮੁਹੱਬਤ, ਮਿਹਨਤੀ, ਸੰਘਰਸ਼ ਸ਼ੀਲ ਤੇ ਮਿਲਵਰਤਣ ਭਰਪੂਰ ਜੀਵਨ ਦੀ ਗਾਥਾ ਹੈ। ਅੱਜ ਤੋਂ 40-45 ਵਰ੍ਹੇ ਪਹਿਲਾਂ ਅੰਤਰ ਜਾਤੀ ਪਿਆਰ ਨੂੰ ਨੇਪਰੇ ਚੜ੍ਹਾਉਣ ਤੇ ਉਸਨੂੰ ਨਿਭਾਉਣ ਲਈ ਅਖੌਤੀ ਉੱਚ ਜਾਤੀ ਤੇ ਨੀਵੇਂ ਮੰਨੇ ਜਾਂਦੇ ਸਮਾਜ ਵਲੋਂ ਖੜ੍ਹੀਆਂ ਕੀਤੀਆਂ ਜਾਂਦੀਆਂ ਰੁਕਾਵਟਾਂ ਵਿਰੁੱਧ ਕੀਤੇ ਸੰਘਰਸ਼ ਦੀ ਨਾਵਲੀ ਜੁਗਤ ਰਾਹੀਂ ਕਹੀ ਗਈ ਮੋਹ ਭਿੱਜੀ ਦਾਸਤਾਨ ਹੈ ਇਹ ਕਿਤਾਬ "ਨੀਨਾ ਜਿਉਂਦੀ ਹੈ"। ਭਾਰਤੀ ਸਮਾਜ ਵਿਚ ਪਿਆਰ ਵਿਆਹ ਤੇ ਉਹ ਵੀ ਅੰਤਰਜਾਤੀ ਪਿਆਰ ਵਿਆਹ ਨਿਭਾਉਣਾ ਜੋਖ਼ਮ ਭਰਿਆ ਸੰਘਰਸ਼ ਹੈ। ਜਿਸਦੇ ਟੁੱਟਣ ਦੀ ਉਡੀਕ ਵਿਚ ਆਪਣੇ ਪਰਾਏ ਹਮੇਸ਼ਾ ਤਤਪਰ ਤੇ ਉਡੀਕਵਾਨ ਰਹਿੰਦੇ ਹਨ। ਉਹਦੀ ਮਹਿਬੂਬਾ ਤੋਂ ਪਤਨੀ ਬਣੀ ਨੀਨਾ ਦੇ ਪਿਆਰ, ਸਮੱਰਪਣ ਤੇ ਕੁਰਬਾਨੀ ਭਰੇ ਜਜ਼ਬੇ ਨੇ ਆਪਣਿਆਂ ਪਰਾਇਆਂ ਦੀ ਇਸ ਆਸ਼ਾ ਨੂੰ ਪੂਰਾ ਨਾ ਹੋਣ ਦਿੱਤਾ। ਦੋਹਾਂ ਵਲੋਂ ਇਸ ਮੁਹੱਬਤ ਨੂੰ ਤੋੜ ਨਿਭਾਉਣ ਲਈ ਤੇ ਇਸ ਸੰਘਰਸ਼ ਨੂੰ ਜਿੱਤ ਵਿਚ ਬਦਲਣ ਦੀ ਕਹਾਣੀ ਹੈ "ਨੀਨਾ ਜਿਉਂਦੀ ਹੈ।"



ਲਾਲ ਸਿੰਘ ਸੁਲਹਾਣੀ
91-98721-55120




ਕੈਂਸਰ ਵਰਗੀ ਭਿਆਨਕ ਬੀਮਾਰੀ ਨਾਲ ਉਸਦੀ ਮਹਿਬੂਬਾ ਤੋਂ ਪਤਨੀ ਬਣੀ ਨੀਨਾ ਦੇ ਉਹਦੀ ਮੁੱਠੀ ਚੋਂ ਰੇਤ ਵਾਂਗ ਕਿਰ ਜਾਣ ਤੋਂ ਬਾਅਦ ਆਏ ਖਲਾਅ ਦੀ ਉਪਜ ਹੈ ਇਹ ਰਚਨਾ। ਆਪਣੇ ਪਿਆਰੇ ਦੇ ਵਿਛੋੜੇ ਤੋਂ ਬਾਅਦ ਖੂਬਸੂਰਤ ਤੇ ਭਾਵੁਕ ਕਰ ਦੇਣ ਵਾਲੀ ਅਕੀਦਤ ਹੈ ਇਹ ਰੌਚਕ ਤੇ ਸੰਵੇਦਨਾ ਭਰਪੂਰ ਕਹਾਣੀ। ਜੋ ਅੱਧ ਤੱਕ ਤਾਂ ਆਪਣੇ ਨਾਲ ਧੂੰਹਦੀ ਹੋਈ ਪਾਠਕ ਨੂੰ ਰੋਮਾਂਸ ਨਾਲ ਭਰੀ ਰੱਖਦੀ ਹੈ। ਪੇਂਡੂ ਤੋਂ ਸ਼ਹਿਰੀ, ਸ਼ਹਿਰੀ ਤੋਂ ਅਧਿਆਪਕ ਦੇ ਨਾਲ ਨਾਲ ਬਿਜਲੀ ਮਕੈਨਿਕ ਬਣੇ ਓਮ ਪ੍ਰਕਾਸ਼ ਦੇ ਦਿਲ ਦੀਆਂ ਤਾਰਾਂ ਆਪਣੇ ਸਹਿਕਰਮੀ ਮਾਸਟਰ ਰਾਮ ਕ੍ਰਿਸ਼ਨ ਗੁਪਤਾ ਦੀ ਸੁਣੱਖੀ ਧੀ ਨੀਨਾ ਨਾਲ ਜੁੜ ਜਾਂਦੀਆਂ ਹਨ। ਸਮਾਜਕ, ਆਰਥਕ, ਧਾਰਮਕ ਤੇ ਗੈਰ ਬਰਾਬਰੀ ਦੇ ਵਰਤਾਰੇ ਵਿਰੁੱਧ ਸੰਘਰਸ਼ ਚੋਂ ਉਭਰਨ ਤੇ ਜਿੱਤ ਦੀ ਕਹਾਣੀ ਹੈ ਇਹ ਇਹ ਸਵੈ ਬਿਰਤਾਂਤ। ਪਾਠਕ ਮਹਿਸੂਸ ਕਰਦਾ ਹੈ ਕਿ ਸਮਾਜ 'ਚ ਫੈਲੇ ਜਾਤੀਵਾਦ ਦੇ ਨਾਗ ਦੇ ਹੁੰਦਿਆਂ ਤੇ ਓਮ ਪ੍ਰਕਾਸ਼ ਦੀ ਵੱਡੀ ਭਾਬੀ ਦੇ ਅੱਖੜ ਰਵੱਈਏ ਸਦਕਾ ਇਹ ਪ੍ਰੀਤ ਕਹਾਣੀ ਅਧਵਾਟੇ ਦਮ ਘੁੱਟ ਕੇ ਮਰ ਮੁੱਕ ਜਾਵੇਗੀ। ਅਨੇਕਾਂ ਔਕੜਾਂ ਦੇ ਬਾਵਜੂਦ ਗੈਰ ਬਰਾਬਰੀ ਤੇ ਆਧਾਰਿਤ ਇਹ ਸਫ਼ਲ ਹੋਈ ਪ੍ਰੇਮ ਕਹਾਣੀ ਸਮਾਜਕ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਉਣ ਦਾ ਸਬੱਬ ਬਣਦੀ ਹੈ। ਬੇਸ਼ਕ ਇਹ ਕਿਰਤ ਓਮ ਪ੍ਰਕਾਸ਼ ਦੇ ਨਿੱਜੀ ਅਨੁਭਵ, ਜਜ਼ਬਾਤਾਂ ਤੇ ਮਨੋਭਾਵਾਂ ਦਾ ਪ੍ਰਗਟਾਵਾ ਹੈ ਪਰ ਇਸ ਦੇ ਨਾਲ ਨਾਲ ਇਹ ਸਮਾਜ ਦਾ ਕਰੂਰ ਸੱਚ ਤੇ ਕਾਲਾ ਅਕਸ ਵੀ ਉਘਾੜਦੀ ਹੈ। ਇਹ ਸਮਾਜ ਨੂੰ ਦਰਪੇਸ਼ ਅਮਾਨਵੀ ਪਿਰਤਾਂ ਵਿਰੁੱਧ ਕ੍ਰਾਂਤੀਕਾਰੀ ਤੇ ਪ੍ਰੇਰਨਾ ਦਾਇਕ ਮੁੱਲਵਾਨ ਰਚਨਾ ਹੈ। ਆਪਣੀ ਗੱਲ ਕਹਿਣ ਦੀ ਸੁਚੱਜੀ ਜੁਗਤ, ਸੋਹਣੀ ਸ਼ਬਦ ਜੜਤ, ਖੂਬਸੂਰਤ ਵਾਕ ਬਣਤਰ, ਉਤਮ ਸ਼ੈਲੀ ਤੇ ਮੁਹਾਵਰੇਦਾਰ ਠੇਠ ਬੋਲੀ 'ਚ ਲਿਖੀ ਇਹ ਪ੍ਰੇਮ ਕਹਾਣੀ ਪਾਠਕ ਨੂੰ ਇਕੋ ਬੈਠਕ ਵਿਚ ਪੜ੍ਹਨ ਲਈ ਮਜਬੂਰ ਕਰਦੀ ਹੈ। ਰਚਨਾ ਵਿਚਲੇ ਪਾਤਰ ਹੱਡ ਮਾਸ ਦੇ ਸਜੀਵ ਮਨੁੱਖ ਹਨ। ਵਾਪਰਦੀਆਂ ਘਟਨਾਵਾਂ ਕਾਲਪਨਿਕ ਨਹੀ ਸਗੋਂ ਯਥਾਰਥ ਤੇ ਆਧਾਰਤ ਹਨ। ਰਚਨਾ ਪੜ੍ਹਦਿਆਂ ਪਾਠਕ ਵੀ ਮਹਿਸੂਸ ਕਰਦਾ ਹੈ ਜਿਵੇਂ ਸਚਮੁੱਚ ਅਜੇ "ਨੀਨਾ ਜਿਉਂਦੀ ਹੈ।" ਇਹ ਰਚਨਾ ਓਮ ਪ੍ਰਕਾਸ਼ ਸਰੋਏ ਨੂੰ ਪ੍ਰੌੜ੍ਹ ਲੇਖਕਾਂ ਦੀ ਕਤਾਰ ਵਿਚ ਖੜ੍ਹਾ ਕਰਦੀ ਹੈ। ਓਮ ਪ੍ਰਕਾਸ਼ ਕੋਲ ਆਪਣੀ ਗੱਲ ਕਹਿਣ ਲਈ ਬੜੀ ਖੂਬਸੂਰਤ ਤੇ ਕਾਵਿਕ ਭਾਸ਼ਾ ਹੈ। ਕੁਝ ਕੁ ਵਾਕ ਤਾਂ ਅਜਿਹੇ ਹਨ ਜੋ ਪਾਠਕ ਅੰਦਰ ਮਿੱਠੀ ਮਿੱਠੀ ਜਲੂਣ ਛੇੜ ਦਿੰਦੇ ਹਨ ਤੇ ਮੂੰਹ ਵਿੱਚ ਖੰਡ ਮਿਸਰੀ ਘੋਲ ਦਿੰਦੇ ਹਨ। ਆਪਣੀ ਖਾਮੋਸ਼ ਮੁਹੱਬਤ ਦਾ ਪ੍ਰਗਟਾਵਾ ਕਰਦਿਆਂ ਜਦੋਂ ਉਹ ਆਖਦਾ ਹੈ- "ਕਹਿਣ ਨੂੰ ਤਾਂ ਮੈਂ ਤਾਸ਼ ਖੇਡ ਰਿਹਾ ਸੀ ਪਰ ਮੇਰੇ ਅੰਦਰਲਾ ਚੋਰ ਕੋਈ ਹੋਰ ਖੇਡ ਖੇਡਣ ਵਿਚ ਮਸਤ ਸੀ।"

"ਮੈਨੂੰ ਮਹਿਸੂਸ ਹੋਇਆ ਕਿ ਮੈਂ ਇਕੱਲਾ ਨਾ ਹੋ ਕੇ ਕੋਈ ਮੇਰੇ ਨਾਲ ਚੱਲ ਰਿਹਾ ਹੈ ਪਰ ਇਹ ਬਾਹਰ ਨਹੀਂ ਮੇਰੇ ਅੰਦਰ ਵਸਿਆ ਹੋਇਆ ਸੀ।ਉਸਦਾ ਵਜੂਦ ਅੱਖਾਂ ਨੂੰ ਭਾਉਂਦਾ ਭਾਉਂਦਾ ਦਿਲ ਵਿਚ ਵਸ ਗਿਆ।"

"ਉਸਦਾ ਚਿਹਰਾ ਗੁੱਸੇ ਨਾਲ ਸੰਧੂਰੀ ਭਾਅ ਮਾਰ ਰਿਹਾ ਸੀ। ਮੈਨੂੰ ਅੱਜ ਪਤਾ ਲੱਗਾ ਕਿ ਮੁਟਿਆਰਾਂ ਗੁੱਸੇ ਵਿਚ ਹੋਰ ਵੀ ਸੋਹਣੀਆਂ ਕਿਉਂ ਲੱਗਦੀਆਂ ਹਨ।"

ਕਾਵਿਕ ਭਾਸ਼ਾ 'ਚ ਨਾਵਲੀ ਜੁਗਤ ਰਾਹੀਂ ਰਚੇ ਸਵੈ ਬਿਰਤਾਂਤ ਨਾਲ ਓਮ ਪ੍ਰਕਾਸ਼ ਸਰੋਏ ਪੰਜਾਬੀ ਜਗਤ ਦੇ ਰੂ ਬ ਰੂ ਹੋਏ ਹਨ। ਉਹਨਾਂ ਦੀ ਇਸ ਕਿਰਤ ਨੂੰ ਖੁਸ਼ ਆਮਦੀਦ।

**ਰਿਵਿਊਕਾਰ- ਲਾਲ ਸਿੰਘ ਸੁਲਹਾਣੀ**

# ਯਖ਼ ਰਾਤਾਂ ਪੋਹ ਦੀਆਂ.. ਇਤਿਹਾਸਕ ਕਾਵਿ ਸੰਗ੍ਰਹਿ ਲੋਕ ਅਰਪਣ






**ਪਟਿਆਲਾ –** ਚਿੰਤਨ ਮੰਚ ਪਟਿਆਲਾ ਵੱਲੋਂ ਇੰਜੀ. ਸਤਨਾਮ ਸਿੰਘ ਮੱਟੂ ਵੱਲੋਂ ਲਿਖੇ ਸ਼ਹੀਦੀ ਹਫ਼ਤੇ 6 ਤੋਂ 13 ਪੋਹ ਤੱਕ ਦੀਆਂ ਨਿੱਕੀਆਂ ਜਿੰਦਾਂ ਵੱਡੇ ਸਾਕੇ ਚਮਕੌਰ ਸਾਹਿਬ ਅਤੇ ਸਰਹਿੰਦ ਦੇ ਦਰਦਨਾਕ ਇਤਿਹਾਸਕ ਮੰਜ਼ਰ ਨੂੰ "ਯਖ਼ ਰਾਤਾਂ ਪੋਹ ਦੀਆਂ.." ਕਾਵਿ ਸੰਗ੍ਰਹਿ 'ਤੇ ਲੋਕ ਅਰਪਣ ਅਤੇ ਵਿਚਾਰ ਸਮਾਰੋਹ ਭਾਸ਼ਾ ਵਿਭਾਗ ਪਟਿਆਲਾ ਦੇ ਸੈਮੀਨਾਰ ਹਾਲ ਚ ਕਰਵਾਇਆ ਗਿਆ।ਜੇ ਪੀ ਪਬਲੀਕੇਸ਼ਨ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਚ ਸ਼੍ਰੋਮਣੀ ਕਵੀ ਅਤੇ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.),ਪੰਜਾਬ ਦੇ ਪ੍ਰਧਾਨ ਦਰਸ਼ਨ ਬੁੱਟਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਡਾ.ਦਰਸਨ ਸਿੰਘ ਆਸ਼ਟ ਸ਼੍ਰੋਮਣੀ ਸਾਹਿਤਕਾਰ ਅਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨਗੀ ਹੇਠ ਡਾਕਟਰ ਮਨਜੀਤ ਸਿੰਘ ਬੱਲ ਸਾਹਿਤਕਾਰ ਅਤੇ ਪ੍ਰਿਸੀਪਲ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ, ਉੱਘੇ ਲੋਕ ਗਾਇਕ ਅਤੇ ਸ਼ਾਇਰ ਜਨਾਬ ਹਾਕਮ ਬਖਤੜੀਵਾਲਾ, ਸਤਨਾਮ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਐਮ ਐਸ ਟਿਵਾਣਾ ਸੁਪਰਡੈਂਟ ਜੇਲ ਪਟਿਆਲਾ, ਕੁਲਵੰਤ ਸਿੰਘ ਨਾਰੀਕੇ ਸੰਪਾਦਕ ਗੁਸੱਈਆਂ ਪ੍ਰਧਾਨਗੀ ਮੰਡਲ ਚ ਸ਼ਾਮਲ ਹੋਏ। ਸਵਾਗਤੀ ਭਾਸ਼ਣ ਤੋਂ ਬਾਅਦ ਸਟੇਜ ਸਕੱਤਰ ਡਾ.ਲਕਸਮੀ ਨਰਾਇਣ ਭੀਖੀ ਦੇ ਸੱਦੇ ਤੇ ਗਾਇਕ ਜੱਸ ਜਸਵਿੰਦਰ ਨੇ ਬੁਲੰਦ ਆਵਾਜ਼ 'ਚ "ਯਖ਼ ਰਾਤਾਂ ਪੋਹ ਦੀਆਂ" 'ਚੋਂ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਗੀਤ ਗਾਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਫਿਰ ਗਾਇਕ ਜੇ ਰਿਆਜ਼ ਨੇ ਆਪਣੀ ਸੁਰੀਲੀ ਆਵਾਜ਼ ਚ ਪੁਸਤਕ ਵਿੱਚੋਂ ਹੀ ' 6 ਪੋਹ ਦੀ ਚੰਦਰੀ ਰਾਤ ਕਾਲੀ' ਗਾਕੇ ਪ੍ਰੋਗਰਾਮ 'ਚ ਹਾਜਰ ਰੂਹਾਂ ਨੂੰ ਉਸ ਦਰਦ ਮੰਜ਼ਰ ਕੋਲ ਦੇ ਗਿਆ।ਇਸ ਪੁਸਤਕ ਚੋਂ ਸ਼ਾਇਰ ਅੰਗਰੇਜ਼ ਵਿਰਕ ਨੇ 'ਚਮਕੌਰ ਸਾਕਾ',ਸਤੀਸ ਵਿਦਰੋਹੀ ਨੇ 'ਸਰਹਿੰਦ ਸਾਕਾ' ਕੁਲਵੰਤ ਸੈਦੋਕੇ ਨੇ 'ਮਾਂ ਗੁਜਰੀ' ਬੈਂਤ ਛੰਦ ਨੂੰ ਬੁਲੰਦ ਅਤੇ ਸੁਰੀਲੀ ਚ ਗਾਕੇ ਸਮਾਗਮ ਨੂੰ ਬੁਲੰਦੀਆਂ ਤੇ ਪਹੁੰਚਾ ਦਿੱਤਾ। ਪੁਸਤਕ ਦੇ ਲੇਖਕ ਸਤਨਾਮ ਸਿੰਘ ਮੱਟੂ ਨੇ ਇਸੇ ਪੁਸਤਕ ਚੋਂ ਕੁਝ ਗੀਤ ਸਰੋਤਿਆਂ ਨਾਲ ਸਾਂਝੇ ਕੀਤੇ।

ਵਿਚਾਰ ਚਰਚਾ ਸੈਸ਼ਨ ਚ ਸ੍ਰੀ ਕ੍ਰਿਸ਼ਨ ਕੁਮਾਰ ਕਾਕੜਾ ਨੇ ਕਵਿਤਾਵਾਂ, ਗੀਤਾਂ ਚ ਲਿਖੇ ਧਾਰਮਿਕ ਇਤਿਹਾਸ ਨੂੰ ਮੀਲ ਪੱਥਰ ਪ੍ਰਾਪਤੀ ਦੱਸਿਆ। ਉਹਨਾਂ ਇਤਿਹਾਸ ਤੇ ਝਾਤ ਪਾਉਂਦਿਆਂ ਦੱਸਿਆ ਕਿ ਮੁਗਲ ਹਕੂਮਤ ਨੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਬੱਚਿਆਂ ਅਤੇ ਮਾਤਾ ਗੁਜਰੀ ਜੀ ਨੂੰ ਚਮਕੌਰ ਸਾਹਿਬ ਅਤੇ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਤੇ ਸ਼ਹੀਦ ਕਰ ਦਿੱਤਾ ਸੀ, ਜ਼ੋ ਇਤਿਹਾਸ ਚ ਇੱਕ ਲਾਸਾਨੀ ਸ਼ਹਾਦਤ ਹੈ।ਉਹਨਾਂ ਕਿਹਾ ਕਿ ਇੰਜੀਨੀਅਰਿੰਗ ਅਤੇ ਸਾਇੰਸ ਦੀ ਪੜਾਈ ਕਰਕੇ ਇੰਜਨੀਅਰ ਪ੍ਰੋਫੈਸ਼ਨਲ ਸ਼ਖਸ ਦੀ ਸਾਹਿਤਕ ਪ੍ਰਤੀਬੱਧ ਪਕੜ ਇੱਕ ਕੁਦਰਤੀ ਦਾਤ ਹੈ। ਉਹਨਾਂ ਹਫ਼ਤੇ ਦੇ ਪ੍ਰਤੀ ਦਿਨ ਨੂੰ ਕਾਵਿਕ ਰੂਪ 'ਚ ਬਿਆਨਣ ਢੰਗ ਨੂੰ ਅਤੇ ਗੀਤਾਂ ਲਈ ਸਿਰਜੇ ਮਹੌਲ ਦੀ ਸ਼ਾਲਾਘਾ ਕੀਤੀ। ਬਲਵਿੰਦਰ ਸਿੰਘ ਭੱਟੀ ਨੇ ਕੁਝ ਇਤਿਹਾਸਕ ਨੁਕਤਿਆਂ ਅਤੇ ਤੱਥਾਂ ਨੂੰ ਉਠਾਇਆ ਅਤੇ ਭਵਿੱਖ ਚ ਵਿਚਾਰਨ ਦੀ ਸਲਾਹ ਦਿੱਤੀ। ਡਾ.ਕੰਵਰ ਜਸਵਿੰਦਰਪਾਲ ਸਿੰਘ ਨੇ ਕਾਵਿ ਰੂਪ ਚ ਧਾਰਮਿਕ ਭਾਵਨਾਵਾਂ ਦੇ ਵਿਅੱਕਤ ਕਰਨ ਸ਼ੈਲੀ ਦੀ ਸਰਾਹਣਾ ਕੀਤੀ। ਡਾ.ਸੰਤੋਖ ਸੁੱਖੀ ਨੇ ਰਾਜਨੀਤਿਕ ਪੱਖੀ ਸਿਰਜਣਾਤਮਕ ਰੁਚੀਆਂ ਨੂੰ ਕਾਵਿ ਚ ਸ਼ਾਮਲ ਕਰਨ ਦੀ ਸਲਾਹ ਦਿੱਤੀ। ਕੁਲਵੰਤ ਸਿੰਘ ਨਾਰੀਕੇ ਨੇ ਲੇਖਕ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਸਾਹਿਤਕ ਖੇਤਰ ਆਉਣ ਦਾ ਸਵਾਗਤ ਕੀਤਾ। ਲੋਕ ਗਾਇਕ ਜੱਸੀ ਜਸਪਾਲ ਅਤੇ ਮਿਊਜ਼ਿਕ ਡਾਇਰੈਕਟਰ ਤੋਚੀ ਬਾਈ ਨੇ ਪੁਸਤਕ ਵਿਚਲੇ ਗੀਤਾਂ ਦੀ ਸ਼ਬਦਾਵਲੀ ਦੀ ਤਾਰੀਫ਼ ਕਰਦਿਆਂ ਜਲਦੀ ਹੀ ਗੀਤ ਰਿਕਾਰਡ ਕਰਕੇ ਸਰੋਤਿਆਂ ਤੱਕ ਪਹੁੰਚਾਉਣ ਦੀ ਜਗਿਆਸਾ ਜ਼ਾਹਿਰ ਕੀਤੀ।ਡਾ.ਅਰਵਿੰਦਰ ਕੌਰ ਕਾਕੜਾ ਨੇ ਸਾਹਿਤਕ ਰੰਗ ਚ ਰੰਗੇ ਖੂਨੀ ਇਤਿਹਾਸ ਦੇ ਵਰਕਿਆਂ ਦੀ ਪੁਸਤਕ ਸਿਰਜਣਾ 'ਤੇ ਲੇਖਕ ਨੂੰ ਵਧਾਈ ਦਿੱਤੀ।

ਡਾ.ਦਰਸਨ ਸਿੰਘ ਆਸ਼ਟ ਨੇ ਪੁਸਤਕ ਤੇ ਚਰਚਾ ਕਰਦਿਆਂ ਕਲਮ ਦੀ ਤਾਕਤ ਅਤੇ ਤਿਆਗ ਦੀ ਭਾਵਨਾ ਨੂੰ ਲੇਖਕ ਫਿਰਦੌਸੀ ਦੀ ਉਦਾਹਰਣ ਨਾਲ ਤਸਬੀਹ ਦਿੱਤੀ। ਉਹਨਾਂ ਗੀਤਾਂ ਕਵਿਤਾਵਾਂ ਵਿੱਚ ਵਰਤੇ ਬਿੰਬ, ਸ਼ਬਦਾਂ ਦੇ ਦੁਹਰਾਅ, ਸੀਨ ਮਿੱਥਾਂ ਅਤੇ ਗੀਤਾਂ ਦੀ ਸੁਰ, ਲੈਅ ਅਤੇ ਵਹਾਅ ਦੀ ਦਾਦ ਦਿੱਤੀ। ਉਹਨਾਂ ਕਿਹਾ ਕਿ ਇਤਿਹਾਸ ਦਾ ਕਾਵਿ ਰੂਪਾਂਤਰ ਬਹੁਤ ਹੀ ਮੁਸ਼ਕਲਾਂ ਅਤੇ ਚੁਣੌਤੀਆਂ ਭਰਪੂਰ ਕਾਰਜ ਹੈ,ਪਰ ਇੰਜੀ ਮੱਟੂ ਨੇ ਇਹਨਾਂ ਚੋਂ ਸਫਲਤਾਪੂਰਵਕ ਕਾਮਯਾਬੀ ਹਾਸਲ ਕੀਤੀ ਹੈ।

ਸਤਨਾਮ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਵੀ ਲੇਖਕ ਦੀ ਸਾਹਿਤ ਨੂੰ ਦੇਣ ਇਸ ਪੁਸਤਕ ਤੇ ਵਧਾਈ ਦਿੱਤੀ।

ਪੰਜਾਬੀ ਲੋਕ ਗਾਇਕ ਅਤੇ ਸ਼ਾਇਰ ਜਨਾਬ ਹਾਕਮ ਬਖਤੜੀਵਾਲਾ ਨੇ ਚਰਚਾ ਕਰਦਿਆਂ ਕਿਹਾ ਕਿ ਬੜੇ ਕਮਾਲ ਦਾ ਕਵੀ ਹੈ-ਸਤਨਾਮ ਸਿੰਘ ਮੱਟੂ। ਉਹ ਗੀਤ ਲਿਖੇ, ਕਵਿਤਾ ਜਾਂ ਕੋਈ ਲੇਖ, ਫੈਸਲਾ ਕਰਨਾ ਔਖਾ ਹੁੰਦੈ ਕਿ ਇਸਦੀ ਪਕੜ ਕਿਸ ਵਿਧਾ ਤੇ ਜਿਆਦਾ ਮਜ਼ਬੂਤ ਹੈ, ਹਰ ਵਿਸੇ ਨੂੰ ਇਨਸਾਫ਼ ਦੀ ਤੱਕੜੀ ਚ ਤੋਲਦਾ ਹੈ, ਮੈਂ ਅਸ਼ਕੇ ਇਸਦੀ ਵਿਲੱਖਣਤਾ ਤੇ। ਡਾ. ਮਨਜੀਤ ਸਿੰਘ ਬੱਲ ਨੇ ਇੰਜੀ.ਮੱਟੂ ਦੀ ਸ਼ਖ਼ਸੀਅਤ ਦੀ ਕਹਿਣੀ ਅਤੇ ਕਰਨੀ ਨੂੰ ਇੱਕ ਦੱਸਿਆ। ਉਹਨਾਂ ਕਿਹਾ ਸਾਹਿਤਕ ਖੇਤਰ ਚ ਧਾਰਮਿਕ, ਪਰ ਇਤਿਹਾਸ ਤੱਥਾਂ ਆਧਾਰਿਤ ਸਿੱਖ ਇਤਿਹਾਸ ਦੀਆਂ ਦਰਦਨਾਕ ਘਟਨਾਵਾਂ ਦੇ ਮੰਜ਼ਰ ਨੂੰ ਗੀਤਾਂ ਚ ਲਿਖਕੇ ਸਾਹਿਤ ਨੂੰ ਇਕ ਦਸਤਾਵੇਜ਼ੀ ਦੇਣ ਦਿੱਤੀ ਹੈ।ਮੁੱਖ ਮਹਿਮਾਨ ਅਤੇ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਨੇ ਇਸ ਇਤਿਹਾਸਕ ਦਸਤਾਵੇਜ਼ ਨੂੰ ਪੜਨ ਅਤੇ ਸਾਹਿਤ ਰੂਪ ਚ ਵਿਚਾਰਨ ਦੇ ਪੱਖ ਤੇ ਜ਼ੋਰ ਦਿੱਤਾ।ਇਹ ਸਾਹਿਤਕ ਹਲਕਿਆਂ ਚ ਪਹਿਲਾਂ ਸਾਹਿਤਕ ਕਾਵਿ ਰੂਪ ਹੈ, ਇਤਿਹਾਸਕ ਦਸਤਾਵੇਜ਼ ਬਾਅਦ ਵਿੱਚ।ਲੇਖਕ ਦੀ ਭਾਵਨਾ, ਸ਼ਰਧਾ, ਦਿਆਨਤਦਾਰੀ ਨੂੰ ਦਿਲੋਂ ਵਡਿਆਉਣਾ ਬਣਦਾ ਹੈ।ਉਹਨਾਂ ਸਤਨਾਮ ਸਿੰਘ ਮੱਟੂ ਦੀ ਸਾਹਿਤਕ ਖੇਤਰ ਚ ਆਮਦ ਨੂੰ ਜੀ ਆਇਆਂ ਕਿਹਾ।ਇਸ ਸਮਾਗਮ ਚ ਲੇਖਕ ਦੀ ਜੀਵਣ ਸਾਥਣ ਬਲਜਿੰਦਰ ਕੌਰ ਨੇ ਵੀ ਲੇਖਕ ਨੂੰ ਵਧਾਈ ਦਿੱਤੀ।

ਮੋਗਾ ਤੋਂ ਸਮਾਰੋਹ ਚ ਉਚੇਚੇ ਤੌਰ ਤੇ ਪਹੁੰਚੇ ਸ਼ਾਇਰ ਬੂਟਾ ਗੁਲਾਮੀ ਵਾਲਾ ਨੇ 'ਬਿਰਧ ਆਸ਼ਰਮ' ਕਵਿਤਾ ਨਾਲ ਮਾਤਾ ਪਿਤਾ ਨੂੰ ਸੰਭਾਲਣ ਦੀ ਸਲਾਹ ਦਿੱਤੀ।ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਸਮੇਂ ਲੇਖਕ ਦੇ ਮਾਤਾ ਬਲਵੀਰ ਕੌਰ, ਪਿਤਾ ਸੇਵਾ ਸਿੰਘ, ਬੇਟਾ ਅਰਸ਼ਵੀਰ ਸਿੰਘ, ਸਹੁਰਾ ਰਣਜੀਤ ਸਿੰਘ, ਭਰਾ ਪ੍ਰਗਟ ਸਿੰਘ ਉਚੇਚੇ ਤੌਰ ਤੇ ਹਾਜ਼ਰ ਰਹੇ ਅਤੇ ਪੁਸਤਕ ਰਿਲੀਜ਼ ਸਮੇਂ ਸਾਥ ਦਿੱਤਾ।ਇਸ ਮੌਕੇ ਸਾਹਿਤਕਾਰਾਂ, ਦੋਸਤਾਂ, ਰਿਸ਼ਤੇਦਾਰਾਂ ਤੋਂ ਇਲਾਵਾ ਗਾਇਕ ਮਾਣਕ ਅਲੀ, ਜਗਜੀਤ ਸਿੰਘ ਨੌਹਰਾ ਬੀਪੀਈਓ, ਹਰਮੇਸ਼ ਸਿੰਘ ਹਿਆਣਾ ਪ੍ਰਧਾਨ, ਦਵਿੰਦਰ ਪਟਿਆਲਵੀ ਸੰਪਾਦਕ ਛਿਣ, ਗੁਰਮੀਤ ਸਿੰਘ ਘਣਗਸ, ਅਮਰਜੀਤ ਸਿੰਘ ਐਸ ਡੀ ਓ , ਜਸਵਿੰਦਰ ਪੰਜਾਬੀ, ਗੁਰਦਰਸ਼ਨ ਸਿੰਘ ਪ੍ਰਧਾਨ ਤ੍ਰਿਵੈਣੀ ਸਾਹਿਤ ਪ੍ਰੀਸ਼ਦ, ਜੱਸੀ ਧਰੌੜ ਸਾਹਨੇਵਾਲ, ਲੇਖਕ ਅਮਰ ਗਰਗ ਕਲਮਦਾਨ ਧੂਰੀ, ਡਾ.ਰਾਵਿੰਦਰ ਮੱਟੂ, ਪ੍ਰਦੀਪ ਸੱਭਰਵਾਲ, ਇੰਜੀ.ਗਗਨਦੀਪ ਸਿੰਘ ਵਿਰਕ ਨੇ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਚ ਹਾਜ਼ਰੀ ਲਗਵਾਈ।

## ਜ਼ਮੀਨ ਵਿਵਾਦ ਮਾਮਲੇ 'ਚ ਬਸਪਾ ਅਤੇ ਧਾਮੀ ਦੀ ਮੀਟਿੰਗ

ਤਲਵੰਡੀ ਸਾਬੋ ਗੁਰੂ ਘਰ ਦਾ ਜ਼ਮੀਨ ਵਿਵਾਦ ਮਾਮਲੇ ਵਿਚ ਅੱਜ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਲੀਡਰਸ਼ਿਪ ਦੀ ਹਾਜ਼ਰੀ ਵਿੱਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀ ਜੀ ਅਤੇ ਗੁਰੂਘਰ ਨਾਨਕਸਰ ਬੁੰਗਾ ਰਾਮਦਾਸੀਆਂ ਸਿੰਘਾ ਦੇ ਮੋਹਤਬਰਾਂ ਦੀ ਮੀਟਿੰਗ ਹੋਈ। ਤਿੰਨ ਘੰਟੇ ਦੀ ਵਿਸਥਾਰਿਤ ਚਰਚਾ ਤਹਿਤ ਸਰਬਸੰਮਤੀ ਬਣਾਈ ਗਈ ਕਿ ਇਹ ਜ਼ਮੀਨ ਵਿਵਾਦ ਦਾ ਮਾਮਲਾ ਆਪਸੀ ਗੱਲਬਾਤ ਰਾਹੀਂ ਹੱਲ ਕੀਤਾ ਜਾਵੇਗਾ, ਜਿਸ ਤਹਿਤ ਅਗਲੀ ਮੀਟਿੰਗ 16ਮਈ ਨੂੰ ਦੋਨਾਂ ਧਿਰਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ। ਦੋਨਾਂ ਧਿਰਾਂ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਥਾਨਿਕ ਨੁਮਾਇੰਦੇ ਅਤੇ ਨਾਨਕਸਰ ਬੁੰਗਾ ਰਾਮਦਾਸੀਆਂ ਸਿੰਘਾ ਦੇ ਸਥਾਨਿਕ ਨੁਮਾਇੰਦੇ ਮੀਟਿੰਗ ਵਿੱਚ ਸ਼ਾਮਿਲ ਹੋਣਗੇ। ਇਸ ਮੀਟਿੰਗ ਵਿਚ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਪੰਜਾਬ ਬਸਪਾ ਇੰਚਾਰਜ ਡਾ ਅਵਤਾਰ ਸਿੰਘ ਕਰੀਮਪੁਰੀ, ਬਸਪਾ ਪੰਜਾਬ ਜਨਰਲ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ, ਬਸਪਾ ਸੂਬਾ ਸਕੱਤਰ ਜਗਦੀਪ ਸਿੰਘ ਗੋਗੀ ਸਾਬਕਾ ਸਰਪੰਚ ਤਲਵੰਡੀ ਸਾਬੋ, ਬਾਬਾ ਧਰਮ ਸਿੰਘ ਮਹੰਤ ਤੇ ਹੈੱਡ ਗ੍ਰੰਥੀ, ਹਰਬੰਸ ਸਿੰਘ ਨਗਰ ਕੌਂਸ਼ਲ ਪ੍ਰਧਾਨ ਤਲਵੰਡੀ ਸਾਬੋ, ਜਸਵੰਤ ਸਿੰਘ ਸਾਬਕਾ ਕੌਂਸਲਰ ਤਲਵੰਡੀ ਸਾਬੋ, ਘੀਲਾ ਸਿੰਘ ਸਾਬਕਾ ਪੰਚ ਤਲਵੰਡੀ ਸਾਬੋ, ਖਾਲਸਾ ਸੁਖਵਿੰਦਰ ਸਿੰਘ ਕਮੇਟੀ ਮੈਂਬਰ ਗੁਰੂਘਰ ਨਾਨਕਸਰ ਬੁੰਗਾ, ਆਦਿ ਹਾਜ਼ਿਰ ਸਨ।

## ਦੁਨੀਆ 'ਚ ਸੌ ਕਰੋੜ ਆਬਾਦੀ 'ਤੇ ਮੰਡਰਾ ਰਿਹੈ ਹੈਜ਼ੇ ਦਾ ਖ਼ਤਰਾ

**ਨਵੀਂ ਦਿੱਲੀ-** ਸੰਯੁਕਤ ਰਾਸ਼ਟਰ ਦੀ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ 'ਚ ਸੌ ਕਰੋੜ ਆਬਾਦੀ, ਖਾਸ ਕਰਕੇ ਬੱਚਿਆਂ 'ਤੇ ਹੈਜ਼ਾ ਦਾ ਖ਼ਤਰਾ ਮੰਡਰਾ ਰਿਹਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਾਲਾਂ ਤਕ ਲਗਾਤਾਰ ਮਾਮਲਿਆਂ 'ਚ ਗਿਰਾਵਟ ਤੋਂ ਬਾਅਦ ਹਾਲ ਹੀ ਦੇ ਕੁਝ ਸਮੇਂ 'ਚ ਤੇਜ਼ੀ ਦੇਖੀ ਗਈ ਹੈ। ਇਹ ਦੁਨੀਆ ਦੇ ਸਭ ਤੋਂ ਕਮਜ਼ੋਰ ਵਰਗ ਨੂੰ ਆਪਣਾ ਨਿਸ਼ਾਨਾ ਬਣਾ ਰਿਹਾ ਹੈ। ਇਸ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਖਾਸ ਕਰਕੇ ਪ੍ਰਭਾਵਿਤ ਹੋ ਰਹੇ ਹਨ।



ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਦੇਸ਼ਾਂ 'ਚ ਇਸਦਾ ਖ਼ਤਰਾ ਮੰਡਰਾ ਰਿਹਾ ਹੈ। ਹੈਜ਼ੇ ਦੀ ਲਪੇਟ 'ਚ ਆਉਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਹੈਜ਼ੇ ਕਾਰਨ ਉੱਚ ਮੌਤ ਦਰ ਨੂੰ ਲੈ ਕੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਯੂਨੀਸੈਫ ਦੀ ਜਨਤਰ ਹੈਲਥ ਐਮਰਜੈਂਸੀ ਯੂਨਿਟ ਦੇ ਮੁਖੀ ਜੇਰੋਮ ਪਫਮੈਨ ਜ਼ਾਬਰੂਨੀ ਨੇ ਕਿਹਾ ਹੈ ਕਿ ਹੈਜ਼ਾ ਮਹਾਮਾਰੀ ਸਾਡੇ ਸਾਹਮਣੇ ਗਰੀਬਾਂ ਨੂੰ ਮਾਰ ਰਹੀ ਹੈ।

ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਦੇ ਅੰਕੜਿਆਂ ਦੇ ਅਨੁਸਾਰ, ਪਿਛਲੇ ਸਾਲ ਮਈ ਤਕ 15 ਦੇਸ਼ਾਂ 'ਚ ਹੈਜ਼ੇ ਦੇ ਮਾਮਲੇ ਸਾਹਮਣੇ ਆਏ ਸਨ। ਹਾਲਾਂਕਿ ਇਸ ਸਾਲ ਮਈ ਦੇ ਮੱਧ ਤਕ 24 ਦੇਸ਼ਾਂ 'ਚ ਇਸਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਅਸੀਂ ਹੈਜ਼ੇ ਦੇ ਮਾਮਲਿਆਂ 'ਚ ਮੌਸਮੀ ਤਬਦੀਲੀ ਦੇ ਨਾਲ ਹੋਰ ਵਾਧੇ ਦੀ ਉਮੀਦ ਕਰ ਰਹੇ ਹਾਂ। ਰਿਪੋਰਟ 'ਚ ਕਿਹਾ ਗਿਆ ਹੈ ਕਿ ਵਾਤਾਵਰਨ ਤਬਦੀਲੀ ਦੇ ਨਾਲ ਹੀ ਸਫਾਈ ਤੇ ਸਫਾਈ ਸਬੰਧੀ ਸੇਵਾਵਾਂ 'ਚ ਘੱਟ ਨਿਵੇਸ਼ ਨਾਲ ਹੀ ਇਹ ਬਿਮਾਰੀ ਫੈਲ ਰਹੀ ਹੈ। ਇਸਦਾ ਟੀਕਾ ਮੌਜੂਦ ਹੈ, ਪਰ ਲੋਕਾਂ ਤਕ ਪਹੁੰਚ ਘੱਟ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਆਲਮੀ ਤੌਰ 'ਤੇ 180 ਲੱਖ ਖ਼ੁਰਾਕਾਂ ਦੀ ਮੰਗ ਹੈ, ਪਰ ਸਿਰਫ 80 ਲੱਖ ਖੁਰਾਕਾਂ ਹੀ ਮੁਹੱਈਆ ਕਰਵਾਈਆਂ ਜਾ ਸਕੀਆਂ ਹਨ।

# 'ਗਦਰ ਲਹਿਰ ਦਾ ਬਾਗੀ ਨਾਇਕ' ਕਰਤਾਰ ਸਿੰਘ ਸਰਾਭਾ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸਦਾ ਆਰੰਭ 25 ਜੂਨ, 1913 ਵਿਚ ਅਮਰੀਕਾ ਵਿਚ ਹੋਇਆ। ਜਿਸ ਵਿਚ ਹਿੰਦੀ ਮਿਹਨਤਕਸ਼, ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿਚ ਜੇਲ੍ਹਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸਨੇ ਹਿੰਦੀਆਂ ਦੇ ਖੂਨ ਵਿਚ ਆਜ਼ਾਦੀ ਲਈ ਮਰ-ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਂ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਪਿੰਡ ਸਰਾਭਾ, ਪੁਰਾਤਨ ਨਾਂ ਸਿਰਹਾਬ ਮਤਲਬ ਹਰ ਭਰੀ ਜਗ੍ਹਾ। ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ 24 ਮਈ 1896 ਵਿਚ ਹੋਇਆ। ਛੋਟੀ ਉਮਰ ਵਿਚ ਹੀ ਉਸਦੇ ਮਾਪੇ ਅਕਾਲ ਚਲਾਣਾ ਕਰ ਗਏ ਸਨ। ਉਸਦਾ ਪਾਲਣ-ਪੋਸ਼ਣ ਉਸਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁਢਲੀ ਵਿਦਿਆ ਪਿੰਡ ਦੇ ਸਕੂਲ ਵਿਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤੱਕ ਪੜ੍ਹਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ 8 ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹਸਮੁਖ, ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿਚ ਇਕ ਆਗੂ ਵਾਲੇ ਸਭ ਗੁਣ ਸਨ। ਉਹ ਹਰ ਇਕ ਕੰਮ ਅੱਗੇ ਹੋ ਕੇ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ (ਉੜੀਸਾ) ਤੋਂ ਪ੍ਰਾਪਤ 1912 ਵਿਚ ਕੀਤੀ। ਉਸਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਂਕ ਸੀ। ਬੰਗਾਲ, ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ-ਪੜਤਾਲ ਕਰ ਰਿਹਾ ਸੀ। ਇਕ ਸਾਥੀ ਕੋਲੋਂ ਉਸਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸਨੇ ਦੇਖਿਆ ਕਿ ਅਮਰੀਕਾ ਵਿਚ ਨਸਲਵਾਦ ਜ਼ੋਰਾਂ 'ਤੇ ਹੈ। ਉਸਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਾ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇੱਥੋਂ ਤੱਕ ਕਿ ਮਾਰ-ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿਚ ਵਿਚਰਦਿਆਂ ਉਸਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੇਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿਚ ਰਸਾਇਣ ਵਿਗਿਆਨ ਦੀ ਪੜ੍ਹਾਈ ਵਿਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸਨੇ ਜੋਸ਼ ਵਿਚ ਕਿਹਾ ਕਿ ਮੇਰੀ ਜ਼ਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿਚ ਇੱਥੇ ਰਹਿੰਦੇ ਵੀ ਦਿਲ ਵਿਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿਚ ਰਾਜਨੀਤਿਕ ਜਾਗਰਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿਚ ਹੋਈ ਇਕੱਤਰਤਾ ਵਿਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿਚ, ਇਕ ਅਖ਼ਬਾਰ ਕੱਢਣ ਦੀ ਤਜਵੀਜ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ। ਜਿਸ ਨਾਲ ਉਹ ਪਾਰਟੀ ਵਿਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ 'ਗਦਰ' ਨਾਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿਚ ਜਾਰੀ ਕੀਤੀ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜ਼ਿ-ਮੇਵਾਰੀ ਸੰਭਾਲੀ। ਅਖ਼ਬਾਰ ਵਿਚ ਅੰਗਰੇਜ਼ਾਂ ਦੇ ਜ਼ੁਲਮ ਅਤੇ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ, ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦੱਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿੱਥੇ ਕਿਤੇ ਵੀ ਭਾਰਤੀ ਵੱਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਾ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।



ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਲੱਗਣ ਲੱਗੇ। ਲੋਕਾਂ ਵਿਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ, ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਉਸਨੇ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਣਾਂ ਇਕ ਜਹਾਜ਼ਾਂ ਦੀ ਕੰਪਨੀ ਨਿਉਯਾਰਕ ਤੋਂ ਸਿੱਖਿਆ।ਸਰਗਰਮ ਹੋਏ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। 'ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫ਼ਰਮਾਨ ਹੋ ਗਏ।' ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇਕ ਵਿਸ਼ੇਸ਼ ਇਕੱਤਰਤਾ ਵਿਚ ਉਸਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂ.ਲਾ ਲਾਹੁਣ ਲਈ ਅਮਰੀਕਾ ਤੇ ਕੈਨੇਡਾ ਵਿਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿਚ ਪਹਿਲੀ ਸੰਸਾਰ ਜੰਗ ਵਿਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ। ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫੌਜੀ ਛਾਉਣੀਆਂ ਵਿਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਨੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ-ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ।

ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20,000 ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫ਼ੀਆ ਵਿਭਾਗ ਵੱਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੇ ਗ੍ਰਿਫ਼ਤਾਰ ਕਰ ਲਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ਼ਤਿਹਾਰ ਨੌਜਵਾਨਾਂ ਵਿਚ ਵੰਡੇ ਜਦੋਂ ਦਸੰਬਰ 1914 ਵਿਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤੱਕ ਸਰਾਭਾ ਲੁਧਿਆਣਾ ਵਿਚ ਸਥਾਪਤ ਹੋ ਚੁੱਕਾ ਸੀ। ਉਸਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫੌਜੀ ਛਾਉਣੀਆਂ ਵਿਚ ਫੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ, 1915 ਨੂੰ ਹੋਈ ਇਕੱਤਰਤਾ ਵਿਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿਚ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖ਼ਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ।

ਪਰ ਫਿਰ ਵੀ ਕਿਰਪਾਲ ਸਿੰਘ ਨੇ ਇਹ ਭੇਦ ਵੀ ਅੰਗਰੇਜ਼ੀ ਸਰਕਾਰ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ। ਪਰ 19 ਫਰਵਰੀ, 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫੌਜੀਆਂ ਕੋਲੋਂ ਹਥਿਆਰ ਵੀ ਸੁਟਵਾ ਲਏ ਸਨ।ਇਸ ਲਈ ਫੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੁਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫ਼ਗਾਨਿਸਤਾਨ ਵੱਲ ਚੱਲ ਪਏ। ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ, 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ ਘੋੜ ਸਵਾਰ ਫੌਜ-22 ਨੂੰ ਵਰਗਲਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ।

13 ਸਤੰਬਰ 1915 ਨੂੰ ਮੁਕੱਦਮਾ ਚੱਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੇ ਦ੍ਰਿੜ੍ਹ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿਚ ਸਭ ਤੋਂ ਛੋਟਾ ਗਦਰੀ ਇੰਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ ਤੇ ਮਾਣ ਹੈ।

ਸੈਂਟਰਲ ਜੇਲ੍ਹ ਲਾਹੌਰ ਵਿਚ ਬੈਠੀ ਵਿਸ਼ੇਸ਼ ਅਦਾਲਤ ਨੇ 63 ਗਦਰੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉੱਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। ਗਦਰੀਆਂ ਵੱਲੋਂ ਕੇਸ ਦੀ ਪੈਰਵਾਈ ਕਰ ਰਹੇ ਵਕੀਲ ਰਘੁਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੌਂਸਲ ਕੋਲ ਰੱਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦੀ ਸਜ਼ਾ ਤੋਂ ਸਜ਼ਾ-ਏ-ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਵੀ ਤੁੜਵਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜ਼ਿਆਦਾ ਖਤਰਨਾਕ ਹੈ ਕਿ ਅਮਰੀਕਾ ਤੋਂ ਭਾਰਤ ਤੱਕ ਕੋਈ ਵੀ ਅਜਿਹੀ ਘਟਨਾ ਨਹੀਂ, ਜਿਸ ਵਿਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉੱਨੀ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜ਼ਬਾ ਅੱਗੇ ਜਾ ਕੇ ਕ੍ਰਾਂਤੀਕਾਰਾਂ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕੱਦਮੇ ਤੋਂ ਬਾਅਦ ਸਰਾਭਾ ਚੜ੍ਹਦੀ ਕਲਾ ਵਿਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ:

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ।
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ।
ਦਿਲੀ ਵਤਨ ਦਾ ਇਸ਼ਕ ਜਗਾ ਜਾਣਾ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੀ ਉਮਰ ਵਿਚ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜਿਲ੍ਹਾ ਲਾਹੌਰ, ਸੁਰੈਣ ਸਿੰਘ-1 ਅਤੇ ਸ਼ਰੇਣ ਸਿੰਘ-2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਨੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖਾਹਿਸ਼ ਸੀ ਕਿ ਮੇਰੇ ਨਾਮ ਨਾਲ 'ਬਾਗੀ' ਲਗਾਇਆ ਜਾਵੇ। ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ। ਸਰਾਭਾ ਦੀ ਯਾਦ ਵਿਚ ਉਸਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸਦਾ ਬੁੱਤ, ਲਾਇਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ:-
ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

**– ਕਰਤਾਰ ਸਿੰਘ ਸਰਾਭਾ**

# ਸੂਫੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਦੀ ਪੁਸਤਕ ਹੋਈ ਲੋਕ ਅਰਪਣ

**ਪਟਿਆਲਾ (ਪ੍ਰਮਿੰਦਰ ਸਿੰਘ ਪ੍ਰਵਾਨਾ/ ਡਾ. ਅਮਨ)-** ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਇਕ ਰਾਜ ਪੱਧਰੀ ਸਾਹਿਤਕ ਸਮਾਗਮ ਕਰਵਾਇਆ।ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ- ਡਾ. ਦਰਸ਼ਨ ਸਿੰਘ ਆਸ਼ਟ, ਪ੍ਰਧਾਨ, ਡਾ. ਕ੍ਰਿਸ਼ਨ ਕੁਮਾਰ ਰੱਤੂ, ਸ਼ਹਿਨਾਜ਼ ਜੋਲੀ ਕੌੜਾ, ਪ੍ਰੋਫੈਸਰ ਰਾਮ ਲਾਲ ਭਗਤ ਅਤੇ ਡਾ. ਰੁਬੀਨਾ ਸ਼ਬਨਮ। ਇਸਤੋਂ ਇਲਾਵਾ ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ ਲੋਕ ਸਾਹਿਤ ਸੰਗਮ ਰਾਜਪੁਰਾ ਅਤੇ ਭੁਪਿੰਦਰ ਸਿੰਘ ਸੰਧੂ ਸਕੱਤਰ ਵਿਰਸਾ ਵਿਹਹਾਰ ਅੰਮ੍ਰਿਤਸਰ ਮੁੱਖ ਮਹਿਮਾਨ ਸਨ।




ਸੂਫੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਸਰਹਿੰਦ ਦੀ ਕਾਵਿ ਪੁਸਤਕ 'ਇਹ ਰੰਗ ਵਿਰਸੇ ਦੇ' ਲੋਕ ਅਰਪਣ ਕਰਦਿਆਂ ਡਾ. ਦਰਸ਼ਨ ਸਿੰਘ ਆਸ਼ਟ ਪ੍ਰਧਾਨ ਨੇ ਬਾੜਾ ਦੀ ਪੁਸਤਕ ਦੇ ਹਵਾਲੇ ਵਿਚ ਕਿਹਾ ਕਿ ਲੋਕਾਂ ਦੀ ਗੱਲ ਕਰਨ ਵਾਲਾ ਸਾਹਿਤ ਹੀ ਪ੍ਰਵਾਨ ਚੜ੍ਹਦਾ ਹੈ, ਕਿਉਂਕਿ ਇਸ ਵਿਚ ਸਭਿਆਚਾਰ ਅਤੇ ਲੋਕ ਤਜਰਬਿਆਂ ਦੀ ਚਾਸ਼ਨੀ ਜੋ ਘੁਲੀ ਹੋਈ ਹੁੰਦੀ ਹੈ। ਸ਼ਹਿਨਾਜ਼ ਜੌਲੀ ਕੌੜਾ ਨੇ ਕਿਹਾ ਕਿ ਸਾਹਿਤ ਅਤੇ ਰੇਡੀਓ ਦੋਵੇਂ ਸਭਿਆਚਾਰ ਇਕ-ਦੂਜੇ ਦੇ ਪੂਰਕ ਹਨ। ਕਵੀ ਸੰਤ ਸਿੰਘ ਸੋਹਲ ਪ੍ਰਧਾਨ ਪੰਜਾਬੀ ਸੱਥ ਸਰਹਿੰਦ ਨੇ ਕਿਹਾ ਕਿ ਬਾੜਾ ਦੀ ਸ਼ਾਇਰੀ ਸੂਫੀ ਰੰਗਤ ਦੀ ਹੋਣ ਕਰਕੇ ਮਨਾਂ ਵਿਚ ਖਿੱਚ ਪਾਉਂਦੀ ਹੈ।ਕ੍ਰਿਸ਼ਨ ਕੁਮਾਰ ਰੱਤੂ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਪੰਜਾਬੀਆਂ ਨੂੰ ਅਜੋਕੇ ਚੁਣੌਤੀਆਂ ਭਰੇ ਸਮੇਂ ਵਿਚ ਆਪਣੀ ਵਿਰਾਸਤ ਅਤੇ ਜੜ੍ਹਾਂ ਦੀ ਪਛਾਣ ਕਰਦੇ ਸਾਵਧਾਨ ਹੋਣ ਦੀ ਲੋੜ ਹੈ। ਸਰੋਤਿਆਂ ਵਿਚ ਹਾਜ਼ਰ ਸਨ- ਡਾ. ਕਮਲਾ ਸੈਣੀ, ਧਰਵਿੰਦਰ ਸਿੰਘ ਔਲਖ, ਪਰਮਜੀਤ ਸਿੰਘ ਪ੍ਰਵਾਨਾ, ਜਸਪ੍ਰੀਤ ਕੌਰ, ਪਰਵਿੰਦਰ ਸ਼ੋਖ ਇੰਜੀਨੀਅਰ, ਸਤਨਾਮ ਕੌਰ ਚਾਹਲ, ਕਮਲ ਸੇਖੋਂ, ਅਨੀਤਾ ਪਟਿਆਲਵੀ, ਰਾਜੇਸ਼ ਕੋਟੀਆ, ਬਚਨ ਸਿੰਘ ਗਰਮ, ਭਗਵਾਨ ਦਾਸ ਗੁਪਤਾ, ਨਵਪ੍ਰੀਤ ਕੌਰ, ਗੁਰਜੋਤ ਸਿੰਘ, ਅਮਨਜੋਤ ਧਾਲੀਵਾਲ, ਅੰਗਰੇਜ਼ ਸਿੰਘ ਵਿਰਕ, ਸਿਮਰਨਜੀਤ ਕੌਰ ਸਿਮਰ, ਰਘਬੀਰ ਸਿੰਘ ਮਹਿਮੀ, ਜਸਵਿੰਦਰ ਪੂਨੀ ਮੋਹਾਲੀ, ਨਾਇਬ ਸਿੰਘ ਬਦੇਸ਼ਾ, ਨਵਦੀਪ ਸਿੰਘ ਮੁੰਡੀ ਆਦਿ।

# ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਵਸ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ।

ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਪਰਤੇ। ਨੇੜਲੇ ਪਿੰਡ 'ਵਡਾਲੀ' ਵਿਖੇ 19 ਜੂਨ 1595 ਨੂੰ ਪਿਤਾ ਗੁਰੂ ਅਰਜਨ ਦੇਵ ਸਾਹਿਬ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਇਸ ਲਈ ਉਸਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਵਿੱਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਅਤੇ ਪ੍ਰਚੱਲਿਤ ਸ਼ਸ਼ਤਰਾਂ ਨੂੰ ਚਲਾਉਣ ਲਈ ਅਭਿਆਸ ਕਰਵਾਏ।

ਗੁਰੂ ਹਰਿਗੋਬਿੰਦ ਜੀ 11 ਸਾਲਾਂ ਦੇ ਸਨ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਮੁੜ ਕੇ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਸ਼ਸ਼ਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਸੇ ਫੌਜ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਦਾ ਰੂਪ ਦਿੱਤਾ। 25 ਮਈ 1606 ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚੱਲਿਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ, ਜਿਸਦਾ ਤਿਆਗ ਕਰਕੇ ਗੁਰਾਂ ਨੇ ਦੋ ਤਲਵਾਰਾਂ ਸਜਾਈਆਂ। ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਹਨਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਜੀ ਨੂੰ ਸਪਸ਼ਟ ਕੀਤਾ ਕਿ ਸ਼ਸ਼ਤਰ ਧਾਰਨ ਤੇ ਵੀ ਅੰਤਰਮੁਖੀ ਸਾਧੂ ਹਾਂ ਤੇ ਬਾਹਰਮੁਖੀ ਰਾਜੇ। ਸ਼ਸ਼ਤਰ ਗਰੀਬ ਦੀ ਰਾਖੀ ਅਤੇ ਅੱਤਿਆਰੀਆਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਅਰਬੰਦ ਹੋਣ ਦਾ ਐਲਾਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਹਿਦਾਇਤ ਕੀਤੀ ਕਿ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼ ਕੁਸ਼ਤੀਆਂ, ਘੋੜ-ਸਵਾਰੀ, ਗਤਕਾ ਅਤੇ ਸ਼ਿਕਾਰ ਖੇਡਣ ਦਾ ਉਤਸ਼ਾਹ ਦਿੱਤਾ। ਮਲ-ਅਖਾੜਾ ਬਣਾਇਆ। ਸਿੱਖਾਂ ਨੂੰ ਘੋੜਿਆਂ ਦੇ ਵਿਉਪਾਰ ਵਿਚ ਲਾਇਆ। ਘੋੜਿਆਂ ਦਾ ਵਪਾਰ ਹੋਣ ਲੱਗਾ, ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਤੌਰ 'ਤੇ ਵੀ ਖੁਸ਼ਹਾਲ ਹੋਣ ਲੱਗੇ ਅਤੇ ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ, ਉਤਸ਼ਾਹ ਅਤੇ ਰੱਖਿਆ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਅਧੀਨ ਨਾ ਹੋਣ। ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ, ਜੋ ਕਿ ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਅੰਮ੍ਰਿਤਸਰ ਜੁੜਦੀਆਂ। ਗੁਰਬਾਣੀ-ਪਾਠ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਿਬ ਜੁੜਦੀਆਂ। ਸਰੀਰਕ ਕਸਰਤਾਂ ਹੁੰਦੀਆਂ, ਸੂਰਮਿਆਂ ਦੀਆਂ ਬੀਰ ਰਸ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਲੱਗੇ, ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਸੰਗਤਾਂ ਫੈਸਲੇ ਆਪ ਕਰਨ ਲੱਗੇ।

ਗੁਰੂ ਜੀ ਨੇ 52 ਯੋਧਿਆਂ ਨੂੰ ਆਪਣੇ ਨਿੱਜੀ ਸੁਰੱਖਿਅਕ ਵਜੋਂ ਰੱਖਿਆ। ਫੌਜ ਦਾ ਮੁੱਢ ਬੰਨਿਆ। ਮਾਝਾ, ਮਾਲਵਾ, ਦੁਆਬਾ ਦੇ 500 ਯੋਧੇ ਗੁਰੂ ਜੀ ਨਾਲ ਆਣ ਲੱਗੇ, ਜਿਹਨਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਗੁਰੂ ਜੀ ਦੇ ਖਿਲਾਫ ਪ੍ਰਬੰਧਕ ਜਹਾਂਗੀਰ ਦੇ ਕੰਨ ਭਰਨ ਲੱਗੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ।

ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਉਹਨਾਂ ਦੀਆਂ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹਨ। ਸਮੇਂ ਸਿਰ ਦਬਾਅ ਦਿੱਤਾ ਜਾਵੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੀਆਂ ਕਾਰਵਾਈਆਂ ਖਤਰਨਾਕ ਤਾਂ ਨਹੀਂ। ਵਕਤੀ ਤੌਰ 'ਤੇ ਉਸਦੀ ਤਸੱਲੀ ਹੋ ਗਈ। ਵਧੇਰੇ ਪਰਖ ਕਰਨ ਲਈ ਬਹਾਨੇ ਨਾਲ ਉਸਨੇ ਸੁਖਾਵਾਂ ਮਾਹੌਲ ਬਣਾਇਆ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ ਤੇ ਲੈ ਗਿਆ। ਇਕ ਸ਼ੇਰ ਨੇ ਬਾਦਸ਼ਾਹ 'ਤੇ ਹਮਲਾ ਕਰ ਦਿੱਤਾ। ਬੇਦਸ਼ਾਹ ਬੇਵੱਸ ਸੀ ਕਿ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰ ਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸੱਚਮੁਚ ਹੀ ਮੁਗਲ ਹਕੂਮਤ ਲਈ ਖਤਰਾ ਹਨ। ਇਸ ਬਗਾਵਤ ਨੂੰ ਦਬਾਅ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦੀ ਸਨ। ਜੋ ਬਹੁਤ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਗੁਰੂ ਜੀ ਦੀ ਨਜਾਇਜ਼ ਲੰਮੀ ਹੁੰਦੀ ਜਾ ਰਹੀ ਸਜ਼ਾ ਤੇ ਰੋਹ ਜਾਗ ਪਿਆ। ਸਿੱਖਾਂ ਨੇ ਰਿਹਾਈ ਲਈ ਵਿਦਰੋਹ ਕੀਤਾ। ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸ਼ਹਿਰ ਵਿਚ ਦੀਪਮਾਲਾ ਕੀਤੀ। ਗੁਰੂ ਜੀ ਦੀ ਉਪਮਾ 'ਬੰਦੀ ਛੋੜ' ਕਹਿ ਕੇ ਕੀਤੀ। ਗੁਰੂ ਜੀ ਜਦ ਦਿੱਲੀ ਪਹੁੰਚੇ ਤਾਂ ਬਾਦਸ਼ਾਹ ਜਹਾਂਗੀਰ ਦਰਸ਼ਨਾਂ ਲਈ ਆਇਆ। ਫਿਰ ਅੰਮ੍ਰਿਤਸਰ ਵੀ ਆਇਆ। ਗੁਰੂ ਜੀ ਨੇ ਮਾਝਾ, ਦੁਆਬਾ ਦਾ ਪ੍ਰਚਾਰ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ਼੍ਰੀਨਗਰ ਤੇ ਬਾਰਾਮੂਲਾ ਦੇ ਰਸਤੇ ਪੰਜਾ ਸਾਹਿਬ ਰਹਤਾਸ, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਸੰਨ 1626 ਈ: ਵਿਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ 'ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਚਾਰ ਜੰਗਾਂ ਸਹੇੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਮੁਗਲ ਫੌਜ ਦੇ ਇਕੱਲੇ-ਇਕੱਲੇ ਸੈਨਾਪਤੀ ਨੂੰ ਮਾਰ ਮੁਕਾਇਆ।

1. ਪਹਿਲੀ ਜੰਗ ਮਈ 1628 ਈ: ਵਿਚ ਅੰਮ੍ਰਿਤਸਰ ਵਿਖੇ ਹੋਇਆ ਮੁਗਲ ਸੈਨਾਪਤੀ ਮੁਖਲਿਸ ਖਾਂ ਸੀ।
2. ਦੂਸਰਾ ਜੰਗ ਸਤੰਬਰ 1629 ਈ਼ ਹਰਿਗੋਬਿੰਦਪੁਰ ਵਿਖੇ ਹੋਇਆ ਮੁਗਲ ਸੈਨਾਪਤੀ ਅਬਦੁਲਾਹ ਖਾਂ ਸੀ।
3. ਤੀਜੀ ਜੰਗ ਨਵੰਬਰ 1631 ਈ: ਮਰਾਝ ਵਿਖੇ ਹੋਈ, ਸੈਨਾਪਤੀ ਲਲਾ ਬੇਗ ਸੀ।
4. ਚੌਥੀ ਜੰਗ 1634ਈ਼ ਵਿਚ ਕਰਤਾਰਪੁਰ ਵਿਖੇ ਹੋਈ, ਸੈਨਾਪਤੀ ਸੀ ਕਾਲੇ ਖਾਂ ਅਤੇ ਪੈਂਦੇ ਖਾਂ।

ਜੰਗਾਂ ਉਪਰੰਤ ਗੁਰੂ ਜੀ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ ਸਨ ਤਾਂ ਕੀਰਤਪੁਰ ਦੀ ਉਸਾਰੀ ਕੀਤੀ, ਜਿੱਥੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਮਾਰਚ 1644ਈ: ਵਿਚ ਗੁਰਗੱਦੀ ਸੌਂਪੀ। ਆਪ 3 ਮਾਰਚ 1644 ਈ: ਨੂੰ ਕੀਰਤਪੁਰ ਵਿਖੇ ਜੋਤੀ ਜੋਤ ਸਮਾ ਗਏ।




## ਪੁਸਤਕ ਸਮੀਖਿਆ

### ਚੂਹੀ ਨੂੰ ਬੁਖ਼ਾਰ ਚੜ੍ਹਿਆ

**ਰੀਵਊਕਾਰ: ਬਲਜਿੰਦਰ ਮਾਨ 98150-18947**
**ਕਵਿਤਰੀ: ਮਨਦੀਪ ਰਿੰਪੀ**
**ਪ੍ਰਕਾਸ਼ਕ: ਹਜ਼ੂਰੀਆ ਐਂਡ ਸੰਨਜ਼ ਜਲੰਧਰ,**
**ਪੰਨੇ: 28, ਮੁੱਲ:140**

ਮਨਦੀਪ ਰਿੰਪੀ ਨੇ ਸਾਹਿਤ ਜਗਤ ਵਿਚ ਆਪਣੇ ਸ਼ਬਦਾਂ ਦੀ ਜਾਦੂਗਰੀ ਨਾਲ ਧੁੰਮ ਪਾਈ ਹੋਈ ਹੈ। ਉਸ ਅੰਦਰ ਸਾਹਿਤ ਦਾ ਦਰਿਆ ਵਗ ਰਿਹਾ ਹੈ। ਅਜਕਲ ਦੇ ਅਖਬਾਰਾਂ ਰਸਾਲਿਆਂ ਤੇ ਝਾਤ ਮਾਰੀਏ ਤਾਂ ਉਸਦੀ ਕੋਈ ਨਾ ਕੋਈ ਰਚਨਾ ਪੜ੍ਹਨ ਲਈ ਜ਼ਰੂਰ ਮਿਲਦੀ ਹੈ। ਕਿਤੇ ਰੀਵਿਊ ਛਪ ਰਿਹਾ ਹੈ ਤੇ ਕਿਤੇ ਪੁਸਤਕਾਂ ਤੇ ਗੋਸ਼ਟੀ ਹੋ ਰਹੀ ਹੈ। ਆਨ ਲਾਈਨ ਰਚਨਾਵਾਂ ਵਾਸਤੇ ਚੱਲ ਰਿਹਾ ਚੈਨਲ ਖਾਸ ਕਰ ਬੱਚਿਆਂ ਵਿਚ ਬਹੁਤ ਮਕਬੂਲ ਹੈ। ਅਸਲ ਵਿਚ ਉਸਦੀ ਕਲਾ ਨੂੰ ਬਾਹਰ ਕੱਢਣ ਵਿਚ ਕਰੋਨਾ ਕਾਲ ਨੇ ਅਹਿਮ ਭੂਮਿਕਾ ਅਦਾ ਕੀਤੀ। ਬੱਚਿਆਂ ਦਾ ਮਨੋਬਲ ਬਣਾਈ ਰੱਖਣ ਲਈ ਉਹ ਕਵਿਤਾਵਾਂ ਤੇ ਕਹਾਣੀਆਂ ਘੜਦੀ ਫਿਰ ਇਕ ਸੁਆਣੀ ਵਾਂਗ ਉਹਨਾਂ ਨੂੰ ਬੱਚਿਆਂ ਅੱਗੇ ਕਲਾਮਈ ਢੰਗ ਨਾਲ ਪਰੋਸਦੀ। ਬਾਲ ਸਾਹਿਤ ਦੇ ਨਾਲ ਨਾਲ ਪ੍ਰੌੜ ਸਾਹਿਤ ਵਿਚ ਵੀ ਮਾਣਯੋਗ ਥਾਂ ਪ੍ਰਾਪਤ ਕੀਤਾ ਹੈ।

ਇਕ ਸਫ਼ਲ ਅਧਿਆਪਕਾ ਹੋਣ ਕਰਕੇ ਬਾਲ ਮਾਨਸਿਕਤਾ ਦਾ ਪੂਰਾ ਗਿਆਨ ਰੱਖਦੀ ਹੈ। ਉਸਦੀ ਹਰ ਰਚਨਾ ਵਿਚੋਂ ਬਾਲ ਰੀਝਾਂ ਅਤੇ ਉਮੀਦਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਕਰਕੇ ਉਸਦੀ ਹਰ ਪੁਸਤਕ ਨੂੰ ਬਾਲ ਪਾਠਕ ਦੋਨੀਂ ਹੱਥੀ ਸਵੀਕਾਰਦੇ ਅਤੇ ਪ੍ਰੌੜ ਪਾਠਕ ਗੰਭੀਰਤਾ ਨਾਲ ਵਿਚਾਰਦੇ ਹਨ। ਪਿਛਲੇ ਤਿੰਨਾਂ ਸਾਲਾਂ ਵਿਚ ਹੀ ਉਹ ਅੱਧੀ ਦਰਜਨ ਪੁਸਤਕਾਂ ਨਾਲ ਆਪਣੀ ਨਿਵੇਕਲੀ ਥਾਂ ਬਨਾਉਣ ਵਿਚ ਕਾਮਯਾਬ ਹੋਈ ਹੈ। ਰੰਗਦਾਰ ਕਾਵਿ ਪੁਸਤਕ 'ਚੂਹੀ ਨੂੰ ਬੁਖ਼ਾਰ ਚੜ੍ਹਿਆ' ਵਿਚ ਲੇਖਿਕਾ ਨੇ ਵੀਹ ਰੌਚਕ ਕਵਿਤਾਵਾਂ ਦਰਜ ਕੀਤੀਆਂ ਹਨ। ਉਸਨੇ ਬੱਚਿਆਂ ਨੂੰ ਨਰੋਏ ਖੰਭ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ ਹੈ। ਉਹਨਾਂ ਨੂੰ ਮਨੋਰੰਜਕ ਢੰਗ ਨਾਲ ਮਿਹਨਤ ਤੇ ਲਗਨ ਦਾ ਸਬਕ ਸਿਖਾਇਆ ਗਿਆ ਹੈ। ਇਹਨਾਂ ਵਿਚ ਜਿਥੇ ਨਵਾਂ ਗਿਆਨ ਹੈ ਉਥੇ ਮਨੋਰੰਜਨ ਦੀ ਚਾਸ਼ਨ ਵੀ ਦਿੱਤੀ ਗਈ ਹੈ।




ਪੁਸਤਕ ਚੂਹੀ ਨੂੰ ਚੜਿਆ ਬੁਖਾਰ ਦੀ ਪਹਿਲੀ ਕਵਿਤਾ ਹੀ ਸਾਡੇ ਅੱਗੇ ਚਿੜੀਆਂ ਬਾਰੇ ਸਵਾਲ ਖੜਾ ਕਰਦੀ ਹੈ। ਇਹਨਾਂ ਦੀ ਹੋਂਦ ਨੂੰ ਮਿਟਾਉਣ ਵਿਚ ਮੋਬਾਇਲ ਟਾਵਰਾਂ ਦੀ ਵਾਈਬ੍ਰੇਸ਼ਨ ਦੱਸੀ ਗਈ ਹੈ। ਕਵਿਤਾਵਾਂ ਦੇ ਜਾਨਵਰ ਅਤੇ ਪੰਛੀ ਪਾਤਰ ਵੱਖ-ਵੱਖ ਥਾਵਾਂ ਤੇ ਕਲਾਮਈ ਢੰਗ ਨਾਲ ਪੇਸ਼ ਕੀਤੇ ਗਏ ਹਨ।ਬਿੱਲੀ ਗਈ ਪਾਰਕ ਵਿਚ, ਇਕ ਦਿਨ ਚੂਹੀ ਨੂੰ ਬੁਖਾਰ ਚੜ੍ਹਿਆ, ਚੂਹਿਆ ਨੇ ਰੇਲ ਹੈ ਬਣਾਈ, ਸਾਡੇ ਘਰ ਇਕ ਬਿੱਲੀ ਆਈ, ਕੀੜੀਆਂ ਤੋਂ ਲੈਣੀ ਸਿਖਲਾਈ ਆਦਿ ਕਵਿਤਾਵਾਂ ਬਾਲ ਮਨ ਤੇ ਗਹਿਰਾ ਪ੍ਰਭਾਵ ਪਾਉਂਦੀਆਂ ਹਨ। ਉਹ ਇਹਨਾਂ ਨੂੰ ਵਾਰ-ਵਾਰ ਪੜ੍ਹਕੇ ਖੁਸ਼ੀ ਹਾਸਲ ਕਰਦੇ ਹਨ। ਇਹਨਾਂ ਵਿਚਲੀ ਕਾਵਿਕਤਾ ਹਰ ਕਿਸੇ ਨੂੰ ਕਵਿਤਾ ਪੜ੍ਹਨ ਲਈ ਤਿਆਰ ਕਰਦੀ ਹੈ।ਕੋਮਲ ਸ਼ਬਦਾਂ ਨਾਲ ਸੰਜੋਈਆਂ ਇਹ ਕਵਿਤਾਵਾਂ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਹਨ।ਇਹ ਪੁਸਤਕ ਬਾਲ ਮਾਨਸਿਕਤਾ ਨੂੰ ਤ੍ਰਿਪਤੀ ਪ੍ਰਦਾਨ ਕਰਦੀ ਹੋਈ ਸਮੇਂ ਦੇ ਹਾਣੀ ਬਣਾਉਂਦੀ ਹੈ। ਕਾਮਨਾ ਕਰਦਾ ਹਾਂ ਕਿ ਲੇਖਿਕਾ ਮਨਦੀਪ ਰਿੰਪੀ ਦੀ ਕਲਾ ਆਏ ਸਾਲ ਹੋਰ ਨਿਖਰਦੀ ਜਾਵੇ।

### ਆਓ ਦੋਸਤੋ ਖੇਡੀਏ

**ਰੀਵਊਕਾਰ:ਬਲਜਿੰਦਰ ਮਾਨ 98150-18947**
**ਕਵੀ: ਹਰਿੰਦਰ ਸਿੰਘ ਗੋਗਨਾ**
**ਪ੍ਰਕਾਸ਼ਕ: ਸਾਹਿਬਦੀਪ ਪਬਲੀਕੇਸ਼ਨ**
**ਪੰਨੇ: 32, ਮੁੱਲ: 125/-**

ਹਰਿੰਦਰ ਸਿੰਘ ਗੋਗਨਾ ਇਕ ਗਹਿਰ ਗੰਭੀਰ ਸਾਹਿਤਕਾਰ ਹੈ। ਅਜ ਤਕ ਇਕ ਦਰਜਨ ਦੇ ਕਰੀਬ ਪੁਸਤਕਾਂ ਨਾਲ ਸਾਹਿਤ ਜਗਤ ਵਿਚ ਆਪਣੀ ਥਾਂ ਨਿਸ਼ਚਿਤ ਕਰ ਚੁੱਕਾ ਹੈ। ਬਾਲ ਕਹਾਣੀ, ਵਿਤਾ, ਨਾਟਕ ਆਦਿ ਵਿਧਾਵਾਂ ਵਿਚ ਸਫ਼ਲਤਾ ਨਾਲ ਸਿਰਜਣਾ ਕਰ ਰਿਹਾ ਹੈ। ਪਰਾਲੀ ਨਾਮ ਮਿੰਨੀ ਕਹਾਣੀ ਸੰਗ੍ਰਹਿ ਨੂੰ ਵੀ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਲੰਬੇ ਸਮੇਂ ਤੋਂ ਇਸ ਖੇਤਰ ਵਿਚ ਕਾਰਜਸ਼ੀਲ ਹੋਣ ਕਰਕੇ ਉਸਦੀ ਹਰ ਨਵੀਂ ਪੁਸਤਕ ਪਾਠਕਾਂ ਵਲੋਂ ਉਡੀਕੀ ਜਾਂਦੀ ਹੈ। ਇਹ ਉਸਦੀ ਪ੍ਰਾਪਤੀ ਕਹੀ ਜਾ ਸਕਦੀ ਹੈ ਕਿ ਉਸਦੀ ਕਵਿਤਾ ਵਿਚ ਨਵਾਂ ਰੰਗ ਢੰਗ ਸੰਜੋਇਆ ਹੁੰਦਾ ਹੈ।ਬਾਲ ਜੀਵਨ ਇਕ ਸੋਹਣੇ ਤੇ ਨਮ ਮੋਹਣੇ ਰੰਗ ਭਰਨ ਦੇ ਮੰਤਵ ਨਾਲ ਉਹ ਆਪਣੀਆਂ ਕਵਿਤਾਵਾਂ ਬਾਲ ਮਨਾਂ ਦੀਆਂ ਹਾਣੀਆਂ ਬਣਕੇ ਲਿਖਦਾ ਹੈ। ਹੱਥਲੀ ਰੰਗਦਾਰ ਪੁਸਤਕ 'ਆਓ ਦੋਸਤੋ ਖੇਡੀਏ' ਵਿਚ ਉਸਦੀਆਂ 26 ਰੌਚਕ ਬਾਲ ਕਵਿਤਾਵਾਂ ਦਰਜ ਕੀਤੀਆਂ ਹਨ। ਟਿਮਮਿਾਉਂਦੀ ਇਸ ਰੰਗਦਾਰ ਪੁਸਤਕ ਵਿਚ ਕੰਪਿਊਟਰ ਚਿੱਤਰ ਵੀ ਛਾਪੇ ਗਏ ਹਨ ਜੋ ਬਾਲ ਪਾਠਕਾਂ ਦੀ ਦਿਲਚਸਪੀ ਵਿਚ ਵਾਧਾ ਕਰਦੇ ਹਨ। ਇਹ ਰਚਨਾਵਾਂ ਜਿਥੇ ਵੰਨ ਸੁਵੰਨੀਆਂ ਹਨ ਉਥੇ ਪਾਠਕਾਂ ਅੰਦਰ ਨਵੇਂ ਨਵੇਂ ਸੁਪਨੇ ਵੀ ਸੰਜੋਦੀਆਂ ਹਨ। ਬੱਚਿਆਂ ਨੂੰ ਗਿਆਨਵਾਨ ਬਣਾਕੇ ਸਫ਼ਲ ਇਨਸਾਨ ਬਣਾਉਣ ਦਾ ਸਬੱਬ ਬਣਦੀਆਂ ਹਨ। ਇਹ ਕਵਿਤਾਵਾਂ ਵਿਚ ਕੁਦਰਤੀ ਨਿਆਮਤਾ ਨੂੰ ਬਚਾਉਣ ਅਤੇ ਸੰਭਾਲਣ ਦੇ ਢੰਗ ਤਰੀਕੇ ਦਰਸਾਏ ਗਏ ਹਨ। ਪ੍ਰਦੂਸ਼ਣ ਰਹਿਤ ਆਲਾ-ਦੁਆਲਾ ਸਿਰਜਣ ਵਾਸਤੇ ਦਿਨ ਤਿਉਹਾਰਾਂ ਤੇ ਫੋਕੇ ਦਿਖਾਵੇ ਤੋਂ ਬਚਣ ਦਾ ਸੰਦੇਸ਼ ਦਿੱਤਾ ਗਿਆ ਹੈ।

ਚੰਗੀਆਂ ਆਦਤਾਂ ਸਮੇਤ ਬਾਲ ਜੀਵਨ ਨਾਲ ਸਬੰਧਤ ਰਿਸ਼ਤੇ ਨਾਤਿਆਂ ਦੀ ਗੱਲ ਵੀ ਕੀਤੀ ਗਈ ਹੈ। ਪੰਛੀਆਂ ਅਤੇ ਫੁੱਲਾਂ ਬੂਟਿਆਂ ਨਾਲ ਪਿਆਰ ਪਾ ਕੇ ਆਲੇ-ਦੁਆਲੇ ਨੂੰ




ਸ਼ਿੰਗਾਰਿਆ ਜਾ ਸਕਦਾ ਹੈ। ਖੁਰਾਕ ਦਾ ਸਹੀ ਖਿਆਲ ਰੱਖਣਾ ਵੀ ਸਭ ਤੋਂ ਜ਼ਰੂਰੀ ਹੈ। ਗੋਗਨਾ ਦੀ ਹਰ ਕਵਿਤਾ ਵਿਚੋਂ ਕਾਵਿ ਕਲਾ ਝਲਕਾਰੇ ਮਾਰਦੀ ਹੈ। ਇਹ ਸਭ ਕਵਿਤਾਵਾਂ ਗਾਈਆਂ ਜਾ ਸਕਦੀਆਂ ਹਨ। ਸ਼ਬਦਾਂ ਦੀ ਕੋਮਲਤਾ ਬਾਲ ਪਾਠਕਾਂ ਨੂੰ ਭਾਉਂਦੀ ਹੈ। ਸਰਲ ਸ਼ਬਦਾਂ ਨਾਲ ਸ਼ਿੰਗਾਰੀਆਂ ਇਹ ਕਵਿਤਾਵਾਂ ਨਵੇ ਰਾਹਾਂ ਦੇ ਪਾਂਧੀ ਬਣਾਉਂਦੀਆਂ ਹਨ। ਬਾਲ ਮਾਨਸਿਕਤਾ ਅਨੁਸਾਰ ਸਿਰਜੀਆਂ ਇਹ ਕਵਿਤਾਵਾਂ ਬਾਲ ਜੀਵਨ ਨੂੰ ਸੁਚੱਜਾ ਬਨਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਹਨ।ਮਿਡਲ ਜਮਾਤਾਂ ਤਕ ਦੇ ਵਿਦਿਆਰਥੀ ਇਸ ਪੁਸਤਕ ਦਾ ਲਾਹਾ ਜ਼ਰੂਰ ਲੈਣ।ਕਵੀ ਦੀ ਕਲਮ ਹੋਰ ਵੀ ਰੌਚਕ ਤੇ ਨਰੋਈਆਂ ਕਿਰਤਾਂ ਸਿਰਜੇ। ਇਸ ਵਾਸਤੇ ਹਰਿੰਦਰ ਗੋਗਨਾ ਤੋਂ ਉਮੀਦਾਂ ਰੱਖਦੇ ਹਾਂ।

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

**- ਅੰਮ੍ਰਿਤ ਪਵਾਰ**



**ਹਰਸ਼ਜੋਤ ਕੌਰ ਨੇ ਕਿਹਾ 'ਮੇਰਾ ਬਾਬਾ ਨਾਨਕ'**

ਗੋਲ-ਮਟੋਲ ਜਿਹਾ ਚਿਹਰਾ, ਚਿਹਰੇ ਤੇ ਚੰਦ-ਚਾਨਣੀ ਜਿਹਾ ਰੰਗ, ਅੱਖਾ ਵਿੱਚ ਹਸੀਨ ਸੁਪਨਿਆਂ ਦੀ ਦਾਸਤਾਨ ਤੇ ਐਕਟਿੰਗ ਲਾਜਵਾਬ, ਨਾਮ ਹੈ ਹਰਸ਼ਜੋਤ ਕੌਰ ਜਿਸਨੂੰ ਪੰਜਾਬੀ ਸਿਨੇਮਾ ਨਾਇਕਾ ਦੇ ਰੂਪ 'ਚ ਸਵੀਕਾਰ ਕਰ ਰਿਹਾ ਹੈ। 'ਮੇਰਾ ਬਾਬਾ ਨਾਨਕ' ਨਵੀਂ ਫ਼ਿਲਮ ਦੀ ਹੀਰੋਇਨ ਹਰਸ਼ਜੋਤ ਨਾਲ ਵਿਕਰਮਜੀਤ ਹੀਰੋ ਹੈ। ਹਰਸ਼ਜੋਤ ਨੇ ਮਰਹੂਮ ਸਿੱਧੂ ਮੂਸੇਵਾਲਾ ਨਾਲ ਵੀ ਮਾਡਲਿੰਗ ਕੀਤੀ ਹੈ ਤੇ ਫ਼ਿਲਮ ਨਿਰਦੇਸ਼ਕ ਅਸ਼ੋਕ ਮਲਹੋਤਰਾ ਅਨੁਸਾਰ 'ਮੇਰਾ ਬਾਬਾ ਨਾਨਕ' ਹਰਸ਼ ਨੂੰ ਸਟਾਰ ਬਣਾਏਗੀ।

**'ਨਿਡਰ' ਹੋਇਆ-ਪਾਲੀ ਮਾਂਗਟ**

ਮੁਕੇਸ਼ ਰਿਸ਼ੀ ਦੀ ਫ਼ਿਲਮ 'ਨਿਡਰ' ਨਾਲ ਪਾਲੀ ਮਾਂਗਟ ਪਾਲੀਵੁੱਡ ਦੇ ਨਾਲ ਸਾਊਥ 'ਚ ਵੀ ਛਾ ਰਿਹਾ ਹੈ। ਰਾਘਵ ਰਿਸ਼ੀ, ਕੁਲਨੂਰ ਬਰਾੜ ਨਾਲ ਪਾਲੀ ਦੀ 'ਨਿਡਰ' ਤੇਲਗੂ/ਤਾਮਿਲ 'ਚ ਵੀ ਆਈ ਹੈ। 'ਨਿਡਰ' ਪਾਲੀ ਮਾਂਗਟ ਨੇ 'ਡਿਪਲੋਮੈਟ' ਜਾਨ ਅਬਰਾਹਮ ਨਾਲ ਕੀਤੀ ਹੈ।











**ਸੁਰ ਪਹੁੰਚੀ ਫ਼ਿਲਮੀ ਗਲਿਆਰੇ-ਪੀ.ਐਸ.ਚੌਹਾਨ**

ਵਾਰਿਸ ਫਤਿਹ ਕੰਵਲਜੀਤ ਮਾਨਾਵਾਲਾ ਦੀ 32 ਸਾਲ ਦੀ ਉਮਰੇ ਪੀ.ਐਸ.ਚੌਹਾਨ ਫ਼ਿਓਮਪ;ਲਮੀ ਗਾਇਕ ਬਣ ਗਿਆ ਹੈ। ਸਤਨਾਮ ਸਿੰਘ ਦੇ ਜਿਹਰ ਟੁਕੜੇ ਪਰਵਿੰਦਰ ਨੇ 'ਬਾਬਾ ਨਾਨਕ' 'ਰੋਟੀ ਜੋਗਾ ਰੱਖੀ' 'ਫੇਕ' ਆਦਿ ਗੀਤਾਂ ਨਾਲ ਪਛਾਣ ਬਣਾ ਕਿ ਭੂਸ਼ਨ ਮਦਾਨ ਦੀ ਨਵੀਂ ਫ਼ਿਲਮ ਵਾਸਤੇ ਪਿੱਠਵਰਤੀ ਗਾਇਕ ਬਣ ਕਿ ਅੰਮੀ ਸੁਰਜੀਤ ਕੌਰ ਦੇ ਅਰਮਾਨ ਪੂਰੇ ਕਰਨੇ ਹਨ। ਗੀਤਕਾਰ ਵਜੋਂ ਨਿਸ਼ਾ ਬਾਨੋ, ਰੇਸ਼ਮ ਅਨਮੋਲ ਉਸਦੇ ਗੀਤ ਗਾ ਚੁੱਕੇ ਹਨ।

**'ਚੰਨ ਟੀ.ਵੀ. ਚੰਨ ਦਾ'**

ਕਾਂਸੀ ਰਾਮ ਚੰਨ ਹਾਸਰਸ ਕਲਾਕਾਰ ਹੈ ਤੇ ਘੁੱਲੇ-ਸ਼ਾਹ ਨਾਲ ਸਟੇਜਾਂ ਕਰ ਦੁਨੀਆਂ ਹਸਾਉਂਦਾ ਹੈ। ਕਈ ਲਘੂ ਫ਼ਿਲਮਾਂ ਤੇ ਕਮੇਡੀ ਗਾਣੇ ਕਰ ਚੁੱਕੇ ਕਾਂਸੀ ਰਾਮ ਚੰਦ ਨੇ ਹੁਣ ਆਪਣੀ ਕਲਾ ਉਭਾਰਨ ਲਈ ਵੈਬ ਟੀ.ਵੀ. 'ਚੰਨ ਟੀ.ਵੀ' ਸ਼ੁਰੂ ਕੀਤਾ ਹੈ। ਉਹ ਨਵੇਂ ਕਮੇਡੀ ਕਲਾਕਾਰਾਂ ਨੂੰ 'ਚੰਨ ਟੀ.ਵੀ. ਦਾ ਤਾਰਾ ਬਣਾਏਗਾ ਤੇ ਆਪ ਚੰਨ ਬਣ ਚਮਕ ਦਿੰਦਾ ਰਹੇਗਾ।

**ਦੇਬੂ ਸੁਖਦੇਵ 'ਰੰਗ ਬਰੰਗੀ' ਦਾ ਮਿਕਸਿੰਗ ਕਿੰਗ**

ਚੋਟੀ ਦੇ ਪੰਜਾਬੀ ਗਾਇਕ ਦੇਬੂ ਸੁਖਦੇਵ ਤੋਂ ਗੀਤ ਮਿਕਸ ਕਰਵਾ ਆਪਣਾ ਕਰਮ ਚੰਗੇਰਾ ਮੰਨਦੇ ਹਨ। ਦੇਬੂ ਸੁਖਦੇਵ ਨੇ ਹੁਣੇ ਹੀ ਪ੍ਰੀਤ ਸਿੱਧੂ-ਸੋਨਮ-ਸੰਦੀਪ ਦੀ ਵੈਬ-ਸੀਰੀਜ਼ 'ਰੰਗ ਬੇਰੰਗੀ' ਸੁਖਦੇਵ ਨੇ ਹੁਣੇ ਹੀ ਪ੍ਰੀਤ ਸਿੱਧੂ-ਸੋਨਮ-ਸੰਦੀਪ ਦੀ ਵੈਬ-ਸੀਰੀਜ 'ਰੰਗ ਬੇਰੰਗੀ' ਦੀ ਮਿਕਸਿੰਗ ਕੀਤੀ ਹੈ ਤੇ ਸਾਰੇ ਉਸ ਦੇ ਕੰਮ ਦੀ ਦਾਦ ਤੇ ਰਹੇ ਹਨ।



**ਜੈਜ ਸੋਢੀ ਵਿਗਿਆਪਨਾਂ ਵਿੱਚ**

'ਫੈਮਿਲੀ 420' ਦੀ ਨਾਇਕਾ ਜੈਜ ਸੋਢੀ ਹੁਣ ਚੋਟੀ ਦੇ ਉਤਪਾਦਾਂ ਦੀ ਮਾਡਲ ਬਣ ਆ ਰਹੀ ਹੈ। ਕਸ਼ਮੀਰਨ ਸਰਦਾਰਨੀ ਜੈਜ ਨੇ ਸੋਨੀ ਟੀ.ਵੀ. ਤੇ 'ਪਟਿਆਲਾ ਬੇਬਜ' ਸੀਰੀਆਲ ਕੀਤਾ ਹੈ ਤੇ ਜਲਦੀ ਉਹ ਦੱਖਣ ਦੀ ਫ਼ਿਲਮ ਕਰੇਗੀ।

**ਇਥੇ ਨਹੀਂ ਕੋਈ ਮੁਕਾਬਲਾ- ਸਿੰਮੀ ਚਾਹਲ**

ਅਲੱਗ ਜਿਹੀ ਪਿਆਰੀ ਦਿੱਖ ਦੇ ਜੱਟੀ ਪੰਜਾਬਣ ਸਿੰਮੀ ਚਾਹਲ ਦੀ ਜਿਸਦੀ ਐਕਟਿੰਗ ਦਾ ਮੁਰੀਦ ਹਰ ਕੋਈ ਹੁੰਦਾ ਹੈ। ਅਫ਼ਰੀਨ ਸਿੰਮੀ ਨੇ ਇੱਕ ਗੱਲ ਲੱਖ ਦੀ ਕੀਤੀ ਹੈ ਕਿ ਪੰਜਾਬੀ ਫ਼ਿਲਮਾਂ 'ਚ ਹੀਰੋਜ਼ ਦਾ ਤਾਂ ਮੁਕਾਬਲਾ ਹੋਊ ਪਰ ਹੀਰੋਇਨਾਂ ਦਾ ਕੋਈ ਮੁਕਾਬਲਾ ਨਹੀਂ। ਅਸੀਂ ਤਿੰਨ-ਚਾਰ ਹਾਂ ਨੀਰੂ ਜੀ ਤਾਂ ਸੀਨੀਅਰ ਨੇ ਮੁਕਾਬਲੇ ਦੀ ਗੱਲ ਹੀ ਨਹੀਂ। ਸੋਨਮ ਬਾਜਵਾ, ਮੈਂਡੀ ਤਖੜ, ਸਿੰਮੀ ਚਾਹਲ, ਤਾਨੀਆ ਤੇ ਬਾਕੀ ਤਾਂ ਹਰਵਾਰ ਹੀਰੋਇਨ ਵੱਖਰੀ ਹੁੰਦੀ ਹੈ। ਸਿੰਮੀ ਚਾਹਲ ਦੀ ਇਸ ਸਮੇਂ ਤਰਸੇਮ ਜੱਸੜ ਨਾਲ ਨਵੀਂ ਫ਼ਿਲਮ ਰਲੀਜ਼ ਲਈ ਤਿਆਰ ਹੈ।

**ਕਿਆ ਬਾਤ ਏ-ਮੁਹੰਮਦ ਸਦੀਕ ਦੀ**

ਲੋਕ ਸਭਾ ਮੈਂਬਰ ਬਣ ਜਨਤਾ ਦੀ ਸੇਵਾ ਦੋਗਾਣਾ ਗਾਇਕੀ ਤੇ ਰਣਜੀਤ ਕੌਰ ਨਾਲ ਰਾਜ ਤੇ ਫ਼ਿਲਮ ਸੰਗੀਤਕਾਰ ਬਣ ਮੁਹੰਮਦ ਰਫ਼ੀ ਤੋਂ ਗੁਵਾਉਣਾ, ਐਕਟਰ ਬਣ ਕਮਾਲ ਦਾ ਖਲਨਾਇਕ, ਹਾਸ ਅਭਿਨੇਤਾ ਤੇ 'ਗੁੱਡੋ' ਦਾ ਹੀਰੋ ਮੁਹੰਮਦ ਸਦੀਕ ਸਵਰਗੀ ਪ੍ਰਕਾਸ਼ ਸਿੰਘ ਬਾਦਲ ਤੋਂ ਲੈ ਕਿ ਅੱਜ ਦੀ ਪੀੜ੍ਹੀ ਦੇ ਲੋਕਾਂ ਵੱਲੋਂ ਵੀ ਪ੍ਰਵਾਨਿਤ ਕਲਾਕਾਰ ਹੈ। ਸਦਕੇ ਜਾਵਾਂ ਕਾਮਯਾਬੀਆਂ ਤੋਂ।

**ਮਿੰਦਾ ਪੰਗੇਬਾਜ ਆ ਗਿਆ ਜੇ**

ਹੋਸ਼ਿਆਰ ਤੇਜ਼ੀ ਸੰਧੂ ਨਿਰਦੇਸ਼ਕ ਬਣ 'ਮਿੰਦਾ ਪੰਗੇਬਾਜ' ਫ਼ਿਲਮ ਲੈ ਕਿ ਆ ਰਹੀ ਹੈ। ਦਿਨੇਸ਼ ਮਲਹੋਤਰਾ ਦੀ ਇਸ ਫ਼ਿਲਮ ਵਿੱਚ ਜੈ ਮਲਹੋਤਰਾ, ਅੰਜੂ ਕਪੂਰ ਨੇ ਕੰਮ ਕੀਤਾ ਹੈ। ਨਗਿੰਦਰ ਗਾਖੜ, ਰਾਜਾ ਵਿਰਕ, ਸਾਜਨ ਬਾਜਵਾ, ਮਲਕੀਤ ਰੌਣੀ, ਤੇਜੀ ਸੰਧੂ ਫ਼ਿਲਮ ਦੇ ਮੁੱਖ ਸਿਤਾਰੇ ਹਨ। ਸਿਨੇਟਲੈਕਸ ਦੇ ਬੈਨਰ ਹੇਠ 'ਮਿੰਦਾ ਪੰਗੇਬਾਜ਼' ਜੁਲਾਈ 'ਚ ਪੰਗੇ ਪਾਏਗਾ।

**ਜੱਗੀ ਕਾਦੀਆਂ ਨਜ਼ਰਾਂ ਮੁੰਬਈ ਤੇ**

ਰਜ਼ਾਦਾ ਪਿੰਡ ਦੇ ਪੰਜਾਬੀ ਸੰਗੀਤ ਪ੍ਰਮੋਟਰ ਜੱਗੀ ਕਾਦੀਆਂ ਦਾ ਜਿਸਨੇ ਪੀ.ਐਸ ਚੌਹਾਨ, ਅਰਮਾਨ, ਸਿਮਰ ਨੂੰ ਰਾਤੋ-ਰਾਤ ਸਟਾਰ ਗਾਇਕ ਬਣਾਇਆ ਆਪਣੀ ਸਫ਼ਲ ਪੇਸ਼ਕਾਰੀ ਨਾਲ ਹੈ। ਦਿਲ ਦਾ ਫਿਊਜ਼ 'ਰਿਆਲਟੀ ਚੈਕ' ਰਹਿਣ ਦੇ ਜੱਟਾ' 'ਕੰਗਣਾ' ਤੇ 'ਤਾਰੀਫ਼' ਗੀਤਾਂ ਨੂੰ ਸਾਨ ਨਾਲ ਰਲੀਜ ਕੀਤਾ ਹੈ। ਸਦਕੇ ਜਾਵਾਂ ਜੱਗੀ ਦੇ। ਸੁਖਵਿੰਦਰ ਸਿੰਘ-ਪਰਮਿੰਦਰ ਕੌਰ ਵੀ ਕਹਿੰਦੇ ਨੇ ਕਿ ਉਹਨਾਂ ਦਾ ਪੁੱਤ ਪੰਜਾਬੀ ਗਾਇਕੀ ਦਾ ਸੁਖਵਿੰਦਰ ਸਿੰਘ-ਪਰਮਿੰਦਰ ਕੌਰ ਵੀ ਕਹਿੰਦੇ ਨੇ ਕਿ ਉਹਨਾਂ ਦਾ ਪੁੱਤਰ ਪੰਜਾਬੀ ਗਾਇਕੀ ਦਾ ਸੇਵਕ ਹੈ ਤੇ ਉਸਦੀਆਂ ਤਮੰਨਾਵਾਂ ਫ਼ਿਓਮਪ;ਲਮੀ ਸੰਗੀਤ ਜਾਰੀ ਕਰਦੀਆਂ ਹਨ।













**ਅੰਬਰਸਰੀਏ ਫ਼ਿਲਮੀ ਮੰਚ ਤੇ ਇਕੱਠੇ ਅਸੋਕ ਨੇ ਕੀਤੇ**

ਅਸ਼ੋਕ ਮਲਹੋਤਰਾ ਨੇ ਜਯੋਤਿਕਾਂ ਤਾਂਗਲੀ, ਜੰਨਤ ਨਾਲ ਪਰਦੇ ਤੇ ਕੰਮ ਕੀਤਾ ਹੈ ਤੇ ਹੁਣ ਅੰਮ੍ਰਿਤਸਰ-ਗੁਰਦਾਸਪੁਰ ਦੇ ਕਲਾਕਾਰ ਇੱਕ ਮੰਚ ਤੇ ਇਕੱਠੇ ਕਰ ਕਿ ਫ਼ਿਲਮੀ ਸੰਸਥਾ ਬਣਾਈ ਹੈ। ਇਹ ਸੰਸਥਾ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੂੰ ਜਲਦੀ ਮਿਲਣ ਜਾ ਰਹੀ ਹੈ। ਬਹੁਤ ਅੱਛੇ ਅਸ਼ੋਕ।

**ਸਰਗਰਮ ਯੋਗਰਾਜ ਸਿੰਘ**

24 ਘੰਟੇ 7 ਦਿਨ ਜਵਾਨਾਂ ਦੀ ਤਰਾਂ ਅੱਜ ਵੀ ਫ਼ਿਲਮੀ ਕੰਮ ਕਰ ਰਹੇ ਨੇ ਯੋਗਰਾਜ ਸਿੰਘ, ਕੋਚ ਬਣ ਖੇਡ ਦੀ ਸਿੱਖਿਆ ਤੇ ਸਮਾਜ ਸੇਵਾ ਵੀ। ਸਭ ਤੋਂ ਵਧੀਆ ਧਰਮ-ਕਰਮ ਨਾਲ ਜੁੜੇ ਹਨ। ਆਪਣੀ ਜੀਵਨ ਸਾਥਣ ਨੀਨਾ ਦਾ ਸਾਥ ਉਹਨਾਂ ਲਈ ਜੀਵਨ ਪ੍ਰੇਰਣਾ ਹੈ।

# ਮੁਰਸ਼ਦ ਲਿਖਵਾਏ ਰਚਨਾਵਾਂ ਆਪ, ਕਹਿੰਦੇ ਨੇ ਬਜ਼ੁਰਗ ਕਵੀ, ਸਾਹਿਤਕਾਰ ਤੇ ਅਧਿਆਤਮਿਕ ਹਸਤੀ ਕੈਲਾਸੀ ਰਾਮ



ਜ਼ਿੰਦਗੀ ਦੇ 85 ਬਸੰਤ, ਪਤਝੜ ਦੇਖ ਲਏ ਨੇ ਤੇ ਅੱਖਾਂ ਦੀ ਤੇਜ਼ ਚਮਕ ਅਜੇ ਵੀ ਗੱਭਰੂਆਂ ਵਾਂਗ ਦੇਖ ਰਹੀ ਏ ਕਲਾਸੀ ਰਾਮ ਦੀ ,ਜਿਹਨਾਂ ਦਾ ਪਾਕਿਸਤਾਨ ਦੀ ਵੰਡ ਨਿੱਕੇ ਹੁੰਦੇ ਦੇਖੀ ਤੇ ਬਚਪਨ ਤੋਂ ਇੱਕ ਅਲੌਕਿਕ ਰੌਸ਼ਨੀ ਦਾ ਚਾਨਣ ਓਹਨਾਂ ਅੰਦਰ ਸੀ ਤੇ ਸਰਕਾਰੀ ਟੀਚਰ ਰਹੇ ਕੈਲਾਸ਼ ਹੋਰਾਂ ਨੂੰ ਜੀਵਨ ਦੀ ਸ਼ਕਤੀ, ਖੁਰਾਕ ਜੀਵਨ ਜਾਚ ਓਹਨਾਂ ਦੀ ਮਾਂ ਨੇ ਦਿਖਾਈ, ਬਹੁਤ ਦਰਦ ਸਹ ਕਿ ਵੀ ਧੁਰ ਅੰ-ਦਰੋਂ ਨਿਕਲਦੇ ਸ਼ਬਦ ਬਣ ਗਏ ਗੀਤ, ਗ਼ਜ਼ਲ, ਕਲਾਮ ਤੇ ਹਰ ਰਚਨਾਨਿਵੇਕਲੀ, ਲਿਖਣ ਦਾ ਸਮਾਂ ਚਲਦੀ ਬੱਸ, ਕਿਤੇ ਜਾਂਦੇ ਹੋਏ ਤੇ ਫਲਸਫਾ ਰੱਬ ਦੀ ਜਾਤ ਨੂੰ ਬੰਦਗੀ ਦਿਓ। ਕਰੋ ਜੀਵਨ ਸਫ਼ਲ, ਗ੍ਰਹਿ ਸਥੀ ਵੀ ਸਹੀ ਅੱਜ ਤਕ ਸੰਭਾਲ ਰਹੇ ਕੈਲਾਸ਼ ਲਿਖਦੇ ਨੇ "ਨੀਅਤ ਨਾਲੋ ਨੀਤੀ ਚੰਗੀ" ਮੱਕੇ ਗਿਆ ਮੇਰੀ ਗੱਲ ਨਾ ਮੁੱਕੀ, ਮੁਰਸ਼ਦ ਭੁੰਜੇ ਬਹਿ ਮੁੱਕਾ ਦਿੱਤੀ। ਰਹੀ ਗੱਲ ਅਧਿਆਤਮਿਕ ਵਾਦ ਦੀ ਤਾਂ ਧੁਰ ਅੰਦਰ ਚਲਦੇ ਓਸ ਰੱਬ ਸੋਹਣੇ ਦੇ ਨਾਂਅ ਦੀ ਬਦੌਲਤ ਤੇ ਟੇਢੇ ਮਸਲੇ ਸੁਲਝਾਏ, ਕੀ ਨੇਤਾ, ਅਭਿਨੇਤਾ, ਸਰਕਾਰੀ ਦਰਬਾਰੀ ਓਹਨਾਂ ਦੇ ਕਦਰ ਦਾਨ ਹਨ। 28 ਮਈ ਨੂੰ ਸ਼ਿਵ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਵਿਜੇ ਮੱਟੂ ਦੀ ਦੇਖ ਰੇਖ ਹੇਠ ਕੈਲਾਸ਼ ਰਾਮ ਹੋਰਾਂ ਦਾ ਵਿਸ਼ੇਸ਼ ਸਨਮਾਨ ਹੋਣ ਜਾ ਰਿਹਾ ਏ,ਸਨਮਾਨ ਨਰੋਈ ਸੋਚ ਦਾ,ਸਨਮਾਨ ਆਦਰਸ਼ ਕਲਮ ਦਾ ਅਦਬ ਤੇ ਲਮੇਰੀ ਉਮਰ ਦਾ ਇਹ ਸ਼ਿਅਰ ਕੈਲਾਸ਼ ਪਰਬਤ ਵਾਂਗ ਸਥਿਰ ਰਹੇ ਆਮੀਨ!

**- ਅੰਮ੍ਰਿਤ ਪਵਾਰ**

# ਬੇਅਦਬੀ ਕਾਂਡ- 'ਭੁਲੇਖੇ' ਵਿੱਚ ਸੰਦੀਪ ਬਰੇਟਾ ਦੀ ਥਾਂ ਕਿਸੇ ਹੋਰ ਨੂੰ ਕਾਬੂ ਕੀਤਾ, ਪੁਲਿਸ ਖਾਲੀ ਪਰਤੀ

**ਫ਼ਰੀਦਕੋਟ-** ਇੱਕ ਦਿਨ ਪਹਿਲਾਂ ਬੰਗਲੌਰ ਦੇ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੰਦੀਪ ਨਾਮ ਦਾ ਵਿਅਕਤੀ ਬੇਅਦਬੀ ਕਾਂਡ ਦਾ ਦੋਸ਼ੀ ਨਹੀਂ ਹੈ, ਬਲਕਿ ਇਹ ਕੋਈ ਹੋਰ ਵਿਅਕਤੀ ਸੀ। ਇਹ ਸੰਦੀਪ ਦਿੱਲੀ ਦਾ ਰਹਿਣ ਵਾਲਾ ਹੈ, ਜਿਸ ਕਰਕੇ ਪੁਲਿਸ ਨੂੰ ਬੰਗਲੌਰ ਹਵਾਈ ਅੱਡੇ ਤੋਂ ਖਾਲ਼ੀ ਹੱਥ ਪਰਤਣਾ ਪਿਆ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਿਰਾਸਤ ਵਿੱਚ ਲਏ ਸੰਦੀਪ ਦਾ ਮੁਹਾਂਦਰਾ ਬੇਦਅਬੀ ਕਾਂਡ ਦੇ ਦੋਸ਼ੀ ਸੰਦੀਪ ਬਰੇਟਾ ਨਾਲ ਮੇਲ ਖਾਂਦੇ ਸਨ ਪਰ ਉੱਥੇ ਪਹੁੰਚ ਕੇ ਜਦੋਂ ਪੂਰੀ ਪੜਤਾਲ ਕੀਤੀ ਗਈ ਤਾਂ ਹਿਰਾਸਤ ਵਿੱਚ ਲਿਆ ਸੰਦੀਪ ਕੋਈ ਹੋਰ ਵਿਅਕਤੀ ਸੀ, ਜਿਸ ਕਰਕੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਹੈ।



## ਕਾਵਿ ਵਿਅੰਗ

# ਨਾਟਕ ਕਰਨਾਟਕਾ ਵਿੱਚ

ਗਾਈ 'ਰਾਗਣੀ' ਵੰਡੀਆਂ ਪਾਉਣ ਵਾ਼ਲੀ
ਸੱਤਾ ਵਾਸਤੇ 'ਸੁਪਨਾ' ਜੋ ਪਾ਼ਲਿਆ ਸੀ।
ਬੇਰੁਜ਼ਗਾਰੀ ਮਹਿੰਗਾਈ ਵਿਕਾਸ ਦੇ ਜੋ
ਅਸਲ ਮੁੱਦਿਆਂ ਤਾਈਂ ਵੀ ਟਾ਼ਲਿਆ ਸੀ।
'ਉੱਤਰ' ਵਾਂਗ ਹੀ 'ਦੱਖਣ' ਦੇ ਵਿੱਚ ਜਾ ਕੇ
ਡਬਲ ਇੰਜਣ ਦਾ ਸ਼ੋਸ਼ਾ ਦਿਖਾ਼ਲਿਆ ਸੀ।
ਮਘਣ ਦਿੱਤੀ 'ਚਿੰਗਾੜੀ' ਨਹੀਂ ਵੋਟਰਾਂ ਨੇ
ਭੈੜੀ ਨਫਰਤ ਦੀ ਅੱਗ ਨੂੰ ਬਾ਼ਲਿਆ ਸੀ।
ਵੋਟਾਂ ਲੈਣ ਲਈ 'ਜੈ ਬਜਰੰਗ' ਕਹਿੰਦੇ
ਚੰਗੇ ਸਮਝੇ ਨਾ 'ਰਾਮ ਦੀ ਵਾਟਕਾ' ਨੇ
ਪਾਟੋ-ਧਾੜ ਦੇ 'ਨਾਟਕ' ਨਹੀਂ ਦੇਖਣੇ ਜੀ
ਦੇ'ਤਾ 'ਕਰਾਰਾ' ਜਵਾਬ ਕਰਨਾਟਕਾ ਨੇ!

**- ਤਰਲੋਚਨ ਸਿੰਘ ਦੁਪਾਲ ਪੁਰ**
**1-408-915-1268**



# ਸ਼ਹੀਦਾਂ ਦੇ ਸਿਰਤਾਜ– ਗੁਰੂ ਅਰਜਨ ਦੇਵ ਜੀ



ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂਅ ਹਿੰਦੂਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਵੇਗਾ। ਉਹਨਾਂ ਨੇ ਜੋ ਧਰਮ ਦੀ ਖਾਤਿਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਣ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀ, ਸਾਰੀ ਦੁਨੀਆ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆ ਦੇ ਕਿਸੇ ਵੀ ਵਿਅਕਤੀ ਨੇ ਅੱਜ ਤਕ ਏਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਿਰ, ਦੇਸ਼ ਧਰਮ ਦੀ ਖਾਤਿਰ ਕੁਰਬਾਨ।/ ਸ਼ਹੀਦੀ ਨਹੀਂ ਦਿੱਤੀ। ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾਂ—ਹਮੇਸ਼ਾਂ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਂਲ ਹੀ ਹੋਵੇਗਾ। ਸਹਿਨਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਅੰਦਰ ਜਿਸ ਵਿਚ ਲੱਖਾਂ ਕਰੋੜਾਂ ਚੰਨ—ਸਿਤਾਰੇ ਚਮਕਦੇ ਸਨ, ਮੁਹੱਬਤ ਦੇ ਉਦੱਮ ਆਦਿ। ਸ਼੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੱਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਮਰ ਕਰ ਲਿਆ ਹੇ। ਸਿੱਖ ਜਗਤ ਵਿੱਚ ਇਸ ਦੀ ਵੱਡਮੁੱਲੀ ਮਹਾਨਤਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨੀ ਕਦਰਾਂ—ਕੀਮਤਾਂ ਨੂੰ ਮੱਦੇ ਨਜ਼ਰ ਰੱਖ ਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕੀਤੀ। ਇਸ ਗ੍ਰੰਧ ਦਾ ਕੋਈ ਵੀ ਸ਼ਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨੀ ਕਦਰਾਂ—ਕੀਮਤਾਂ ਤੋ ਬਾਹਰ ਨਹੀਂ ਜਾ ਸਕਦਾ । ੧ਓ, ਵਾਹਿਗੁਰੂ, ਸਤਿਨਾਂਮ, ਇਸ ਦੇ ਮੂਲ ਸਰੋਤ ਹਨ। ਇਸ ਮਹਾਨ ਗ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਕ ਕਾਰਣਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ।



ਬਲਵਿੰਦਰ ਬਾਲਮ
ਗੁਰਦਾਸਪੁਰ
91-98156-25409

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੋਢੀ ਵੰਸ਼ ਵਿਚ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋ ਸ਼੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਗੁਰੂੰ ਜੀ ਦੇ ਘਰ ਕਾਫੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਪਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ। ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਸੀ, ਪਰ ਆਦਤਨ, ਉਹ ਇਕ ਵਧੀਆਂ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦੇ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਰਾ—ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੇੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਬਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਿਸ ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ—ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।

ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿਹ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨ।, ਕੇਂਦਰੀ ਪੰਜਾਬੀ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਥਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ਰੁਚੀ ਆਦਿ ਨੂੰ ਵੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਣੀ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਘ੍ਰਿਣਾ ਤੇ ਦੁੱਖ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂਅ ਬਾਬਾ ਮਹਾਂਦੇਵ ਸੀ।

ਸ਼੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ਼੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ। ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫੀ ਦਿਲਚਸਪੀ ਸੀ। ਉਹ ਆਖ਼ਰੀ ਦਮ ਤਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੋ ਸੰਨ 1601 ਤੋਂ ਲੈ ਕੇ 1604 ਤਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ—ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਹੈ। ਜਾਤ—ਪਾਤ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ। ਧਰਮ, ਜਾਤ—ਪਾਤ, ਰੰਗ—ਨਸਲ ਤੋਂ ਉਪੱਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ—ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਿਲ ਹਨ ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆਂ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ *ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਿਕ ਪੂਰਾ ਨਹੀਂ ਸਨ ਉਤਰਦੇ ਉਹਨਾਂ ਦੀਆਂ ਰਚਨਾਵਾਂ ਨਹੀ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡੱਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਮਿਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਿਕ ਜਹਾਂਗੀਰ ਤਕ ਗੱਲਾਂ ਪਹੁੰਚਾਣ ਵਿਚ ਕੋਈ ਕਸਰ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜ੍ਹਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁਧ ਕੋਈ ਚਿੰਨ੍ਹ ਤਕ ਨਾ ਮਿਲਿਆ ਦੂਸਰੇ ਪਾਸੇ ਸਭ ਤੋਂ ਜ਼ਿਆਦਾ ਜ਼ੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ— ਮਿਲਾ ਕੇ ਇਹਨਾਂ ਨੇ ਚੁੱਕਿਆ ਦੂਸਰੇ ਪਾਸੇ ਚੰਦੂ ਸ਼ਾਹ ਜ਼ੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਣਾ ਸੀ, ਕਿਉਕਿ ਪ੍ਰਿਥੀ ਦੀ ਵੀ ਸ਼ਾਜਿਸ਼ ਇਸ ਵਿਚ ਸ਼ਾਮਿਲ ਸੀ।

ਚੰਦੂ ਨੇ ਆਪਣੀ ਧੀ ਦੀ ਕੁੜਮਾਣੀ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿਥੇ ਚੰਦੂ ਤੇ ਕਿਥੇ ਉਹ (ਗੁਰੂ ਸਾਹਿਬ)? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ *ਤੇ ਗੁਰੂ ਜੀ ਨੈ ਆਪਣੇ ਸਾਹਿਬਜਾਦੇ ਸ਼੍ਰੀ ਗੁਰੂ ਹਰਗੋਬਿੰਦ ਦੀ ਕੁੜਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੂਹ ਚੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਓਂਦੂ ਸ਼ਾਹ, ਸੇਖ ਅਹਿਮਦ ਸਰਹੱਦੀ ਤੇ ਸ਼ੇਖ ਰੀਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਜੀ ਵਿਰੁਧ ਰਚਨੀਆਂ ਸ਼ੁਰੂ ਕਰ ਦਿੱਤੀਆਂ। ਇਕ ਝੂਠੀ ਸਾਜਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਿਕ ਆਉ ਭਗਤ ਕੀਤੀ ਗਈ ਹੈ, ਤੇ ਇਸਲਾਮ ਵਿਰੁਧ ਭੜਕਾਇਆ ਹੈ। ਸ਼ੇਖ ਅਹਿਮਕ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੈ ਇਹ ਸਾਜ਼ਿਸ ਇਕ ਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜ਼ੁਰਮਾਨਾ ਕਰ ਦਿੱਤਾ। ਜ਼ੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ।ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਤਪਦੀ ਲੋਹ 'ਤੇ ਜਿਸ ਦੇ ਹੇਠਾ ਮਣਾ ਮੂੰਹੀਂ ਬਾਲਣ ਡਾਹਿਆ ਗਿਆ। ਨਾਲ ਸੂਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤਾ ਦੀ ਭਰਮਾਰ, ਪਰ ਗੁਰੂ ਜੀ ਨੇ ਸੀ ਨਾ ਕੀਤੀ। ਭਾਵੇ ਮੀਆਂ ਮੀਰ ਤੇ ਵਜ਼ੀਰ ਖਾ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਂਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਜਾਂ ਤੱਤੀ ਰੇਤ ਵਿਚ ਬੈਠ ਗਏ।ਅੱਗ ਵਰਗੀ ਦੇਗ ਵਿਚ ਕਾਫੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ। ਨੂੰ ਜਹਾਂਗਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਸ਼ਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ।

ਏਕਤਾ, ਸਾਂਝੀਵਾਲਤਾ ਤੇ ਜਾਤ—ਪਾਤ, ਰੰਗ—ਰੂਪ ਤੋਂ ਉੱਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ—ਰਾਮਕਲੀ ਮਹਲਾ ਪ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ। ਕੋਈ ਸੇਵੈ ਗੁਸਈਆਂ ਕੋਈ ਅਲਾਹਿ॥
ਕਾਰਣ ਕਰਣ ਕਰੀਮ। ਕਿਰਪਾ ਧਾਰਿ ਰਹੀਮ॥ ॥ ਰਹਾਉ॥
ਕੋਈ ਨਾਵੇ ਤੀਰਥਿ ਕੋਈ ਹਜ ਜਾਇ।
ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਦੈ ਨੀਲ ਕੋਈ ਸੁਪਦ॥॥
ਕੋਈ ਕਹੈ ਛੁਰਕੁ ਕੋਈ ਕਹੈ ਹਿੰਦੂ। ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ। ਪ੍ਰਭੂ ਸਾਹਿਬ ਕਾ ਤਿਨਿ ਭੇਦੂ ਜਾਤਾ॥

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਜੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾਂ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗਾਉੜੀ ਵਿੱਚ ਬਾਵਨ ਅੱਖਰੀ 57 ਸ਼ਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ ਬਿਤੀ। ਟਾਸਾ ਵਿਚ ਬਿਹਰਤੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੂਲੀਆਂ 3 ਸੋਲਹੇ 14 ਸ਼ਬਦ। ਕੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, ਚੋ ਬੋਲੇ॥ ਸਵੈਯੈ 9, ਸਵੈਯੇ॥ ਇਹਨਾਂ ਤੋਂ ਇਲਾਵਾ ਸਲੋਕ ਵੀ ਜੋ ਵਾਰਾਂ ਨਾਲ ਦਰਜ਼ ਹਨ । ਉਹਨਾਂ ਸਾਰੇ ਸਲੋਕਾਂ ਦੀ ਗਿਣਤੀ 255 ਹੈ ਇਹਨਾਂ ਵਾਰਾਂ ਤੋਂ ਵਧੇ ਹੋਏ ਸਲੋਕਾਂ ਦਾ ਸੰਗ੍ਰਹਿ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਦਰਜ਼ ਹੈ। ਉਹਨਾਂ ਦੀ ਗਿਣਤੀ 22 ਹੈ।

ਸਾਰੇ ਰਲਾ ਕੇ ਗੁਰੂ ਅਰਜਨ ਦੇਵ ਦੇ 277 ਸਲੋਕ ਹਨ। ਇਣਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਊੜੀਆਂ ਹਨ। ਆਦਿ। ਕੁਲ 2312 ਸ਼ਬਦ ਹਨ।

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ 43 ਸਾਲ ਇਕ ਮਹੀਨਾ 16 ਦਿਨ ਦੀ ਉਮਰ ਭੋਰ ਕੇ ਸ਼ਹੀਦ ਹੋਏ ਸਨ। ਉਹਨਾਂ ਨੇ ਏਨੀ ਊਮਰ ਵਿਚ ਉਹ ਕਾਰਜ ਕੀਤੇ ਹਨ ਜ਼ੋ ਹਮੇਸ਼ਾ—ਹਮੇਸ਼ਾਂ ਹਿੰਦੂਸਤਾਨ ਦੇ ਇਤਿਹਾਸ ਵਿਚ ਹੀ ਨਹੀ ਦੁਨੀਆਂ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਜੀਵਤ ਰਹਿਣਗੇ। ਉਹ ਸ਼ਹੀਦ ਹੋ ਕੇ ਵੀ ਜ਼ਿੰਦਾ ਹਨ। ਉਹਨਾਂ ਦੇ ਕਾਰਜ ਸਦਾ ਲਈ ਰਹਿਬਰੀ ਦਾ ਕੰਮ ਕਰਦੇ ਰਿਹਣਗੇ। ਸਿੱਖ ਜਗਤ ਵਿਚ ਉਹਨਾਂ ਦਾ ਮਹਾਨ ਸਥਾਨ ਹੈ।

## ਸ੍ਰੀ ਗੁਰੂ ਅਰਜਨ ਦੇਵ ਜੀ

ਜੂਨ ਦਾ ਮਹੀਨਾ ਗਰਮੀ ਸੀ ਕਹਿਰ ਦੀ ।
ਮਘਦੀ ਸੀ ਧੁੱਪ ਸਿਰ 'ਤੇ ਦੁਪਹਿਰ ਦੀ ।
ਤੱਤੀ ਤਵੀ ਉਤੇ ਗੁਰੂ ਸਾਹਿਬ ਬਹਿ ਗਏ ।
ਜ਼ਾਲਿਮਾਂ ਦਾ ਹੋ ਜਾਏਗਾ ਨਾਸ਼ ਕਹਿ ਗਏ ।
ਪਾ ਕੇ ਸ਼ਹੀਦੀ ਇਤਿਹਾਸ ਰਚ ਗਏ ।
ਸੂਰਜ ਦੇ ਵਾਂਗ ਇਕ ਆਸ ਰਚ ਗਏ ।
ਇਹੋ ਜਿਹਾ ਦੁਨੀਆਂ 'ਤੇ ਹੋਰ ਹੋਣਾ ਨਈ ।
ਆਪਾ ਜ਼ਿੰਦਗਾਨੀ ਦਾ ਕਿਸੇ ਵੀ ਖੋਣ੍ਹਾਂ ਨਈ,
ਸਾਲ ਤਰਤਾਲੀ ਤੇ ਮਹੀਨਾ, ਸੋਲ੍ਹਾਂ ਦਿਨ ।
ਸ਼ਹੀਦੀ ਨੂੰ ਉਹ ਦੇ ਗਏ ਸਦੀਆਂ ਦੇ ਛਿਣ ।
ਗੁਰੂ ਰਾਮ ਦਾਸ ਜੀ ਦੇ ਘਰ ਪੈਦਾ ਹੋਏ ।
ਫਿਰ ਮਾਤਾ ਭਾਨੀ ਜੀ ਦੀ ਖੁਸ਼ੀ ਨਾ ਸਮੋਏ ।

ਜਨਮ ਸਥਾਨ ਸੀਗਾ ਗੋਇੰਦਵਾਲ ਜੀ,
ਨੇਕੀ ਵਾਲੇ ਫੁਲਾਂ ਨਾਲ ਭਰੀ ਡਾਲ ਜੀ,
ਹੋਇਆ ਸੀ ਵਿਆਹ ਮਾਤਾ ਗੰਗਾ ਨਾਲ ਜੀ,
ਪੈਦਾ ਹੋਏ ਫਿਰ ਹਰਿਗੋਬਿੰਦ ਲਾਲ ਜੀ,
ਅੰਮ੍ਰਿਤਸਰ ਪ੍ਰਚਾਰ ਦਾ ਸਥਾਨ ਸੋਹਣਾ ਸੀ ।
ਵਾਤਾਵਰਨ ਕੁਦਰਤ ਦਾ ਮਨਮੋਹਣਾ ਸੀ ।
ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਹੋਏ ਨੇ ।
ਗ੍ਰੰਥ ਦੀ ਸੰਪਾਦਨਾ ਦੇ ਦਾਤਾ ਹੋਏ ਨੇ ।
ਚੌਦਾਂ ਸੌ ਤੀਹ ਪੰਨਿਆਂ ਨੂੰ ਸਿਰਜਿਆ ।
ਸੱਚੇ ਸੁੱਚੇ ਕਵੀਆਂ ਨੂੰ ਮਾਣ ਬਖਸ਼ਿਆ ।
ਭੱਟ, ਗੁਰਸਿੱਖ, ਭਗਤਾਂ ਦੀ ਬਾਣੀ ਹੈ ।
ਗੁਰੂ ਜੀ ਦੀ ਬਾਣੀ ਇਸ 'ਚ ਲਾਸਾਨੀ ਹੈ ।

ਜਾਤ ਪਾਤ ਰੰਗ ਰੂਪ ਨੂੰ ਤਿਆਗ ਕੇ ।
ਇਨਸਾਨੀ ਕਦਰਾਂ ਤੇ ਕੀਮਤਾਂ ਪਿਆਰ ਕੇ ।
ਗੁਰੂ ਜੀ ਦੇ ਦੋ ਸੌ ਸਤੱਤਰ ਸਲੋਕ ਨੇ ।
ਚੰਨ ਅਤੇ ਤਾਰਿਆਂ ਦੇ ਵਾਂਗ ਬੋਲ ਨੇ ।
ਉਹਨਾਂ ਦਾ ਸੀ ਯਾਰ ਮੀਆਂ ਮੀਰ ਬਾਲਮਾ ।
ਉੱਚ ਕੋਟੀ ਵਾਲਾ ਸੀ ਫ਼ਕੀਰ 'ਬਾਲਮ' ।
ਇਹੋ ਜਿਹੇ ਯਾਰਾਨੇ ਟਾਂਵੇਂ-ਟਾਂਵੇਂ 'ਬਾਲਮਾ' ।
ਜਗਦੇ ਨੇ ਦੀਵੇ ਛਾਂਵੇਂ-ਛਾਂਵੇਂ 'ਬਾਲਮਾ' ।
ਸੂਰਜ ਦਾ ਜਗਦਾ ਪੈਗ਼ਾਮ ਰਵੇਗਾ ।
ਗੁਰੂ ਜੀ ਦਾ ਜੱਗ ਉਤੇ ਨਾਮ ਰਵੇਗਾ ।

ਬਲਵਿੰਦਰ 'ਬਾਲਮ'
91-98156-25409



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
# and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust